New Location
Punjab Insurance Agency Inc.
Super Visa Insurance
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਵੀ ਫੋਨ ਕਰ ਸਕਦੇ ਹੋ।
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
Funded by the Government of Canada | Financé par le gouvernement du Canada | Canada
SINCE : 2007
: www.thepunjabtimes.ca
: canadianpunjabtimes@gmail.com
Vol - 18 | 15 November, 2024 | ੩੦ ਕੱਤਕ ਨਾਨਕਸ਼ਾਹੀ ਸੰਮਤ ੫੫੬ | Ph.: 604-338-7310 | FAX : 604-572-3638 | /canadianpunjabtimes

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar
(Pasla)
604-597-0991
778-895-7444
: icc.accounting@yahoo.ca
: 8740 - 140A St., Surrey, BC V3W 0M4

# ਬੀ.ਸੀ. ਦੇ ਪ੍ਰੀਮੀਅਰ ਡੇਵਿਡ ਈਬੀ ਅਤੇ ਨਵੇਂ ਬਣੇ ਵਿਧਾਇਕਾਂ ਨੇ ਚੁੱਕੀ ਸਹੁੰ

## ਸਹੁੰ ਚੁੱਕ ਸਮਾਗਮ ਦੌਰਾਨ ਸਾਬਕਾ ਪ੍ਰੀਮੀਅਰ ਜੌਨ ਹੋਰਗਨ ਨੂੰ ਭੇਂਟ ਕੀਤੀ ਗਈ ਸ਼ਰਧਾਂਜ਼ਲੀ



ਸਰੀ, (ਸਿਮਰਨਜੀਤ ਸਿੰਘ): ਬ੍ਰਿਟਿਸ਼ ਕੋਲੰਬੀਆ ਦੇ ਮੁੱਖ ਮੰਤਰੀ ਡੇਵਿਡ ਈਬੀ ਅਤੇ ਉਨ੍ਹਾਂ ਦੇ 46 ਨਵੇਂ ਡੈਮੋਕਰੈਟਿਕ ਵਿਧਾਇਕ ਨੇ ਵਿਕਟੋਰੀਆ ਵਿੱਚ ਬੀ.ਸੀ. ਦੀ ਵਿਧਾਨ ਸਭਾ ਵਿਚ ਸਹੁੰ ਸਮਾਰੋਹ ਦੌਰਾਨ ਆਪਣੇ ਅਗਲੇ ਕਾਰਜਕਾਲ ਲਈ ਸਹੁੰ ਚੁੱਕੀ । ਇਹ ਸਮਾਰੋਹ ਸਾਬਕਾ ਮੁੱਖ ਮੰਤਰੀ ਜੌਨ ਹੋਰਗਨ ਦੀ ਮੌਤ ਦੇ ਸਿਰਫ ਇੱਕ ਦਿਨ ਬਾਅਦ ਕਰਵਾਇਆ ਗਿਆ ਅਤੇ ਇਸ ਦੌਰਾਨ ਉਨ੍ਹਾਂ ਨੂੰ ਵੀ ਯਾਦ ਕਰਦੇ ਹੋਏ ਸ਼ਰਧਾਂਜ਼ਲੀ ਭੇਂਟ ਕੀਤੀ ਗਈ। ਮੁੱਖ ਮੰਤਰੀ ਈਬੀ ਨੇ ਸਮਾਰੋਹ ਵਿੱਚ ਸਾਬਕਾ ਮੁੱਖ ਮੰਤਰੀ ਹੋਰਗਨ ਦੀ ਉਪਸਥਿਤੀ ਮਹਿਸੂਸ ਕਰਨ ਅਤੇ ਉਨ੍ਹਾਂ ਦੇ ਸੰਦੇਸ਼ ਨੂੰ ਗ੍ਰਹਿਣ ਕਰਨ ਦੀ ਗੱਲ ਕਹੀ। ਉਹਨਾਂ ਕਿਹਾ, “ਜੌਨ ਦੇ ਸ਼ਬਦ ਮੇਰੇ ਲਈ ਅੱਜ ਵੀ ਮਹੱਤਵਪੂਰਨ ਹਨ ਅਤੇ ਉਹ ਅਜੇ ਵੀ ਪਹਿਲਾ ਵਰਗੇ ਹਨ। ਸਾਡੇ ਵਲੋਂ ਬ੍ਰਿਟਿਸ਼ ਕੋਲੰਬੀਆ ਦੇ ਹਰ ਹਿੱਸੇ ਦੇ ਲੋਕਾਂ ਦੀ ਹਮਾਇਤ ਕੀਤੀ ਜਾਵੇਗੀ ਅਤੇ ਪੇਂਡੂ ਇਲਾਕਿਆਂ ਵਿੱਚ ਰਹਿੰਦੇ ਲੋਕਾਂ ਦੀਆਂ ਤਰਜੀਹਾਂ ਨੂੰ ਵੀ ਇਥੇ ਵਿਧਾਨ ਸਭਾ ਵਿੱਚ ਉਹੀ ਅਹਿਮੀਅਤ ਅਤੇ ਪ੍ਰਭਾਵ ਦੇਣਾ ਚਾਹੀਦਾ ਹੈ, ਜਿਸਦਾ ਉਹ ਹੱਕਦਾਰ ਹਨ।”

ਮੁੱਖ ਮੰਤਰੀ ਈਬੀ ਨੇ ਆਪਣੀ ਚੋਣ ਪ੍ਰਚਾਰ ਮੁਹਿੰਮ ਦੌਰਾਨ ਦਿੱਤੇ ਏਜੰਡੇ ਨੂੰ ਅੱਗੇ ਵਧਾਉਣ ਦੀ ਆਪਣੀ ਉਤਸੁਕਤਾ ਵੀ ਪ੍ਰਗਟ ਕੀਤੀ। ਉਹਨਾਂ ਕਿਹਾ ਕਿ ਉਹਨਾਂ ਦੀ ਸਰਕਾਰ ਅਤੇ ਮੰਤਰੀ ਮੰਡਲ ਕਿਫਾਇਤੀ ਮਕਾਨ, ਮਜ਼ਬੂਤ ਅਤੇ ਸੁਰੱਖਿਅਤ ਭਾਈਚਾਰਕ ਰਚਨਾ, ਅਤੇ ਸਿਹਤ ਸੇਵਾਵਾਂ ’ਤੇ ਕੇਂਦਰਿਤ ਰਹਿਣਗੇ।

ਮੁੱਖ ਮੰਤਰੀ ਨੇ ਸਾਫ਼ ਕਿਹਾ ਕਿ ਉਹ ਸਾਰੇ ਉਹਨਾਂ ਵਿਧਾਇਕਾਂ ਨਾਲ ਕੰਮ ਕਰਨਾ ਚਾਹੁੰਦੇ ਹਨ ਜੋ ਉਨ੍ਹਾਂ ਦੇ ਉਦੇਸ਼ਾਂ ਨਾਲ ਸਾਂਝੇ ਵਿਚਾਰ ਰੱਖਦੇ ਹਨ। ਉਹਨਾਂ ਕਿਹਾ, “ਅਸੀਂ ਇਹ ਯਕੀਨੀ ਬਣਾਉਣ ਲਈ ਕੰਮ ਕਰਨਾ

• ਬਾਕੀ ਸਫ਼ਾ 11 ‘ਤੇ

# ਐਨ.ਡੀ.ਪੀ. ਆਗੂ ਜਗਮੀਤ ਸਿੰਘ ਵੱਲੋਂ ਰੋਜ਼ਾਨਾ ਵਰਤੋਂ ਦੀਆਂ ਜ਼ਰੂਰੀ ਚੀਜ਼ਾਂ ’ਤੇ ਜੀ.ਐਸ.ਟੀ. ਤੋਂ ਛੂਟ ਦੇਣ ਦਾ ਵਾਅਦਾ



ਸਰੀ, (ਸਿਮਰਨਜੀਤ ਸਿੰਘ): ਐਨ.ਡੀ.ਪੀ. ਦੇ ਮੁੱਖ ਆਗੂ ਜਗਮੀਤ ਸਿੰਘ ਨੇ ਵਾਅਦਾ ਕੀਤਾ ਹੈ ਕਿ ਜੇ ਅਗਲੀਆਂ ਹੋਣ ਵਾਲੀਆਂ ਫੈਡਰਲ ਚੋਣਾਂ ਵਿਚ ਉਨ੍ਹਾਂ ਦੀ ਪਾਰਟੀ ਸੱਤਾ ਵਿੱਚ ਆਉਂਦੀ ਹੈ, ਤਾਂ ਉਹ ਰੋਜ਼ਮਰਾ ਦੀਆਂ ਜ਼ਰੂਰੀ ਚੀਜ਼ਾਂ ਉੱਤੇ ਲਾਗੂ ਜੀ.ਐਸ.ਟੀ. ਨੂੰ ਹਟਾ ਦੇਣਗੇ। ਇਹ ਐਲਾਨ ਉਨ੍ਹਾਂ ਨੇ ਵੀਰਵਾਰ ਨੂੰ ਟੋਰਾਂਟੋ ਦੇ ਕੈਨੇਡੀਅਨ ਕਲੱਬ ਵਿੱਚ ਆਯੋਜਿਤ ਇੱਕ ਪ੍ਰੋਗਰਾਮ ਦੌਰਾਨ ਕੀਤਾ।

ਉਨ੍ਹਾਂ ਕਿਹਾ, "ਐਨਡੀਪੀ ਤੁਹਾਨੂੰ ਤੁਹਾਡੀਆਂ ਰੋਜ਼ਾਨਾ ਦੀਆਂ ਜ਼ਰੂਰੀ ਚੀਜ਼ਾਂ ਅਤੇ ਮਹੀਨਾਵਾਰ ਬਿੱਲਾਂ 'ਤੇ ਛੂਟ ਦੇਣ ਜਾ ਰਹੀ ਹੈ।" ਉਨ੍ਹਾਂ ਨੇ ਸਪਸ਼ਟ ਕੀਤਾ ਕਿ ਇਹ ਛੂਟ ਗਰਮੀ ਦੀ ਵਸਤੂਆਂ, ਸੈੱਲ ਫੋਨ ਦੇ ਬਿੱਲ, ਇੰਟਰਨੈਟ, ਅਤੇ ਭੋਜਨ ਖਰੀਦਦਾਰੀ ਸਮੇਤ ਬੱਚਿਆਂ ਦੀਆਂ ਜ਼ਰੂਰਤਾਂ 'ਤੇ ਜੀਐਸਟੀ ਹਟਾ ਕੇ ਕੀਤੀ ਜਾਵੇਗੀ।

ਐਨਡੀਪੀ ਦੇ ਬਿਆਨ ਅਨੁਸਾਰ, ਉਨ੍ਹਾਂ ਦੀ ਸਰਕਾਰ ਦੁਆਰਾ ਗ੍ਰੋਸਰੀ ਸਟੋਰਾਂ ਦੇ ਭੋਜਨ ਅਤੇ ਬੱਚਿਆਂ ਦੇ ਡਾਇਪਰ ਵਰਗੀਆਂ ਵਸਤੂਆਂ ਤੋਂ ਵੀ ਜੀਐਸਟੀ ਹਟਾ ਦਿੱਤੀ ਜਾਵੇਗੀ। ਇਸ ਦੇ ਨਾਲ ਹੀ, ਬੱਚਿਆਂ ਦੇ ਕੱਪੜਿਆਂ 'ਤੇ ਵੀ ਜੀਐਸਟੀ ਨੂੰ ਹਟਾਉਣ ਦੀ ਯੋਜਨਾ ਹੈ। ਜਗਮੀਤ ਸਿੰਘ ਨੇ

• ਬਾਕੀ ਸਫ਼ਾ 11 ‘ਤੇ

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA
CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ
604-562-7000, 604-314-0000
#397-8148-128 ST.
(PAYAL BUSINESS CENTRE) SURREY

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਗੁਰੂ ਨਾਨਕ ਸਾਹਿਬ ਜੀ ਦੇ 555ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ
FAST SERVICE AND COMPETITIVE RATES
S&S INSURANCE SERVICE
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW
604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC

JAS ARORA NOTARY CORPORATION
ਅਸੀਂ ਲਾਈਫ ਸਰਟੀਫਿਕੇਟ ਦੀਆਂ ਸੇਵਾਵਾਂ ਮੁਫ਼ਤ ਦਿੰਦੇ ਹਾਂ।
OUR SERVICES
- Affidavits
- Invitation Letters
- Sale/ Purchase / Mortgage
- Travels Consent Letters
- Statutory Declarations
- Power of Attorney
- Sponsorship Letters
Jaswant K. Arora
Notary Public, MA (ALS), MA (Eng.Punjabi)
778-386-9189
#109A-12888 80 Avenue Surrey BC
Email : jas@jasaroranotary.com | Website : jasaroranotary.com


Keep Smiling Denture Clinic
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ
ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
If you have received Canadian Dental Care Plan Card. Book appointment
Gagan Chahal R.D.
Registered Denturist
Book Your Appointment
778-600-0811 13117-67A Ave, Surrey, BC 778-600-0810 2644 Cyril St Abbotsford BC

IATA Accredited Agent
SIDHU TRAVEL LTD.
Email : sidhutravel13@gmail.com
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
RANI SIDHU : 604-504-3400, AMAN SANDHU : 604-800-3003
3497 Nightingale Dr. Abbotsford, B.C.
Unit 109-12830 80 Ave, York Centre Surrey

ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey

PEST CONTROL
RESIDENTIAL & COMMERCIALS
SAFE EFFECTIVE SOLUTIONS
Rats, Mice
Ant, Fire Brats
House Flies
Termites
Spider | Fleas
Bed Bugs
Cockroaches
Silver Fish
ALL SERVICES GUARANTEED
ਅਸੀਂ ਘਰਾਂ ਅਤੇ ਕਮਰਸ਼ੀਅਲ ਥਾਵਾਂ 'ਤੇ ਬਹੁਤ ਹੀ ਵਾਜਿਬ ਕੀਮਤਾਂ 'ਤੇ ਸਰਵਿਸ ਦਿੰਦੇ ਹਾਂ।
Randhir (Randy)
nppestcontrol05@gmail.com
778-683-8964, 778-895-6655

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE


ੴ
ਕਿਰਤ ਕਰੋ
ਨਾਮ ਜਪੋ
ਵੰਡ ਛਕੋ
ਸ੍ਰੀ ਗੁਰੂ ਨਾਨਕ ਦੇਵ ਜੀ ਦੇ
555ਵੇਂ ਪ੍ਰਕਾਸ਼ ਪੁਰਬ
ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ
ਕਿਰਤ ਕਰੋ
ਨਾਮ ਜਪੋ
ਵੰਡ ਛਕੋ
ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ
ACME
TRANSPORT LTD
P: 604-593-5409 | F: 604-593-5408 | Toll Free : 1-855-888-2263 (ACME)
E-mail : dispatch@acmetransport.ca
10170 Grace Road,Surrey, BC, V3V 3V6

# Wishing Everyone a Happy Gurpurab

## ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਦੀਆਂ

# ਲੱਖ ਲੱਖ ਵਧਾਈਆਂ



Honourable

HARJIT

SAJJAN

Member of Parliament, Vancouver South

6406 Victoria Drive

Vancouver,

British Columbia, V5P 3X7

Telephone: 604-775-5323

E-mail : Harjit.sajjan@parl.gc.ca

# HAPPY GURPURAB

## ਗੁਰੂ ਨਾਨਕ ਸਾਹਿਬ ਜੀ ਦੇ 555ਵੇਂ ਪ੍ਰਕਾਸ਼ ਪੁਰਬ ਦੀਆਂ ਲੱਖ ਲੱਖ ਵਧਾਈਆਂ



Jagmeet Singh | ਜਗਮੀਤ ਸਿੰਘ
MP for Burnaby South, Leader of Canada's NDP ਬਰਨਬੀ ਸਾਊਥ ਦੇ ਐਮ.ਪੀ. ਐੱਨ.ਡੀ.ਪੀ. ਦੇ ਲੀਡਰ

4940 Kingsway
Burnaby, BC V5H 2E2
**604-291-8863**
Jagmeet.Singh@parl.gc.ca

JagmeetNDP theJagmeetSingh JagmeetSingh

NDP

ਗੁਰੂ ਨਾਨਕ ਸਾਹਿਬ ਜੀ ਦੇ 555ਵੇਂ ਪ੍ਰਕਾਸ਼ ਪੁਰਬ
ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ ਹੋਣ ਜੀ

Mortgage
Pre-Approved

AMC ANCHOR MORTGAGES CANADA LTD.
MORTGAGE ALLIANCE

# ANCHOR MORTGAGES CANADA

Specilazing in
- Residential • Refinance/Renewal
- Private Mortgage • Construction

ਸ਼ਪੈਸ਼ਲਿਸਟ
- ਰੈਜ਼ੀਡੈਂਸ਼ਲ/ਰੀਨਯੂਲ • ਰੀਫਾਈਨੈਂਸ
- ਪ੍ਰਾਈਵੇਟ ਮੋਰਗੇਜ਼ • ਕੰਨਸਟ੍ਰਕਸ਼ਨ



SPECIAL OFFER
FOR FIRTS-TIME HOME BUYER

APPROVED



GURDEEP (GARY) KALOTI
PH: 778-255-4292

KANWALJIT DHALIWAL
PH: 778-893-7445

CALL US TODAY : 778-882-2345
Email : info@anchormortgagescanada.com
We do Commercial Vehicle loan too!
Address : 2589 Cedar Park Pl unit #204, Abbotsford, BC V2T 3S4




AtoZ

A to Z
Driving School

ਪੰਜਾਬੀ ਵਿੱਚ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰੋ ਅਤੇ
ਲਰਨਿੰਗ ਲਾਇਸੈਂਸ ਪਹਿਲੀ ਵਾਰ 'ਚ ਪਾਸ ਕਰੋ

CLASS 1, 2, 3, 4, 5, 6 &
7 LEARNING LICENSE
ਲੈਣ ਲਈ ਕੋਈ ਫਿਕਰ ਨਾ ਕਰੋ, ਸਾਡੀਆਂ ਬੇਹਤਰੀਨ ਸੇਵਾਵਾਂ
ਤੁਹਾਨੂੰ ਸਫ਼ਲਤਾ ਦਿਵਾਉਣ 'ਚ ਮਦਦਗਾਰ ਹੋਣਗੀਆਂ

ਸਾਰੇ ਟੈਸਟ ਪੰਜਾਬੀ
ਵਿੱਚ ਕੰਪਿਊਟਰ ਤੇ
ਕਰਵਾਉਂਦੇ ਹਾਂ

NSC ਟੈਸਟ ਅਤੇ ਸਿਟੀਜਨਸ਼ਿਪ ਟੈਸਟ ਦੀ ਤਿਆਰੀ ਵੀ ਕਰਵਾਉਂਦੇ ਹਾਂ।

604-614-5365
Unit 15-8388 128 Street, Surrey behind Grand Taj

# “ਬਰੇਕਿੰਗ ਬੈਰੀਅਰ” ਡਾਕੂਮੈਂਟਰੀ, ਸਿੱਖਾਂ ਦੇ ਕੈਨੇਡਾ ਪਰਵਾਸ ਦੀ ਗਾਥਾ

ਸਰੀ: ਤਾਜ ਬੈਂਕੂਅਟ ਹਾਲ ਚ ਮਹਿਮਾਨ ਦਰਸ਼ਕਾਂ ਦਾ ਮੰਤਰ ਮੁਘਦ ਹੋ ਜਾਣਾ ਤੇ ਹਾਲ ਚ ਪਸਰੀ ਖਾਮੋਸ਼ੀ “ਬਰੇਕਿੰਗ ਬੈਰੀਅਰ” ਡਾਕੂਮੈਂਟਰੀ ਦੀ ਸਫਲਤਾ ਦੀ ਗਵਾਹੀ ਹੈ। ਨਿਰਦੇਸ਼ਕ ਵਿੱਕੀ ਢਿਲੋ ਆਪਣੇ ਮਨੋਰਥ ਤੇ ਵਿਸ਼ੇ ਦੀ ਪੇਸ਼ਕਾਰੀ ਚ ਸਫਲ ਰਿਹਾ ਹੈ।ਇਹ ਇਸਦੀ ਪਹਿਲੀ ਕਿਸ਼ਤ ਸੀ ਤੇ ਭਵਿੱਖ ਚ ਬਾਕੀ ਕਿਸ਼ਤਾਂ ਲੈ ਕੇ ਵੀ ਦਰਸ਼ਕਾਂ ਦੇ ਜੱਲਦੀ ਰੂਬਰੂ ਹੋਵੇਗਾ। ਇਹ ਡਾਕੂਮੈਂਟਰੀ ਸ੍ਰ ਟੌਮ ਬਹਾਦਰ ਸਿੰਘ ਸੰਧੜ ਦੇ ਪਰਿਵਾਰ ਦੀ ਹੈ ਤੇ ਉੱਨਾਂ ਦੁਆਰਾ ਹੀ ਪ੍ਰਡਿਊਸ ਕੀਤੀ ਗਈ ਹੈ। ਸਾਡੇ ਵਡੇਰਿਆਂ ਦੇ ਸਿਰੜ, ਸਿਦਕ ਤੇ ਹਿੰਮਤ ਹੌਸਲੇ ਨਾਲ ਕੀਤੇ ਸੰਘਰਸ਼ ਦੀ ਕਹਾਣੀ ਹੈ।




ਅਫਰੀਕਨ ਮੂਲ ਦੀ ਅੰਗਰੇਜ਼ੀ ਚ ਲਿਖਣ ਵਾਲੀ ਕਵਿੱਤਰੀ “ਵਾਰਸਨ ਸ਼ਾਇਰ” (ਂਓਰਸਓਨ ਸ਼ਹਿਰਏ) ਪ੍ਰਵਾਸ ਵਾਰੇ ਲਿਖਦੀ ਹੈ ਕਿ”ਕੋਈ ਆਪਣਾ ਘਰ ਉੱਨਾਂ ਚਿਰ ਨਹੀ ਛੱਡਦਾ ਬਾਸ਼ਰਤੇ ਕਿ ਉਹ ਮੌਤ ਦਾ ਮੂੰਹ ਬਣ ਜਾਵੇ” ਉੱਨੀਵੀਂ ਸਦੀ ਦਾ ਅਖੀਰਲਾ ਦਹਾਕਾ ਤੇ ਵੀਹਵੀਂ ਸਦੀ ਦਾ ਪਹਿਲਾ ਦਹਾਕਾ ਚ ਸਿੱਖਾਂ ਦੇ ਕਨੇਡਾ ਪ੍ਰਵਾਸ ਦਾ ਮੁੱਡ ਬੱਝਦਾ ਹੈ ਤੇ 1906 ਤੱਕ ਕਨੇਡਾ ਚ ਸਿੱਖਾਂ ਦੀ ਗਿਣਤੀ ਦੱਸ ਹਜ਼ਾਰ ਦੇ ਲੱਗਭੱਗ ਹੋ ਚੁੱਕੀ ਸੀ। ਗੋਰਿਆਂ ਦੇ ਅਖਬਾਰਾਂ ਚ ਇਸ ਵਾਰੇ “ਪੱਗਾਂ ਦਾ ਹੜ” (Flood of Turbans) ਨਾਲ ਮੁੱਖ ਪੰਨਿਆਂ ਤੇ ਸੁਰਖ਼ੀਆਂ ਨਾਲ ਬਾਕਾਇਦਾ ਲੇਖ ਛੱਪਦੇ ਹਨ।

ਸਿੱਖ ਮਾਨਸਿਕਤਾ ਸਿੱਖ ਰਾਜ ਖੁੱਸਣ ਕਰਕੇ ਕਾਫੀ ਆਹਤ ਸੀ।ਪੰਜਾਬ ਤੇ ਅੰਗਰੇਜ਼ਾਂ ਦੇ ਕਬਜ਼ੇ ਤੋਂ ਬਾਦ ਅਜੇ ਸਿੱਖਾਂ ਦਾ ਦਮਨ ਜਾਰੀ ਸੀ। ਸਿੱਖਾਂ ਦੀ ਨਿਸਬਤ ਪੂਰਬੀਆ ਨੂੰ ਸਰਕਾਰੀ ਅਦਾਰਿਆਂ ਚ ਨੌਕਰੀਆਂ ਦਿੱਤੀਆਂ ਜਾ ਰਹੀਆਂ ਸਨ। ਜਿਵੇਂ ਕਿ ਅੱਜਕਲ ਪੰਜਾਬ ਚ ਹੋ ਰਿਹਾ ਹੈ।

“ਬਰੇਕਿੰਗ ਬੈਰੀਅਰ” ਡਾਕੂਮੈਟਰੀ ਦੇ ਪ੍ਰਡਿਊਸਰ ਤੇ ਮੇਨ ਵੱਕਤਾ ਸ੍ਰ ਟੌਮ ਬਹਾਦਰ ਸਿੰਘ ਸੁੰਧੜ ਦਾ ਦਾਦਾ ਸ੍ਰ ਭਾਨ ਸਿੰਘ ਵੀ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਦੋਆਬੇ ਦੇ ਪਿੰਡ ਕੋਟਲੀ ਥਾਨ ਸਿੰਘ ਤੋ ਕਨੇਡਾ ਦਾ ਸਫ਼ਰ ਸ਼ੁਰੂ ਕਰਦਾ ਹੈ। ਮਹੀਨਿਆਂ ਵੱਧੀ ਸੰਮੁੰਦਰੀ ਸਫ਼ਰ ਕਰਨ ਤੋਂ ਬਾਦ ਵੈਨਕੋਵਰ ਬੰਦਰਗਾਹ ਤੇ ਜਹਾਜ ਪੁੱਜਦਾ ਹੈ। ਮਾਲ ਸਮਾਨ ਉਤਾਰ ਲਿਆ ਜਾਂਦਾ ਹੈ ਪਰ ਯਾਤਰੀਆਂ ਨੂੰ ਉਤਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ। ਸ੍ਰ ਭਾਨ ਸਿੰਘ ਹੋਰੀਂ ਵਿਕਟੋਰੀਆ ਜਾ ਉੱਤਰਦੇ ਹਨ। ਓਪਰੀ ਧਰਤੀ ਓਪਰੇ ਲੋਕ ਅਣਸੁਖਾਵਾਂ ਮੌਸਮ ਓਪਰਾ ਰਹਿਣ ਸਹਿਣ,ਬੈਠਣ ਉੱਠਣਾ ਤੇ ਖਾਣ ਪੀਣ ਵੀ ਬਿਲਕੁੱਲ ਵੱਖਰਾ। ਉਸਤੋਂ ਬਾਦ ਪੋਰਟ ਅਲਬਰਨੀ ਸੈਟ ਹੁੰਦੇ ਹਨ ਤੇ ਹੌਲੀ ਹੌਲੀ ਆਪਣਾ ਕਾਰੋਬਾਰ ਸਥਾਪਤ ਕਰਦੇ ਹਨ ਤੇ ਉਸ ਦਾ ਅਗਾਂਹ ਹੋਰ ਪਸਾਰ ਵੀ ਕਰਦੇ ਹਨ। ਬੱਚਿਆਂ ਨੂੰ ਵਧੀਆ ਸਕੂਲਾਂ ਯੁਨੀਵਰਸਿਟੀਆਂ ਚ ਪੜਾਉਂਦੇ ਹਨ। ਅੱਜ ਜਿਹੜੇ ਸਿੱਖਾਂ ਦੇ ਕਨੇਡਾ ਵੱਡੇ ਵੱਡੇ ਕਾਰੋਬਾਰ ਵਪਾਰ ਤੇ ਵੱਡੀਆਂ ਵੱਡੀਆਂ ਮਾਲਕੀਅਤਾਂ ਹਨ ਉੱਨਾਂ ਸਾਰਿਆਂ ਦੇ ਪਿੱਛੇ ਅਜਿਹੀ ਹੀ ਕੋਈ ਨਾ ਕੋਈ ਕਹਾਣੀ ਹੈ, ਅਜਿਹੀ ਕੋਈ ਘਾਲਣਾ ਹੈ ਸੰਘਰਸ਼ ਹੈ।

“ਬਰੇਕਿੰਗ ਬੈਰੀਅਰ” ਡਾਕੂਮੈਂਟਰੀ ਦੇਖਦੇ ਹੋਏ ਮੇਰਾ ਧਿਆਨ ਅੰਗਰੇਜੀ ਦੇ ਕਲਾਸਿਕ ਨਾਵਲ “ਅੰਕਲ ਟੌਮ ਦੀ ਝੌਂਪੜੀ”(ਨਚਲਏ ਠੋਮ’ਸ ਛਓਬਿਨ) ਯਾਦ ਆ ਗਿਆ ਉਹ ਇੱਕ ਅਫਰੀਕਨ ਗੁਲਾਮ ਦੀ ਕਹਾਣੀ।

ਟੌਮ ਸੰਧੜ ਦੇ ਦਾਦੇ ਸ੍ਰ ਭਾਨ ਸਿੰਘ ਤੇ ਅੰਕਲ ਟੌਮ ਦੀ ਹੋਣੀ ਤੇ ਹਾਲਾਤ ਕੋਈ ਜ਼ਿਆਦਾ ਵੱਖਰੇ ਨਹੀਂ ਹਨ। ਸਾਡੇ ਵਡੇਰਿਆਂ ਦੀਆਂ ਕਹਾਣੀਆਂ,ਬਿਰਤਾਂਤ ਤੇ ਸੰਘਰਸ਼ ਮਹਾਂਕਾਵਿਕ ਹਨ ਪਰ ਸਾਡੇ ਕੋਲ ਉੱਨਾਂ ਬਿਰਤਾਂਤਾਂ ਨੂੰ ਸਾਡਾ ਕੋਈ ਲੇਖਕ ਜਾਂ ਬਿਰਤਾਂਤਕਾਰ ਜਾਂ ਕਵੀ ਉਸ ਪੱਧਰ ਤੇ ਉਸ ਕੈਨਵਸ ਤੇ ਲਿਖ ਜਾਂ ਪੇਸ਼ ਨਹੀ ਕਰ ਸਕਿਆ। ਜਿਸ ਪੱਧਰ ਤੇ “ਅੰਕਲ ਟੌਮ ਦੀ ਝੌਂਪੜੀ” ਦੀ ਲੇਖਕਾ ਹੈਰੀਅਟ ਵੀਚਰ ਸਟੋ (Hariret Beecher Stowe) ਪੇਸ਼ ਕਰਦੀ ਹੈ ਤੇ ਇਹ ਨਾਵਲ ਕਰੋੜਾਂ ਦੀ ਗਿਣਤੀ ਚ ਵਿੱਕਦਾ ਹੈ ਤੇ ਕਈ ਭਸ਼ਾਵਾਂ ਚ ਅਨੁਵਾਦ ਹੁੰਦਾ ਹੈ। “ਬਰੇਕਿੰਗ ਬੈਰੀਅਰ” ਉਸ ਕਮੀ ਦੀ ਇੱਕ ਭਰਪਾਈ ਹੈ। ਟੌਮ ਸੰਧੜ ਭਾਂਵੇ ਕੋਈ ਪਿਸ਼ਾਵਰ ਕਲਾਕਾਰ ਨਹੀ ਪਰ ਉਸਦੀ ਅਦਾਕਾਰੀ ਤੇ ਸੰਵਾਦਾਂ ਦਾ ਨਿਭਾ ਕਿਸੇ ਪੇਸ਼ਾਵਰ ਕਲਾਕਾਰ ਤੋ ਘੱਟ ਨਹੀ। ਆਪਣੇ ਇਸ ਯਤਨ ਵਿੱਚ ਰਵੀ ਢਿਲੋ ਕਾਮਯਾਬ ਹੈ ਤੇ ਵਧਾਈ ਦਾ ਪਾਤਰ ਹੈ। ਹੋ ਸਕੇ ਤਾਂ ਇਸ ਡਾਕੂਮੈਂਟਰੀ ਨੂੰ ਪੰਜਾਬੀ ਵਿੱਚ ਵੀ ਡੱਬ ਕੀਤਾ ਜਾਵੇ।


NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ। ਮੁਫ਼ਤ ਸਲਾਹ
“Over 20 years experience as Denturist”
- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।

BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)



Gaba Tire
All TIRES AVAILABLE (AS, AT & MT)
CAR DETAILING Starting at $100
Free Delivery in Surrey
» 185/65/15 All-season
» 195/65/15
» 205/55/16
» 205/60/16
» 235/45/18 4 Tire 499$ Free install + Tax
» 4 Tire 299$ Free install + Tax
» 33/15/20 4 Mud Tire 10 ply
» 35/12.50/20 4 Mud Tire 10 ply
» 999$ Free install+Tax
2 YEARS 50000 KM WARRANTY
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
CHILLIWACK
45877-HOCKING AVE
604-316-3643
BACK SIDE OF CHILLIWACK TAXI :
ABBOTSFORD
31324 - 107 Peardonville Rd
604-897-3235
604-746-4222
www.gabaautodetailing.com



DHESI MEAT SHOP
SERVING THE COMMUNITY FOR OVER 16 YEARS.
FOR BEST & FRESH MEAT, VISIT US!
Tandoori Chicken, Lemon Chicken, Goat, Lamb & Pork Tandoori Fish, Shish-Kabab also Supply Fresh Cut Meat.
NOW SERVING IN 3 LOCATIONS
King George Blvd (Bear Creek) 106-13588-88 Avenue Surrey, BC V3W 3K8, 604-501-2277
Fleetwood Location : 104-15933 Fraser Hwy, Surrey, BC V4N 0Y3, 604-593-5222
Sullivan Heights : #102 - 14330 - 64 Ave Surrey, BC, 604-503-2880



SIDHU BROTHERS ACCOUNTING SERVICE LTD.
- PAYROLL - PERSONAL INCOME TAX - CORPORATE INCOME TAX - GST/HST/WCB
We Also Provide Service to get Transport Authority (NSC#, DOT#, MC#, Single State Registration)
WE SPECIALIZED IN ACCOUNTING FOR TRANSPORT COMPANIES
Jarnail Singh Sidhu
Cell : 604-808-1148
jsidhu61@gmail.com
TEL : 604-502-9988 FAX : 604-501-9900
Address : 12633-67B Ave. Surrey, BC V3W 1G2

ਕੈਨੇਡੀਅਨ
ਪੰਜਾਬ ਟਾਈਮਜ਼
Canadian Punjab Times

Funded by the Government of Canada | Financé par le gouvernement du Canada | Canada

- Brar Bhagta Bhai Ka
  604-751-1113
- Karamjit Singh Buttar
  Journalist
- Simranjit Singh
  Journalist
- Dr. Puran Singh
  Writer
- Gora Sandhu Khurd
  News Reporter (Punjab)
- Paramjit Singh
  Graphic Designer



Contact for Advertisement
**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**



**Canadian Punjab Times Inc.**

**(Punjabi Newspaper)**

Website :
**www.thepunjabtimes.ca**

E-mail :
**canadianpunjabtimes@gmail.com**



**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

**ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।**


# ਬੇਆਸਰਿਆਂ ਦਾ ਆਸਰਾ ਹੇਸਟਿੰਗਜ਼ ਸਟਰੀਟ





**ਲੇਖਕ : ਅਵਤਾਰ ਐੱਸ. ਸੰਘਾ**
**ਸੰਪਰਕ: +61 437 641 033**


> *"ਜਦੋਂ ਟਰੂਡੋ ਦੀ ਪਾਰਟੀ ਸੱਤਾ ਵਿੱਚ ਆਈ ਸੀ ਤਾਂ ਉਸ ਨੇ ਆਪਣੇ ਮੈਨੀਫੈਸਟੋ ਵਿੱਚ ਲਿਖਿਆ ਸੀ, "ਅਸੀਂ ਕੈਨੇਡੀਅਨ ਲੋਕਾਂ ਦੇ ਜੀਵਨ ਵਿੱਚ ਬੁਨਿਆਦੀ ਤਬਦੀਲੀ ਲਿਆਵਾਂਗੇ। ਵੈਨਕੂਵਰ ਵਿੱਚ ਹੇਸਟਿੰਗਜ਼ ਸਟਰੀਟ 'ਤੇ ਹੁਣ ਕੋਈ ਮਾੜਾ ਦ੍ਰਿਸ਼ ਦੇਖਣ ਨੂੰ ਨਹੀਂ ਮਿਲੇਗਾ।'' ਪਰ ਕਈ ਸਾਲ ਬੀਤਣ ਤੋਂ ਬਾਅਦ ਵੀ ਇਨ੍ਹਾਂ ਬੇਘਰੇ ਲੋਕਾਂ ਦੀ ਹਾਲਤ ਵਿੱਚ ਨਿਖਾਰ ਆਉਣ ਦੀ ਜਗ੍ਹਾ ਹੋਰ ਨਿਘਾਰ ਆਈ ਜਾ ਰਿਹਾ ਏ। ਜਦ ਹੁਣ ਇਨ੍ਹਾਂ ਦੀ ਗਿਣਤੀ ਹੋਰ ਵਧੀ ਜਾ ਰਹੀ ਏ ਤਾਂ ਕੰਜ਼ਰਵੇਟਿਵ ਪਾਰਟੀ ਵਾਲੇ ਟਰੂਡੋ ਦੀ ਸ਼ਬਦਾਵਲੀ ਦਾ ਮਜ਼ਾਕ ਉਡਾਉਂਦੇ ਹਨ ਤੇ ਵਿਅੰਗ ਨਾਲ ਕਹਿੰਦੇ ਹਨ ਕਿ ਲਿਬਰਲਜ਼ ਨੇ ਹੇਸਟਿੰਗਜ਼ ਸਟਰੀਟ ਨੂੰ ਗ੍ਰੈਂਡਵਿਊ ਬਣਾ ਦਿੱਤਾ ਹੈ। ਵਾਹ ਟਰੂਡੋ! ਤੇਰੇ ਰਾਜ ਵਿੱਚ ਬਰੈਂਪਟਨ ਬਠਿੰਡਾ ਬਣ ਗਿਆ ਏ।"*

ਜਦੋਂ ਮੈਂ ਕੈਨੇਡਾ ਗਿਆ ਤਾਂ ਹੇਸਟਿੰਗਜ਼ ਸਟਰੀਟ, ਵੈਨਕੂਵਰ ਵਿੱਚੋਂ ਗੁਜ਼ਰਦੇ ਸਮੇਂ ਗੱਲ ਚੱਲੀ।

''ਸਰ ਜੀ, ਆਹ ਦੇਖੋ ਇਸ ਸੜਕ ਦਾ ਆਲਾ ਦੁਆਲਾ! ਦੇਖ ਲਓ ਇਨ੍ਹਾਂ ਲੋਕਾਂ ਦੀ ਹਾਲਤ! ਕਹਿਣ ਨੂੰ ਇਹ ਵੈਨਕੂਵਰ ਏ। ਆਹ ਸੜਕ ਦੇ ਦੋਹੀਂ ਪਾਸੀਂ ਬੈਠੇ ਬੇਘਰਿਆਂ ਦੀ ਜ਼ਿੰਦਗੀ ਜਾਨਵਰਾਂ ਤੋਂ ਵੀ ਭੈੜੀ ਏ। ਔਹ ਦੇਖ ਲਓ ਕੋਈ ਸਿਰ ਉੱਪਰ ਅਧੋਰਾਣੇ ਕੱਪੜੇ ਦਾ ਤੰਬੂ ਜਿਹਾ ਬਣਾ ਕੇ ਲੰਮਾ ਪਿਆ ਏ, ਕੋਈ ਛਤਰੀ ਤਾਣ ਕੇ ਉਸ ਦੀ ਛਾਵੇਂ ਸੁੱਤਾ ਪਿਆ ਏ, ਕੋਈ ਠੂਠੇ 'ਚੋਂ ਕੁਝ ਖਾ ਰਿਹਾ ਏ, ਕੋਈ ਕਿਧਰੇ ਘਿਸਰ ਘਿਸਰ ਕੇ ਲੰਮਾ ਪੈਣ ਜੋਗਾ ਥਾਂ ਬਣਾ ਰਿਹਾ ਏ, ਕੋਈ ਅੱਧਾ ਕੁ ਬੈਠਾ ਏ ਤੇ ਅੱਧਾ ਕੁ ਖੜ੍ਹਾ ਏ- ਸ਼ਾਇਦ ਨਸ਼ੇ ਦੀ ਡੋਜ਼ ਨੇ ਇਸ ਨੂੰ ਇਵੇਂ ਕਰ ਦਿੱਤਾ ਏ ਤੇ ਕੋਈ ਪੂਰਾ ਨਸ਼ਾ ਖਾ ਕੇ ਘੂਕ ਸੁੱਤਾ ਪਿਆ ਏ। ਮੀਂਹ, ਹਨੇਰੀ, ਝੱਖੜ ਵੇਲੇ ਇਨ੍ਹਾਂ ਦੀ ਕੀ ਹਾਲਤ ਹੁੰਦੀ ਹੋਵੇਗੀ? ਬਰਫ਼ ਪੈਣ ਸਮੇਂ ਇਹ ਕਿਵੇਂ ਡੰਗ ਟਪਾਉਂਦੇ ਹੋਣਗੇ?''

ਮੇਰਾ ਪੁਰਾਣਾ ਵਿਦਿਆਰਥੀ ਦਲਜੀਤ ਮੇਰੀ ਇਸ ਇਲਾਕੇ ਨਾਲ ਵਾਕਫੀਅਤ ਕਰਵਾਉਂਦਾ ਗਿਆ ਤੇ ਨਾਲ ਨਾਲ ਹੌਲੀ ਹੌਲੀ ਇੱਥੇ ਕਾਰ ਚਲਾਉਂਦਾ ਗੁਜ਼ਰਦਾ ਗਿਆ।

''ਦਲਜੀਤ, ਵੈਨਕੂਵਰ ਨੂੰ ਤਾਂ ਕਈ ਸਰਵੇਖਣਾਂ ਵਿੱਚ ਦੁਨੀਆ ਦਾ ਤੀਜੇ ਨੰਬਰ ਦਾ 'ਮੋਸਟ ਲਿਵਏਬਲ ਸਿਟੀ' ਕਿਹਾ ਗਿਆ ਏ। ਜਦ ਸਿਡਨੀ ਤੋਂ ਇੱਧਰ ਨੂੰ ਤੁਰਿਆ ਤਾਂ ਮੈਨੂੰ ਲੱਗਦਾ ਸੀ ਕਿ ਮੈਂ ਕਿਸੇ ਸਵਰਗ ਵੱਲ ਜਾ ਰਿਹਾ ਹਾਂ। ਇੱਥੇ ਆ ਕੇ ਕਾਫ਼ੀ ਕੁਝ ਵਧੀਆ ਲੱਗਾ, ਪਰ ਹੇਸਟਿੰਗਜ਼ ਸਟਰੀਟ ਨੇ ਮੇਰਾ ਮਨ ਖੱਟਾ ਕਰ ਦਿੱਤਾ। ਮੈਂ ਸੁਣਿਆ ਏ ਕਿ ਲੋਕ ਰਾਹਗੀਰਾਂ ਦੇ ਬੋਤਲਾਂ ਵੀ ਮਾਰ ਦਿੰਦੇ ਨੇ? ਕੀ ਇਹ ਚੋਰੀਆਂ ਵੀ ਕਰਦੇ ਹਨ? ਕੀ ਸਰਕਾਰ ਇਨ੍ਹਾਂ ਨੂੰ ਪੈਸੇ ਨਹੀਂ ਦਿੰਦੀ?''

''ਸਰ, ਇਹ ਲੋਕ ਬੜੇ ਨੇਕ ਲੋਕ ਹਨ। ਇਹ ਵਿਚਾਰੇ ਕਿਸੇ ਨੂੰ ਕੁਝ ਵੀ ਨਹੀਂ ਕਹਿੰਦੇ। ਲੋਕ ਐਵੇਂ ਇਨ੍ਹਾਂ ਨੂੰ ਬਦਨਾਮ ਕਰਦੇ ਰਹਿੰਦੇ ਹਨ। ਕਈ ਗੁਰਦੁਆਰੇ ਵਾਲੇ ਆ ਕੇ ਇਨ੍ਹਾਂ ਨੂੰ ਲੰਗਰ ਛਕਾ ਜਾਂਦੇ ਹਨ। ਮੈਂ ਵੀ ਕਈ ਵਾਰ ਉਨ੍ਹਾਂ ਨਾਲ ਆਇਆ ਸਾਂ। ਜਦ ਅਸੀਂ ਲੰਗਰ ਲੈ ਕੇ ਆਈਦਾ ਏ ਤਾਂ ਇਹ ਵਿਚਾਰੇ ਬੜੇ ਸੋਹਣੇ ਤਰੀਕੇ ਨਾਲ ਲਾਈਨ ਵਿੱਚ ਲੱਗ ਜਾਂਦੇ ਹਨ ਤੇ ਵਾਰੀ ਵਾਰੀ ਸਾਥੋਂ ਭੋਜਨ ਪ੍ਰਾਪਤ ਕਰਦੇ ਹਨ। ਇਨ੍ਹਾਂ ਦਾ ਵਿਵਹਾਰ ਬਹੁਤ ਹੀ ਵਧੀਆ ਹੁੰਦਾ ਏ। ਜੋ ਸਰਕਾਰ ਇਨ੍ਹਾਂ ਨੂੰ ਦਿੰਦੀ ਏ ਉਹ ਬਹੁਤ ਥੋੜ੍ਹਾ ਹੁੰਦਾ ਏ। ਇਹ ਲੋਕ ਨਸ਼ੇ ਤਾਂ ਕਰਦੇ ਹੀ ਹਨ। ਸਰਕਾਰ ਇਨ੍ਹਾਂ ਨੂੰ ਹਾਈਡਰੋ ਮੋਰਫੀਨ ਨਾਂ ਦਾ ਨਸ਼ਾ ਦਿੰਦੀ ਏ। ਇਸ ਨਾਲ ਇਨ੍ਹਾਂ ਦਾ ਨਹੀਂ ਸਰਦਾ। ਇਹ ਵੱਧ ਨਸ਼ੇ ਦੇ ਆਦੀ ਹੋ ਚੁੱਕੇ ਹਨ।''

''ਕੀ ਇਨ੍ਹਾਂ ਦੁਕਾਨਾਂ ਨੂੰ ਕੋਈ ਖ਼ਤਰਾ ਨਹੀਂ ਜਿਨ੍ਹਾਂ ਦੇ ਮੂਹਰੇ ਇਹ ਲੰਮੇ ਪਏ ਹਨ? ਕੀ ਇਹ ਚੋਰੀਆਂ ਤਾਂ ਨਹੀਂ ਕਰਦੇ? ਕੀ ਇਹ ਦੁਕਾਨਾਂ ਨੂੰ ਤੋੜਦੇ ਤਾਂ ਨਹੀਂ? ਇਹ ਕੋਈ ਕੰਮ ਕਿਉਂ ਨਹੀਂ ਕਰਦੇ?'' ਮੈਂ ਦਲਜੀਤ ਤੋਂ ਪੁੱਛਿਆ।

ਦਲਜੀਤ ਕਹਿਣ ਲੱਗਾ, ''ਇਹ ਦੁਕਾਨਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਂਦੇ। ਇਹ ਚੋਰੀਆਂ ਵੀ ਨਹੀਂ ਕਰਦੇ। ਕੰਮ ਕਰਨ ਯੋਗ ਇਹ ਹੈ ਹੀ ਨਹੀਂ। ਇਨ੍ਹਾਂ ਵਿੱਚ ਬਹੁਤੇ ਬੁੱਢੇ ਅਤੇ ਕਮਜ਼ੋਰ ਹਨ। ਮੁਸ਼ਕਿਲ ਨਾਲ ਤਾਂ ਇਨ੍ਹਾਂ ਤੋਂ ਤੁਰ ਹੁੰਦਾ ਏ। ਇਹ ਉੱਠ ਕੇ ਭੀਖ ਮੰਗਣ ਵੀ ਨਹੀਂ ਜਾ ਸਕਦੇ। ਹਾਂ, ਇੱਕ ਗੱਲ ਸੁਣਦੇ ਹਾਂ, ਜੇ ਇਹ ਕਿਸੇ ਦੀ 1000 ਡਾਲਰ ਤੋਂ ਘੱਟ ਕੀਮਤ ਦੀ ਚੀਜ਼ ਚੋਰੀ ਕਰ ਲੈਣ ਤਾਂ ਕਾਨੂੰਨ ਇਨ੍ਹਾਂ ਨੂੰ ਕੁਝ ਨਹੀਂ ਕਹਿੰਦਾ।''

''ਕੀ ਕੈਨੇਡਾ ਵਿੱਚ ਭੀਖ ਮੰਗਣੀ ਕਾਨੂੰਨੀ ਜੁਰਮ ਨਹੀਂ ਹੈ?''

''ਸਰ! ਹੈ ਤਾਂ ਜੁਰਮ। ਫਿਰ ਵੀ ਟਾਵੇਂ ਟਾਵੇਂ ਭਿਖਾਰੀ ਲੁਕ ਛਿਪ ਕੇ ਦਾਅ ਲਗਾਉਂਦੇ ਰਹਿੰਦੇ ਹਨ। ਮੈਂ ਤੁਹਾਨੂੰ ਆਪਣੇ ਨਾਲ ਵਾਪਰੀਆਂ ਦੋ ਘਟਨਾਵਾਂ ਦੱਸਦਾ ਹਾਂ।''

''ਭਿਖਾਰੀਆਂ ਬਾਰੇ?''

''ਹਾਂ, ਭਿਖਾਰੀਆਂ ਬਾਰੇ। ਮੈਂ ਉਦੋਂ ਟਰੱਕ ਚਲਾਉਂਦਾ ਹੁੰਦਾ ਸਾਂ। ਮੈਂ ਟਰੱਕ ਵਿੱਚ ਤੇਲ ਪਵਾਉਣ ਲਈ ਇੱਕ ਪੈਟਰੋਲ ਸਟੇਸ਼ਨ 'ਤੇ ਰੁਕਿਆ। ਤੇਲ ਪਵਾਉਣ ਵੇਲੇ ਹੋਜ਼ ਟਰੱਕ 'ਚੋਂ ਕੱਢ ਕੇ ਬਾਹਰ ਰੱਖਣੀ ਹੁੰਦੀ ਸੀ। ਮੈਂ ਬਾਹਰ ਰੱਖ ਦਿੱਤੀ। ਤੇਲ ਭਰਵਾਉਣ ਲੱਗ ਪਿਆ। ਉਸ ਵਕਤ ਮੇਰੇ ਪਾਸ ਇੱਕ ਕਾਲਾ ਆ ਟਪਕਿਆ। ਕਹਿੰਦਾ, 'ਪੰਜ ਡਾਲਰ ਦੇ ਦਿਓ।' ਮੈਂ ਕਿਹਾ, ਮੇਰਾ ਤੇਲ ਭਰ ਹੋ ਗਿਆ ਏ। ਤੂੰ ਆਹ ਮੇਰੀ ਹੋਜ਼ ਚੁੱਕ ਕੇ ਟਰੱਕ ਵਿੱਚ ਰੱਖਦੇ। ਮੈਂ ਤੈਨੂੰ 5 ਨਹੀਂ 10 ਡਾਲਰ ਦੇ ਦੇਵਾਂਗਾ। ਕਹਿੰਦਾ, 'ਮੈਂ ਇਹ ਕੰਮ ਨਹੀਂ ਕਰ ਸਕਦਾ।' ਮੈਂ ਕਿਹਾ, ਬਿਨਾਂ ਕੰਮ ਕੀਤੇ ਪੈਸੇ ਮੰਗਦੇ ਹੋ ਸ਼ਰਮ ਨਹੀਂ ਆਉਂਦੀ? ਉਹ ਕਹਿੰਦਾ, 'ਦੇਣੇ ਤਾਂ ਦਿਓ, ਨਹੀਂ ਦੇਣੇ ਤਾਂ ਗੋ ਬੈਕ ਟੂ ਯੂਅਰ ਕੰਟਰੀ।' ਇਹ ਕਹਿੰਦਾ ਕਹਿੰਦਾ ਉਹ ਤੇਜ਼ ਤੇਜ਼ ਤੁਰਦਾ ਮੇਰੇ ਤੋਂ ਪਰੇ ਨੂੰ ਚਲਾ ਗਿਆ। ਇਹ ਹਾਲ ਏ ਇਨ੍ਹਾਂ ਹੱਟੇ ਕੱਟੇ ਭਿਖਾਰੀਆਂ ਦਾ। ਕੀ ਤੁਹਾਡੇ ਸਿਡਨੀ ਵਿੱਚ ਭਿਖਾਰੀ ਨਹੀਂ ਹਨ?'' ਦਲਜੀਤ ਨੇ ਮੈਨੂੰ ਪੁੱਛਿਆ।

''ਦਲਜੀਤ, ਸਾਡੇ ਸਿਡਨੀ ਵਿੱਚ ਭੀਖ ਮੰਗਣਾ ਕਾਨੂੰਨੀ ਜੁਰਮ ਹੈ। ਹਾਂ, ਇੱਕ ਹੋਰ ਵਰਤਾਰੇ ਦੀ ਆਗਿਆ ਹੈ।''

''ਸਰ, ਉਹ ਕਿਹੜਾ?''

''ਸਾਡੇ ਉਹ ਵਿਅਕਤੀ ਭੀਖ ਮੰਗ ਸਕਦਾ ਏ ਜਿਹੜਾ ਕੋਈ ਨਾ ਕੋਈ ਸੰਗੀਤਕ ਪੇਸ਼ਕਾਰੀ ਦੇ ਰਿਹਾ ਹੋਵੇ। ਕੋਈ ਬੰਸਰੀ ਵਜਾ ਕੇ, ਕੋਈ ਆਦੀਵਾਸੀਆਂ ਵਾਲੇ ਸੰਗੀਤਕ ਸਾਜ਼ ਵਜਾ ਕੇ, ਕੋਈ ਗੀਤ ਗਾ ਕੇ, ਕੋਈ ਧਾਰਮਿਕ ਟੱਲੀਆਂ ਖੜਕਾ ਕੇ ਭੀਖ ਮੰਗ ਸਕਦਾ ਹੈ।''

''ਸਰ, ਮੈਨੂੰ ਇੱਕ ਵਾਰ ਇੱਕ ਹੋਰ ਬੰਦਾ ਟੱਕਰਿਆ। ਉਹ ਰੀਸਾਈਕਲਿੰਗ ਵਾਲੇ ਬਿਨ ਵਿੱਚੋਂ ਸੋਢੇ ਦੇ ਖਾਲੀ ਟਿਨ ਇਕੱਠੇ ਕਰ ਰਿਹਾ ਸੀ। ਉਹ ਮੈਥੋਂ 2 ਡਾਲਰ ਮੰਗਣ ਲੱਗ ਪਿਆ। ਮੈਂ ਕਿਹਾ, ਤੂੰ ਸਾਰੇ ਦਿਨ ਵਿੱਚ ਇਸ ਕੰਮ ਤੋਂ ਕਿੰਨੇ ਕੁ ਪੈਸੇ ਬਣਾ ਲੈਂਦਾ ਏਂ? ਕਹਿੰਦਾ, 'ਮੁਸ਼ਕਿਲ ਨਾਲ 12 ਕੁ ਡਾਲਰ।' ਮੈਂ ਕਿਹਾ, ਜੇ ਤੂੰ ਦਿਨ ਵਿੱਚ ਚਾਰ ਘੰਟੇ ਵੀ ਕੰਮ ਕਰੇ ਤਾਂ ਇੱਕ ਘੰਟੇ ਦੇ ਤੈਨੂੰ 10 ਡਾਲਰ ਮਿਲਣ। ਇਵੇਂ ਤੂੰ 40 ਡਾਲਰ ਬਣਾ ਸਕਦਾ ਏਂ। ਕੀ ਇਸ ਤਰ੍ਹਾਂ 40 ਡਾਲਰ ਬਣਾਉਣੇ ਠੀਕ ਨਹੀਂ। ਕਹਿੰਦਾ, 'ਮੈਨੂੰ ਇਵੇਂ ਪੈਸੇ ਬਣਾਉਣੇ ਪਸੰਦ ਨਹੀਂ।' ਉਹ ਕਿਉਂ? 'ਕਿਸੇ ਅਧੀਨ ਕੰਮ ਕਰਨ ਨਾਲ ਮੇਰੀ ਆਜ਼ਾਦੀ ਖ਼ਤਮ ਹੋ ਜਾਂਦੀ ਏ। ਆਪਣਾ ਕੰਮ ਕਰਦਾ ਹੋਇਆ ਮੈਂ ਪੂਰਨ ਰੂਪ ਵਿੱਚ ਆਜ਼ਾਦ ਹਾਂ, ਮੈਂ ਗ਼ੁਲਾਮ ਹੋ ਕੇ ਕੰਮ ਨਹੀਂ ਕਰ ਸਕਦਾ। ਆਪਣਾ ਕਾਰੋਬਾਰ ਕੁਝ ਹੋਰ ਹੀ ਅਹਿਸਾਸ ਦਿੰਦਾ ਏ।' ਹੁਣ ਤੂੰ ਮੈਥੋਂ 2 ਡਾਲਰ ਮੰਗ ਰਿਹਾ ਏਂ। ਕੀ ਇਹ ਘਟੀਆ ਵਰਤਾਰਾ ਨਹੀਂ? ਕਹਿੰਦਾ, 'ਨਹੀਂ ਇਹ ਤਾਂ ਅੱਧੇ ਮਿੰਟ ਦਾ ਕੰਮ ਏ। ਤੂੰ ਨਹੀਂ ਦੇਵੇਂਗਾ ਤਾਂ ਮੈਂ ਅੱਗੇ ਤੁਰ ਜਾਵਾਂਗਾ। ਕਈ ਦੇ ਵੀ ਦਿੰਦੇ ਹਨ। ਕਈ ਤਾਂ 2 ਦੀ ਬਜਾਏ 5 ਵੀ ਦੇ ਦਿੰਦੇ ਹਨ। ਦੁਨੀਆ ਵਿੱਚ ਹਰ ਪ੍ਰਕਾਰ ਦੇ ਬੰਦੇ ਹਨ। ਤੇਰੇ ਜਿਹੇ ਮੱਖੀ ਚੂਸ ਵੀ ਤੇ ਵੱਡੇ ਵੱਡੇ ਦਾਨੀ ਵੀ ਤੇ ਤਰਸ ਖਾਣ ਵਾਲੇ ਵੀ।' ਇਹ ਕਹਿ ਕੇ ਉਹ ਤੇਜ਼ ਤੇਜ਼ ਮੇਰੇ ਕੋਲੋਂ ਪਰੇ ਨੂੰ ਚਲੇ ਗਿਆ।''


''ਚੋਣਾਂ ਸਮੇਂ ਇਨ੍ਹਾਂ ਲੋਕਾਂ ਦੀ ਹਾਲਤ ਕੀ ਹੁੰਦੀ ਏ? ਕੀ ਸਿਆਸੀ ਲੋਕ ਵੋਟਾਂ ਲਈ ਇਨ੍ਹਾਂ ਕੋਲ ਚੱਕਰ ਨਹੀਂ ਕੱਟਦੇ?'' ਮੈਂ ਦਲਜੀਤ ਤੋਂ ਜਾਣਨਾ ਚਾਹਿਆ।

ਉਹ ਅਜੇ ਹੇਸਟਿੰਗਜ਼ ਸਟਰੀਟ ਦੇ ਅੰਤ ਵਿੱਚ ਕਾਰ ਖੜ੍ਹੀ ਕਰਕੇ ਰੁਕਿਆ ਹੀ ਸੀ। ਉਹ ਕਹਿੰਦਾ, ''ਜਦੋਂ ਟਰੂਡੋ ਦੀ ਪਾਰਟੀ ਸੱਤਾ ਵਿੱਚ ਆਈ ਸੀ ਤਾਂ ਉਸ ਨੇ ਆਪਣੇ ਮੈਨੀਫੈਸਟੋ ਵਿੱਚ ਲਿਖਿਆ ਸੀ, ''ਅਸੀਂ ਕੈਨੇਡੀਅਨ ਲੋਕਾਂ ਦੇ ਜੀਵਨ ਵਿੱਚ ਬੁਨਿਆਦੀ ਤਬਦੀਲੀ ਲਿਆਵਾਂਗੇ। ਵੈਨਕੂਵਰ ਵਿੱਚ ਹੇਸਟਿੰਗਜ਼ ਸਟਰੀਟ 'ਤੇ ਹੁਣ ਕੋਈ ਮਾੜਾ ਦ੍ਰਿਸ਼ ਦੇਖਣ ਨੂੰ ਨਹੀਂ ਮਿਲੇਗਾ।'' ਪਰ ਕਈ ਸਾਲ ਬੀਤਣ ਤੋਂ ਬਾਅਦ ਵੀ ਇਨ੍ਹਾਂ ਬੇਘਰੇ ਲੋਕਾਂ ਦੀ ਹਾਲਤ ਵਿੱਚ ਨਿਖਾਰ ਆਉਣ ਦੀ ਜਗ੍ਹਾ ਹੋਰ ਨਿਘਾਰ ਆਈ ਜਾ ਰਿਹਾ ਏ। ਜਦ ਹੁਣ ਇਨ੍ਹਾਂ ਦੀ ਗਿਣਤੀ ਹੋਰ ਵਧੀ ਜਾ ਰਹੀ ਏ ਤਾਂ ਕੰਜ਼ਰਵੇਟਿਵ ਪਾਰਟੀ ਵਾਲੇ ਟਰੂਡੋ ਦੀ ਸ਼ਬਦਾਵਲੀ ਦਾ ਮਜ਼ਾਕ ਉਡਾਉਂਦੇ ਹਨ ਤੇ ਵਿਅੰਗ ਨਾਲ ਕਹਿੰਦੇ ਹਨ ਕਿ ਲਿਬਰਲਜ਼ ਨੇ ਹੇਸਟਿੰਗਜ਼ ਸਟਰੀਟ ਨੂੰ ਗ੍ਰੈਂਡਵਿਊ ਬਣਾ ਦਿੱਤਾ ਹੈ। ਵਾਹ ਟਰੂਡੋ! ਤੇਰੇ ਰਾਜ ਵਿੱਚ ਬਰੈਂਪਟਨ ਬਠਿੰਡਾ ਬਣ ਗਿਆ ਏ। ਭਾਰਤੀ ਵਿਦਿਆਰਥੀ ਭੀਖ ਮੰਗ ਰਹੇ ਹਨ। ਕੰਮ ਉਨ੍ਹਾਂ ਨੂੰ ਮਿਲਦੇ ਨਹੀਂ। 'ਵਾਪਸ ਭਾਰਤ ਮੁੜੋ' ਦੀ ਤਲਵਾਰ ਉਨ੍ਹਾਂ ਦੇ ਸਿਰ 'ਤੇ ਲਟਕ ਰਹੀ ਏ। ਉਨ੍ਹਾਂ ਦੀਆਂ ਫੀਸਾਂ ਪੂਰੀਆਂ ਨਹੀਂ ਹੁੰਦੀਆਂ। ਉਨ੍ਹਾਂ ਨੂੰ ਘਰ ਨਹੀਂ ਮਿਲ ਰਹੇ। ਕੁੜੀਆਂ ਦੇਹ ਵਪਾਰ ਵੱਲ ਨੂੰ ਵਧ ਰਹੀਆਂ ਹਨ। ਫੀਸਾਂ ਪੂਰੀਆਂ ਨਹੀਂ ਹੁੰਦੀਆਂ। ਜੋ ਲੱਖਾਂ ਖ਼ਰਚ ਕਰਕੇ ਆ ਗਿਆ ਉਸ ਨੂੰ ਵਾਪਸ ਭੇਜਣਾ ਸਰਕਾਰ ਦੇ ਮੱਥੇ 'ਤੇ ਕਲੰਕ ਹੈ। ਬਰੈਂਪਟਨ ਵਿੱਚ ਸ਼ੈਰੇਡਨ ਕਾਲਜ ਦਾ ਇਲਾਕਾ ਅਤੇ ਪ੍ਰਿੰਸ ਐਡਵਰਡ ਆਈਲੈਂਡ ਦੀ ਹਾਲਤ ਵੀ ਵੈਨਕੂਵਰ ਦੀ ਹੇਸਟਿੰਗਜ਼ ਸਟਰੀਟ ਜਿਹੀ ਹੀ ਬਣਦੀ ਜਾ ਰਹੀ ਏ।

# ਬੀ.ਸੀ. ਦੇ ਸਾਬਕਾ ਮੁਖ ਮੰਤਰੀ ਜੌਨ ਹੋਰਗਨ ਦਾ ਕੈਂਸਰ ਨਾਲ ਲੰਬੀ ਲੜਾਈ ਤੋਂ ਬਾਅਦ ਦੇਹਾਂਤ

ਸਰੀ, (ਸਿਮਰਨਜੀਤ ਸਿੰਘ): ਬ੍ਰਿਟਿਸ਼ ਕੋਲੰਬੀਆ ਦੇ ਸਾਬਕਾ ਮੁਖ ਮੰਤਰੀ ਜੌਨ ਹੋਰਗਨ ਦਾ ਬੀਾ ਦਿਨੀਂ ਕੈਂਸਰ ਨਾਲ ਲੰਬੀ ਲੜਾਈ ਤੋਂ ਬਾਅਦ ਦੇਹਾਂਤ ਹੋ ਗਿਆ। ਉਹ 65 ਸਾਲ ਦੇ ਸਨ ਅਤੇ ਪਿਛਲੇ ਪੰਜ ਮਹੀਨਿਆਂ ਤੋਂ ਬਿਮਾਰੀ ਕਾਰਨ ਹਸਪਤਾਲ ਵਿੱਚ ਜ਼ੇਰੇ ਇਲਾਜ ਸਨ। ਜੂਨ ਵਿੱਚ ਉਨ੍ਹਾਂ ਨੂੰ ਗਲੇ ਦਾ ਕੈਂਸਰ ਹੋਣ ਦੀ ਪੁਸ਼ਟੀ ਹੋਈ ਸੀ। ਜ਼ਿਕਰਯੋਗ ਹੈ ਕਿ ਜੌਨ ਹੋਰਗਨ ਜਰਮਨੀ ਵਿੱਚ ਕੈਨੇਡਾ ਦੇ ਰਾਜਦੂਤ ਵਜੋਂ ਤੈਨਾਤ ਵੀ ਰਹੇ, ਜਿਥੇ ਉਹ ਆਪਣੀ ਪਤਨੀ ਐਲੀ ਨਾਲ ਬਰਲਿਨ ਵਿੱਚ ਰਹਿੰਦੇ ਸਨ। ਆਪਣੇ ਅਖੀਰੀ ਦਿਨਾਂ 'ਚ ਇਲਾਜ ਲਈ ਉਹ ਬੀ.ਸੀ. ਦੇ ਰਾਇਲ ਜੁਬਲੀ ਹਸਪਤਾਲ ਦਾਖਲ ਸਨ।

ਉਨ੍ਹਾਂ ਦੇ ਪਰਿਵਾਰ ਨੇ ਦੱਸਿਆ ਕਿ ਪਿਛਲੇ ਹਫਤੇ ਉਨ੍ਹਾਂ ਦਾ ਕੈਂਸਰ ਸਰੀਰ ਦੇ ਹਰ ਹਿੱਸੇ ਵਿੱਚ ਫੈਲ ਚੁੱਕਾ ਸੀ । ਮੰਗਲਵਾਰ ਨੂੰ ਉਹਨਾਂ ਨੇ ਪਰਿਵਾਰਕ ਮੈਂਬਰਾਂ ਦੀ ਹਾਜ਼ਰੀ ਵਿੱਚ ਆਪਣੇ ਆਖਰੀ ਸਾਹਲ ਲਏ। ਉਨ੍ਹਾਂ ਦੇ ਪਰਿਵਾਰ ਨੇ ਇਕ ਬਿਆਨ ਵਿੱਚ ਕਿਹਾ, "ਉਹ ਬ੍ਰਿਟਿਸ਼ ਕੋਲੰਬੀਆ ਅਤੇ ਇੱਥੋਂ ਦੇ ਲੋਕਾਂ ਦੀ ਭਲਾਈ ਲਈ ਹਰ ਪਲ ਸਮਰਪਿਤ ਰਹੇ।"



ਹੋਰਗਨ ਦੇ ਰਾਜਨੀਤਿਕ ਸਫ਼ਰ ਦੀ ਗੱਲ ਕਰੀਏ ਤਾਂ 2017 ਦੇ ਚੋਣ ਨਤੀਜਿਆਂ ਤੋਂ ਬਾਅਦ ਉਹ ਲੋਕਾਂ ਦੇ ਚਹੇਤੇ ਬਣ ਗਏ ਸਨ, ਜਦੋਂ ਐੱਨ.ਡੀ.ਪੀ. ਨੇ 87 ਵਿੱਚੋਂ 41 ਸੀਟਾਂ ਜਿੱਤੀਆਂ। ਬੀ.ਸੀ. ਗ੍ਰੀਨ ਪਾਰਟੀ ਤਿੰਨ ਸੀਟਾਂ ਜਿੱਤਣ ਤੋਂ ਬਾਅਦ, ਹੋਰਗਨ ਨੇ ਉਨ੍ਹਾਂ ਨਾਲ ਗਠਜੋੜ ਕਰਕੇ ਸਰਕਾਰ ਬਣਾਈ ਅਤੇ ਬੀ.ਸੀ. ਲਿਬਰਲ ਨੇਤਾ ਕ੍ਰਿਸਟੀ ਕਲਾਰਕ ਨੂੰ ਵੋਟ ਆਫ ਕਾਨਫਿਡੈਂਸ ਵਿੱਚ ਹਰਾ ਦਿੱਤਾ ਸੀ। ਉਹ ਜੁਲਾਈ 2017 ਤੋਂ 21 ਅਕਤੂਬਰ 2022 ਤੱਕ ਬੀ.ਸੀ. ਦੇ ਮੁਖ ਮੰਤਰੀ ਰਹੇ। ਪਹਿਲੇ ਕਾਰਜਕਾਲ ਵਿੱਚ, ਉਨ੍ਹਾਂ ਨੇ ਮਹੱਤਵਪੂਰਨ ਕਦਮ ਚੁੱਕੇ ਜਿਵੇਂ ਕਿ ਮੈਡੀਕਲ ਸਰਵਿਸ ਪ੍ਰੀਮੀਅਮ ਪਲਾਨ ਫੀਸਾਂ ਨੂੰ ਹਟਾਉਣਾ, ਮੈਟਰੋ ਵੈਨਕੂਵਰ ਦੇ ਦੋ ਪੁਲਾਂ ਦੇ ਟੋਲ ਹਟਾਏ ਅਤੇ ਸਮਾਜਿਕ ਸਹਾਇਤਾ ਵਿੱਚ ਵਾਧਾ ਕੀਤਾ।

ਹੋਰਗਨ ਨੇ ਬਹੁਤ ਸੋਚ-ਵਿਚਾਰ ਤੋਂ ਬਾਅਦ ਸਾਈਟ-ਸੀ ਡੈਮ ਪ੍ਰੋਜੈਕਟ ਨੂੰ ਅੱਗੇ ਵਧਾਇਆ। ਉਹ ਟਰਾਂਸ ਮਾਊਂਟਨ ਪਾਈਪਲਾਈਨ ਵਿਸਥਾਰ ਦੇ ਵਿਰੋਧੀ ਸਨ ਪਰ ਫੈਡਰਲ ਸਰਕਾਰ ਦੁਆਰਾ ਪਾਈਪਲਾਈਨ ਦੀ ਖਰੀਦਦਾਰੀ ਤੋਂ ਬਾਅਦ ਉਨ੍ਹਾਂ ਨੂੰ ਪਿਛਲੇ ਹਟਣਾ ਪਿਆ।

ਕੋਵਿਡ-19 ਮਹਾਂਮਾਰੀ ਦੇ ਦੌਰਾਨ ਵੀ ਉਨ੍ਹਾਂ ਨੇ ਬੀ.ਸੀ. ਦੇ ਲੋਕਾਂ ਨੂੰ ਸਹੂਲਤਾਂ ਦੇਣ ਲਈ ਕੋਈ ਘਾਟ ਨਹੀਂ ਛੱਡੀ ਸੀ। 2020 ਦੀਆਂ ਮੁੜ ਚੋਣਾਂ ਵਿੱਚ, ਐੱਨ.ਡੀ.ਪੀ. ਨੇ ਫਿਰ 57 ਸੀਟਾਂ ਜਿੱਤੀਆਂ, ਜੋ ਪਾਰਟੀ ਲਈ ਇੱਕ ਨਵਾਂ ਰਿਕਾਰਡ ਸੀ। 2021 ਵਿੱਚ, ਹੋਰਗਨ ਨੂੰ ਗਲੇ ਦਾ ਕੈਂਸਰ ਹੋ ਗਿਆ ਸੀ। ਉਨ੍ਹਾਂ ਨੇ 35 ਰੇਡੀਏਸ਼ਨ ਸੈਸ਼ਨਾਂ ਕਰਵਾਏ ਅਤੇ ਬਾਅਦ ਵਿੱਚ, ਸਿਹਤ ਸੰਬੰਧੀ ਮੁਸ਼ਕਲਾਂ ਦੇ ਕਾਰਨ 2022 ਵਿੱਚ ਮੁਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਦੇ ਦੋ ਪੁੱਤਰ, ਨੇਟ ਅਤੇ ਐਵਨ ਹਨ। This report was written by Simranjit Singh as part of the Local Journalism Initiative.

# ਕੈਨੇਡਾ ਵਿੱਚ ਪਹਿਲੇ ਬਰਡ ਫਲੂ ਮਾਮਲੇ ਦੀ ਪੁਸ਼ਟੀ, ਬੀ.ਸੀ. ਦਾ ਇੱਕ ਨੌਜਵਾਨ ਹਸਪਤਾਲ ਦਾਖਲ

ਕੈਨੇਡਾ 'ਚ H5 ਬਰਡ ਫਲੂ ਦੇ ਮਾਮਲੇ ਦੀ ਪੁਸ਼ਟੀ ਕੀਤੀ ਹੈ, ਜੋ ਬੀ.ਸੀ. ਵਿੱਚ ਇੱਕ ਨੌਜਵਾਨ ਦੇ ਵਿੱਚ ਪਾਇਆ ਗਿਆ ਹੈ। ਸਿਹਤ ਅਧਿਕਾਰੀਆਂ ਦੇ ਅਨੁਸਾਰ, ਇਸ ਨੌਜਵਾਨ ਨੂੰ ਬੀ.ਸੀ. ਦੇ ਚਿਲਡ੍ਰਨਜ਼ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ ਅਤੇ ਸਿਹਤ ਅਧਿਕਾਰੀ ਲੋਕਾਂ ਨੂੰ ਯਕੀਨ ਦਿਵਾ ਰਹੇ ਹਨ ਕਿ ਉਹ ਇਸ ਮਾਮਲੇ ਦੀ ਪੁਸ਼ਟੀ ਕਰਨ ਅਤੇ ਇਹ ਮਰੀਜ਼ ਇਸ ਦੇ ਪ੍ਰਭਾਵ ਹੇਠ ਕਿਵੇਂ ਆਇਆ ਇਸ ਦੀ ਪੂਰੀ ਜਾਂਚ ਕਰਨਗੇ। ਸਿਹਤ ਅਧਿਕਾਰੀ ਡਾ. ਬੋਨੀ ਹੈਨਰੀ ਨੇ ਕਿਹਾ ਕਿ ਇਹ ਸੰਕਰਮਣ ਬਹੁਤ ਹੀ ਦੁਰਲੱਭ ਹੈ ਅਤੇ ਉਹਦੇ ਦਫ਼ਤਰ ਵੱਲੋਂ ਪੂਰੀ ਤਰ੍ਹਾਂ ਜਾਂਚ ਕੀਤੀ ਜਾ ਰਹੀ ਹੈ।



H5 ਬਰਡ ਫਲੂ ਦੁਨੀਆ ਭਰ ਵਿੱਚ ਪੰਛੀਆਂ ਵਿੱਚ ਫੈਲ ਰਿਹਾ ਹੈ ਅਤੇ ਇਹ ਪੋ.ਲਟਰੀ ਅਤੇ ਸੰਯੁਕਤ ਰਾਜ ਅਮਰੀਕਾ ਵਿੱਚ ਡੇਅਰੀ ਜਾਨਵਰਾਂ ਵਿੱਚ ਵੀ ਮਿਲਿਆ ਹੈ। ਅਮਰੀਕਾ ਵਿੱਚ ਕੁਝ ਮਾਮਲੇ ਪੋ.ਲਟਰੀ ਅਤੇ ਡੇਅਰੀ 'ਚ ਕੰਮਕਾਜ ਕਰਨ ਵਾਲੇ ਲੋਕਾਂ ਵਿੱਚ ਵੀ ਮਿਲੇ ਹਨ।

ਕੈਨੇਡਾ ਵਿੱਚ, ਬੀ.ਸੀ. ਨੇ ਅਕਤੂਬਰ ਤੋਂ ਹੁਣ ਤੱਕ 23 ਇੰਫੈਕਟਡ ਪੋ.ਲਟਰੀ ਫਾਰਮਾਂ ਦੀ ਪੁਸ਼ਟੀ ਕੀਤੀ ਹੈ ਅਤੇ ਕਈ ਜੰਗਲੀ ਪੰਛੀਆਂ ਦਾ ਪੋਜ਼ਿਟਿਵ ਟੈਸਟ ਕਰਵਾਇਆ ਗਿਆ ਹੈ, ਜਿਵੇਂ ਕਿ ਕੈਨੇਡਾ ਫੂਡ ਇਨਸਪੈਕਸ਼ਨ ਏਜੰਸੀ ਨੇ ਇਸ ਦੀ ਪੁਸ਼ਟੀ ਕੀਤੀ ਹੈ।

ਸਿਹਤ ਕੈਨੇਡਾ ਨੇ ਕਿਹਾ ਹੈ ਕਿ ਮਨੁੱਖਾਂ ਵਿੱਚ ਇਸ ਬਰਡ ਫਲੂ ਦੇ ਮਾਮਲਿਆਂ ਦੀ ਮੌਤ ਦੀ ਦਰ 50 ਪ੍ਰਤਿਸ਼ਤ ਤੋਂ ਥੋੜੀ ਜਿਆਦਾ ਹੈ, ਜੋ ਇਹ ਦਰਸਾਉਂਦੀ ਹੈ ਕਿ ਕੁਝ ਹਲਾਤਾਂ 'ਚ ਸੰਕਰਮਣਾਂ ਨੂੰ ਨਹੀਂ ਪਛਾਣਿਆ ਜਾ ਸਕਦਾ। ਇਹ ਸੰਕਰਮਣ ਕੈਨੇਡਾ ਲਈ ਚਿੰਤਾ ਦਾ ਮਾਮਲਾ ਬਣ ਸਕਦਾ ਹੈ, ਖਾਸ ਕਰਕੇ ਜਦੋਂ ਕਿ ਇਹ ਬੀ.ਸੀ. ਅਤੇ ਹੋਰ ਕਈ ਜੰਗਲੀਆਂ ਜਾਨਵਰਾਂ ਵਿੱਚ ਫੈਲ ਰਿਹਾ ਹੈ, ਪਰ ਸਿਹਤ ਅਧਿਕਾਰੀ ਇਸ ਗੱਲ ਨੂੰ ਯਕੀਨੀ ਬਣਾ ਰਹੇ ਹਨ ਕਿ ਲੋਕ ਸੁਰੱਖਿਅਤ ਹਨ ਅਤੇ ਉਹ ਸਾਰੇ ਸੰਬੰਧਿਤ ਮਾਮਲਿਆਂ ਦੀ ਪੜਤਾਲ ਕਰ ਰਹੇ ਹਨ। This report was written by Simranjit Singh as part of the Local Journalism Initiative.


ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
EYE GLASSES
CONTACT LENSES
SUNGLASSES
- ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
- ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
- ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
- ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।


BHUPINDER OBEROI

ਸਾਡਾ ਐਡਰੈੱਸ ਨੋਟ ਕਰੋ
Abbotsford #103-2955 Gladwin Rd.
604-864-8803
Surrey (Kwantlen Square)
Unit # 105, 12568-72 Ave, Surrey
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Unit #105, 12568-72 Ave, Surrey
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
FREE SIGHT TEST

ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ


MONEY BACK LIFE INSURANCE
- ਲਾਇਫ਼ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰੀਟੀਕਲ ਇਲਨੈੱਸ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
Punjab Insurance Agency Inc.
15 YEARS EXPERIENCE
ਬਰਿੰਦਰ ਸਿੰਘ ਗਿੱਲ 604-835-1212
insuranceresp@gmail.com
MOVE TO : Unit 148-32050 Cedar Lane, Abbotsford
301 - 8128, 128 St. Surrey, B.C.

# ਉੱਤਰ ਅਮਰੀਕੀ ਦੇਸ਼ਾਂ ਨੂੰ ਚੀਨ ਦੀਆਂ ਗੱਡੀਆਂ ਦੇ ਟੈਰਿਫ਼ ਲਈ ਇੱਕਜੁਟ ਹੋਣਾ ਚਾਹੀਦਾ : ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫ੍ਰੀਲੈਂਡ



ਸਰੀ, (ਸਿਮਰਨਜੀਤ ਸਿੰਘ): ਕੈਨੇਡਾ ਦੀ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨੇ ਬੁੱਧਵਾਰ ਨੂੰ ਕਿਹਾ ਕਿ ਉਹ ਮੈਕਸੀਕੋ ਦੀਆਂ ਚੀਨ ਨਾਲ ਵਪਾਰ ਨੀਤੀਆਂ ਤੋਂ ਚਿੰਤਤ ਹਨ। ਉਨ੍ਹਾਂ ਕਿਹਾ ਕਿ ਉੱਤਰ ਅਮਰੀਕੀ ਦੇਸ਼ਾਂ ਨੂੰ ਚੀਨ ਦੀਆਂ ਗੱਡੀਆਂ 'ਤੇ ਟੈਰਿਫ਼ ਲਈ ਇੱਕਜੁਟ ਹੋਣਾ ਚਾਹੀਦਾ ਹੈ।

ਫ੍ਰੀਲੈਂਡ, ਕੈਨੇਡਾ-ਅਮਰੀਕਾ ਸੰਬੰਧਾਂ ਲਈ ਚੇਅਰਮੈਨ ਵੀ ਹਨ ਉਨ੍ਹਾਂ ਨੇ ਇਸ ਬਾਰੇ ਸਿੱਧਾ ਨਹੀਂ ਦੱਸਿਆ ਕਿ ਕੀ ਉਹ ਮੁੱਖ ਮੰਤਰੀ ਡਗ ਫੋਰਡ ਦੇ ਮੰਗਲਵਾਰ ਦੇ ਬਿਆਨ ਨਾਲ ਸਹਿਮਤ ਹਨ ਜਾਂ ਨਹੀਂ। ਜਿਸ ਵਿੱਚ ਮੈਕਸੀਕੋ ਨੂੰ ਮੁਫ਼ਤ ਵਪਾਰ ਗੱਲਬਾਤਾਂ ਤੋਂ ਬਾਹਰ ਕੱਢਣ ਦੀ ਗੱਲ ਕੀਤੀ ਗਈ ਸੀ। ਪਰ ਫ੍ਰੀਲੈਂਡ ਨੇ ਕਿਹਾ ਕਿ ਉਹਨਾਂ ਨੂੰ ਇਸ ਬਾਰੇ "ਕੁਝ ਹਮਦਰਦੀ" ਹੈ ਅਤੇ ਇਹ ਚਿੰਤਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਵੀ ਪ੍ਰਗਟ ਕੀਤੀ ਗਈ ਹੈ।

ਫ੍ਰੀਲੈਂਡ ਨੇ ਕਿਹਾ, "ਮੈਂ ਕੁਝ ਸਮੇਂ ਤੋਂ ਟਰੰਪ ਪ੍ਰਸ਼ਾਸਨ ਦੇ ਨੇੜਲੇ ਸੂਤਰਾਂ ਤੋਂ, ਅਮਰੀਕੀ ਵਪਾਰ ਨੇਤਾਵਾਂ ਅਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਤਾਜ਼ਾ ਪ੍ਰਬੰਧਨ ਦੇ ਮੈਂਬਰਾਂ ਤੋਂ ਵੀ ਸੁਣਿਆ ਹੈ ਕਿ ਮੈਕਸੀਕੋ, ਚੀਨ ਨਾਲ ਆਪਣੇ ਆਰਥਿਕ ਰਿਸ਼ਤੇ ਵਿੱਚ, ਕੈਨੇਡਾ ਅਤੇ ਅਮਰੀਕਾ ਵਾਂਗ ਬਰਾਬਰੀ ਨਾਲ ਵਿਵਹਾਰ ਨਹੀਂ ਕਰ ਰਿਹਾ।

ਟਰੰਪ ਅਤੇ ਫੋਰਡ ਨੇ ਦੋਸ਼ ਲਗਾਇਆ ਹੈ ਕਿ ਮੈਕਸੀਕੋ ਨੇ ਚੀਨੀ ਕੰਪਨੀਆਂ ਨੂੰ ਕੈਨੇਡਾ-ਅਮਰੀਕਾ-ਮੈਕਸੀਕੋ ਸਮਝੌਤੇ (CUSMA) ਦੇ ਨਿਯਮਾਂ ਨੂੰ ਬਾਈਪਾਸ ਕਰਨ ਦੀ ਆਗਿਆ ਦਿੱਤੀ ਹੈ, ਜਿਸ ਨਾਲ ਉਹ ਮੈਕਸੀਕੋ ਦੇ ਨਿਰਮਾਣ ਪਲਾਂਟਾਂ ਰਾਹੀਂ ਵਾਹਨ ਅਤੇ ਹਿੱਸੇ ਉਤਪਾਦਨ ਕਰਕੇ ਅਮਰੀਕਾ ਅਤੇ ਕੈਨੇਡਾ ਵਿੱਚ ਫ਼ਾਇਦਾ ਲੈ ਸਕਦੇ ਹਨ।

ਕੈਨੇਡਾ ਨੇ ਇਸ ਸਾਲ ਸ਼ੁਰੂ ਵਿੱਚ ਅਮਰੀਕਾ ਦੇ ਨਾਲ ਮਿਲ ਕੇ ਚੀਨ ਤੋਂ ਆਯਾਤ ਕੀਤੇ ਇਲੈਕਟ੍ਰਿਕ ਵਾਹਨਾਂ 'ਤੇ 100 ਫੀਸਦ ਟੈਰਿਫ਼ ਅਤੇ ਚੀਨੀ ਸਟੀਲ ਅਤੇ ਐਲੂਮਿਨਿਅਮ 'ਤੇ 25 ਫੀਸਦ ਟੈਕਸ ਲਾਗੂ ਕੀਤੇ ਹਨ। ਮੈਕਸੀਕੋ ਨੇ ਅਜੇ ਤੱਕ ਚੀਨ ਦੇ ਉਪਕਰਣਾਂ 'ਤੇ ਕੋਈ ਟੈਰਿਫ਼ ਨਹੀਂ ਲਗਾਏ। This report was written by Simranjit Singh as part of the Local Journalism Initiative.

# 15 ਨਵੰਬਰ ਤੋਂ ਹੜ੍ਹਤਾਲ 'ਤੇ ਜਾ ਸਕਦੇ ਹਨ ਕੈਨੇਡਾ ਪੋਸਟ ਦੇ ਕਾਮੇ, ਨੋਟਿਸ ਜਾਰੀ




ਸਰੀ, (ਸਿਮਰਨਜੀਤ ਸਿੰਘ): ਕੈਨੇਡਾ ਪੋਸਟ ਨੇ ਕਿਹਾ ਹੈ ਕਿ ਉਸਨੇ ਆਪਣੀ ਪੋਸਟਲ ਵਰਕਰਾਂ ਦੀ ਯੂਨੀਅਨ ਨੂੰ ਲੌਕਆਉਟ ਨੋਟੀਸ ਜਾਰੀ ਕੀਤਾ ਹੈ, ਕਿਉਂਕਿ ਕੁਝ ਘੰਟਿਆਂ ਬਾਅਦ ਹੜ੍ਹਤਾਲ ਦਾ ਨੋਟਿਸ ਜਾਰੀ ਕੀਤਾ ਗਿਆ। ਹਾਲਾਂਕਿ, ਕੈਨੇਡਾ ਪੋਸਟ ਨੇ ਇਹ ਵੀ ਕਿਹਾ ਕਿ ਇਸ ਸਮੇਂ ਉਹ ਆਪਣੀ ਕਾਰਗੁਜ਼ਾਰੀ ਬੰਦ ਕਰਨ ਦਾ ਯੋਜਨਾ ਨਹੀਂ ਬਣਾ ਰਿਹਾ।

ਕੈਨੇਡਾ ਪੋਸਟ ਦੇ ਬੁਲਾਰੇ ਲੀਸਾ ਲਿਊ ਨੇ ਕਿਹਾ ਕਿ, "ਕੈਨੇਡਾ ਪੋਸਟ ਨੇ ਯੂਨੀਅਨ ਨੂੰ ਸੂਚਿਤ ਕੀਤਾ ਹੈ ਕਿ ਜੇਕਰ ਸਹਿਮਤੀਆਂ ਨਾਲ ਬਣੀ ਤਾਂ ਤਾਂ ਮੌਜੂਦਾ ਸਮਝੌਤੇ ਸ਼ੁੱਕਰਵਾਰ ਤੋਂ ਲਾਗੂ ਨਹੀਂ ਰਹਿਣਗੇ। ਇਹ ਲੌਕਆਉਟ ਨੋਟਿਸ ਜਾਰੀ ਕੀਤਾ ਗਿਆ ਹੈ ਪਰ ਕੈਨੇਡਾ ਪੋਸਟ ਇਸ ਸਮੇਂ ਕੋਈ ਵੀ ਕਾਰਵਾਈ ਬੰਦ ਕਰਨ ਦਾ ਯੋਜਨਾ ਨਹੀਂ ਰੱਖਦਾ। ਕੈਨੇਡਾ ਪੋਸਟ ਨੇ ਅੱਗੇ ਕਿਹਾ ਕਿ ਇਸ ਨੋਟਿਸ ਨੂੰ ਯੂਨੀਅਨ ਅਤੇ ਲੇਬਰ ਮਿਨਿਸਟਰ ਸਟੀਵਨ ਮੈਕਕਿਨਨ ਨੂੰ ਜਾਰੀ ਕੀਤਾ ਗਿਆ ਸੀ ਅਤੇ ਇਹ ਕੈਨੇਡਾ ਲੇਬਰ ਕੋਡ ਦੇ ਤਹਤ ਕੀਤਾ ਗਿਆ ਸੀ ਤਾਂ ਜੋ ਉਹ ਆਪਣੀ ਕਾਰਗੁਜ਼ਾਰੀ ਨੂੰ ਆਪਣੇ ਆਪ੍ਰੇਸ਼ਨਲ ਹਕੀਕਤਾਂ ਅਤੇ ਕਾਰੋਬਾਰੀ ਜ਼ਰੂਰਤਾਂ ਦੇ ਅਨੁਸਾਰ ਅਨੁਕੂਲ ਕਰ ਸਕੇ।

ਕੈਨੇਡਾ ਪੋਸਟ ਦੇ ਇਸ ਬਿਆਨ ਦੇ ਬਾਅਦ ਕੈਨੇਡੀਅਨ ਯੂਨੀਅਨ ਆਫ ਪੋਸਟਲ ਵਰਕਰਸ ਨੇ ਇੱਕ ਪ੍ਰੈਸ ਰਿਲੀਜ਼ ਜਾਰੀ ਕੀਤੀ ਜਿਸ ਵਿੱਚ ਕਿਹਾ ਗਿਆ ਕਿ ਉਹਨਾਂ ਨੂੰ ਕੈਨੇਡਾ ਪੋਸਟ ਤੋਂ ਲੌਕਆਉਟ ਨੋਟਿਸ ਮਿਲੇ ਹਨ, ਜੋ ਕਿ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਲਾਗੂ ਕੀਤੇ ਜਾਣਗੇ।

ਉਨ੍ਹਾਂ ਕਿਹਾ ਕਿ ਇਹ ਨੋਟੀਸ ਉਹਨਾਂ ਨੂੰ 72 ਘੰਟਿਆਂ ਦੀ ਹੜ੍ਹਤਾਲ ਨੋਟੀਸ ਦੇ ਜਾਰੀ ਹੋਣ ਤੋਂ 8 ਘੰਟਿਆਂ ਬਾਅਦ ਮਿਲੇ, ਹਾਲਾਂਕਿ ਯੂਨੀਅਨ ਨੇ ਇਹ ਨਹੀਂ ਕਿਹਾ ਕਿ ਵਰਕਰ ਹੜ੍ਹਤਾਲ ਕਰਨਗੇ ਜਾਂ ਨਹੀਂ। ਕੈਨੇਡਾ ਪੋਸਟ ਨੇ ਵੀ ਮੰਗਲਵਾਰ ਨੂੰ ਇੱਕ ਪ੍ਰੈਸ ਰਿਲੀਜ਼ ਜਾਰੀ ਕੀਤੀ ਜਿਸ ਵਿੱਚ ਕੈਨੇਡਾ ਪੋਸਟ ਨੇ ਕਿਹਾ ਕਿ ਇਹ ਨੋਟੀਸ ਇਸ ਤੌਰ 'ਤੇ ਦੱਸਦੇ ਹਨ ਕਿ CUPW ਨੂੰ 15 ਨਵੰਬਰ ਨੂੰ 12:01 ਐਮ.ਈ.ਟੀ. ਤੋਂ ਸਟਰਾਇਕ ਕਰਨ ਦੀ ਕਾਨੂੰਨੀ ਸਥਿਤੀ ਪ੍ਰਾਪਤ ਹੋ ਜਾਏਗੀ। ਕੈਨੇਡਾ ਪੋਸਟ ਨੇ ਇਹ ਵੀ ਕਿਹਾ ਕਿ ਯੂਨੀਅਨ ਨੂੰ ਸੂਚਿਤ ਕੀਤਾ ਗਿਆ ਹੈ ਕਿ ਜੇਕਰ ਨਵੇਂ ਸਮਝੌਤੇ ਨਹੀਂ ਕੀਤੇ ਜਾਂਦੇ, ਤਾਂ ਮੌਜੂਦਾ ਸਮਝੌਤੇ ਸ਼ੁੱਕਰਵਾਰ ਤੋਂ ਲਾਗੂ ਨਹੀਂ ਰਹਿਣਗੇ। This report was written by Simranjit Singh as part of the Local Journalism Initiative.


ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

Diamond
Sweets & Restaurant
3 LOCATIONS
» SURREY
#102-15933 Fraser Hwy, Surrey, BC
604-593-5566
» LANGLEY
#102-7228 192 St. Langley, BC
604-372-4949
» DELTA
#160-8047 120St. Delta, BC
604-5917277
Specialised in all kinds of Indian Sweets & Foods
We do Catering for all Occasions
Open 7 days a Week
10:00am to 10:00pm



JOB AND FAIR
owned by L.S Fair Enterprise
We Provide a reliable and Flexible Workforce,
Ready to meet your labor needs anywhere, Ensuring efficient and timely support across various Locations.
» Move In & Out Cleaning
» One Off Deep Cleaning
» After Builder Cleaning
» Appliances Cleaning Incl. Oven
» Commercial Cleaning
» Pressure Cleaning
» Professional Carpet Cleaning
JASVINDER SINGH
CELL : +1 236-632-6301 | +1 604-512-5001
Email: jobandfair@gmail.com | Web: jobandfair.ca
12844 - 66B Ave. Surrey, B.C.

ਸਫ਼ਾ 1 ਦਾ ਬਾਕੀ

## ਐਨ.ਡੀ.ਪੀ. ਆਗੂ ਜਗਮੀਤ ਸਿੰਘ ਵੱਲੋਂ ਰੋਜ਼ਾਨਾ

ਕਿਹਾ ਕਿ ਇਹ ਟੈਕਸ ਕਟੌਤੀਆਂ ਵੱਡੀਆਂ ਕਾਰਪੋਰੇਸ਼ਨਾਂ ਉੱਤੇ "ਵਾਧੂ ਟੈਕਸ" ਲਾਗੂ ਕਰਕੇ ਭੁਗਤਾਨ ਕੀਤੀਆਂ ਜਾਣਗੀਆਂ, ਜਿਹੜੀਆਂ ਮੋਹਿਰੀ ਉੱਤੇ ਮੁਨਾਫ਼ੇ ਵਧਾਉਣ ਲਈ ਕੀਮਤਾਂ ਵਧਾਉਂਦੀਆਂ ਹਨ। ਉਨ੍ਹਾਂ ਨੇ ਕਿਹਾ, "ਸਾਨੂੰ ਹੁਣ ਕੈਨੇਡੀਅਨਜ਼ ਦੀ ਜ਼ਿੰਦਗੀ ਵਧੇਰੇ ਕਿਫ਼ਾਇਤੀ ਬਣਾਉਣ ਦੀ ਲੋੜ ਹੈ। ਅਸੀਂ ਸੀਈਓਜ਼ ਕੋਲੋਂ ਅਦਾਇਗੀ ਕਰਵਾਵਾਂਗੇ।"

## ਬੀ.ਸੀ. ਦੇ ਪ੍ਰੀਮੀਅਰ ਡੇਵਿਡ ਈਬੀ

ਚਾਹੁੰਦੇ ਹਾਂ ਕਿ ਇਹ ਵਿਧਾਨ ਸਭਾ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਲਈ ਕੰਮ ਕਰੇ। ਬ੍ਰਿਟਿਸ਼ ਕੋਲੰਬੀਆ ਉਦੋਂ ਹੀ ਮਜ਼ਬੂਤ ਹੁੰਦੀ ਹੈ, ਜਦੋਂ ਅਸੀਂ ਸਾਰੇ ਇਕੱਠੇ ਕੰਮ ਕਰਦੇ ਹਾਂ, ਨਫ਼ਰਤ, ਨਸਲਵਾਦ ਅਤੇ ਭੇਦਭਾਵ ਦੇ ਖਿਲਾਫ ਲੜਦੇ ਹਾਂ ਅਤੇ ਉਹਨਾਂ ਤਰਜੀਹਾਂ 'ਤੇ ਟਿਕੇ ਰਹਿੰਦੇ ਹਾਂ ਜਿਨ੍ਹਾਂ ਲਈ ਲੋਕਾਂ ਨੇ ਸਾਨੂੰ ਚੁਣਿਆ ਹੈ।"

ਨਵੇਂ ਡੈਮੋਕਰੈਟਿਕ ਵਿਧਾਇਕਾਂ ਦੇ ਸਹੁੰ ਚੁੱਕ ਸਮਾਗਮ ਦੌਰਾਨ ਸਾਬਕਾ ਬ੍ਰਿਟਿਸ਼ ਕੋਲੰਬੀਆ ਦੇ ਮੁੱਖ ਮੰਤਰੀ ਜੌਨ ਹੋਰਗਨ ਦੀ ਯਾਦ ਕਰਦੇ ਹੋਏ ਸ਼ਰਧਾਂਜ਼ਲੀ ਭੇਂਟ ਕੀਤੀ ਗਈ। ਉਹਨਾਂ ਦੀ ਮੌਤ, ਮੰਗਲਵਾਰ ਨੂੰ 65 ਸਾਲ ਦੀ ਉਮਰ ਵਿੱਚ ਤੀਸਰੀ ਵਾਰ ਕੈਂਸਰ ਨਾਲ ਜੂਝਦੇ ਹੋਏ ਹੋਈ। ਸਮਾਰੋਹ ਤੋਂ ਪਹਿਲਾਂ, ਸੌਂਗੀਸ ਨੇਸ਼ਨ ਦੇ ਬਜ਼ੁਰਗ ਬੁੱਚ ਡਿਕ ਨੇ ਹੋਰਗਨ ਦੇ ਪਰਿਵਾਰ ਲਈ ਸੰਵੇਦਨਾ ਪ੍ਰਗਟ ਕੀਤੀ। ਉਹਨਾਂ ਕਿਹਾ ਕਿ ਹੋਰਗਨ "ਲੋਕਾਂ ਦੇ ਦੋਸਤ" ਸਨ। ਵਿਧਾਨ ਸਭਾ ਦੀ ਕਲਰਕ ਕੇਟ ਰਾਇਨ-ਲਾਇਡ ਨੇ ਵੀ ਹੋਰਗਨ ਦੀ ਸੇਵਾ ਅਤੇ ਉਹਨਾਂ ਦੇ ਸਮਰਪਣ ਲਈ ਸ਼ਰਧਾਂਜਲੀ ਦਿੱਤੀ। ਡੇਵਿਡ ਈਬੀ ਨੇ ਆਪਣੀ ਨਵੀਂ ਸਰਕਾਰ ਲਈ ਮੁੱਖ ਤੌਰ 'ਤੇ "ਰੋਜ਼ਾਨਾ ਦੀ ਜ਼ਿੰਦਗੀ" ਦੇ ਮੁੱਦਿਆਂ 'ਤੇ ਧਿਆਨ ਦੇਣ ਦਾ ਵਾਅਦਾ ਕੀਤਾ ਹੈ। ਉਹਨਾਂ ਨੇ ਕਿਹਾ ਕਿ ਉਹ ਘਰੇਲੂ ਆਰਥਿਕਤਾ, ਸਿਹਤ ਸੇਵਾਵਾਂ, ਅਤੇ ਜਨਤਕ ਸੁਰੱਖਿਆ ਵਰਗੇ ਮੁੱਦਿਆਂ ਨੂੰ ਤਰਜੀਹ ਦੇਣਗੇ, ਹਾਲਾਂਕਿ ਹੋਰ ਨੀਤੀਖੇਤਰਾਂ ਵਿੱਚ ਅਹਿਮ ਫੈਸਲੇ ਕੀਤੇ ਜਾਣਗੇ। ਉਨ੍ਹਾਂ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ, "ਸਾਡੀ ਸਰਕਾਰ ਦਾ ਧਿਆਨ ਬ੍ਰਿਟਿਸ਼ ਕੋਲੰਬੀਆ ਵਾਸੀਆਂ ਦੁਆਰਾ ਦਿੱਤੇ ਗਏ ਸੰਦੇਸ਼ ਦੇ ਅਨੁਸਾਰ ਹੀ ਰਹੇਗਾ। ਉਹ ਚਾਹੁੰਦੇ ਹਨ ਕਿ ਅਸੀਂ ਮੁੱਢਲੀ ਜ਼ਰੂਰਤਾਂ 'ਤੇ ਕੇਂਦਰਿਤ ਰਹੀਏ। ਇਸ ਵਾਰ ਇੱਕ ਅਜਿਹੀ ਕੈਬਨਿਟ ਦਿਖਾਈ ਦੇਵੇਗੀ ਜੋ ਇਨ੍ਹਾਂ ਮੁੱਦਿਆਂ ਅਤੇ ਪ੍ਰਥਮਿਕਤਾਵਾਂ 'ਤੇ ਕੰਮ ਕਰੇਗੀ।"

# ਵਾਈਟ ਹਾਉਸ ਵਿੱਚ ਨਹੀਂ ਰਹੇਗੀ ਮੇਲਾਨੀਆ ਟ੍ਰੰਪ, ਪਾਰੰਪਿਕ ਮੀਟਿੰਗ ਵਿੱਚ ਵੀ ਨਹੀਂ ਹੋਈ ਸ਼ਾਮਲ

ਵਾਸ਼ਿੰਗਟਨ : (ਪਰਮਜੀਤ ਸਿੰਘ): ਡੋਨਾਲਡ ਟ੍ਰੰਪ 20 ਜਨਵਰੀ ਨੂੰ ਰਾਸ਼ਟਰਪਤੀ ਦੇ ਰੂਪ ਵਿੱਚ ਸਹੁੰ ਚੁੱਕ ਕੇ ਅਮਰੀਕਾ ਦੀ ਤੀਜੀ ਵਾਰ ਸੱਤਾ ਸੰਭਾਲਣਗੇ। ਉਸ ਦਿਨ ਤੋਂ ਬਾਅਦ ਉਹ ਆਪਣੇ ਕੰਮ-ਕਾਜ ਲਈ ਵਾਈਟ ਹਾਉਸ ਵਿੱਚ ਰਹਿਣਗੇ। ਪਰ ਉਨ੍ਹਾਂ ਦੀ ਪਤਨੀ ਮੇਲਾਨੀਆ ਟ੍ਰੰਪ ਦੀ ਵਾਈਟ ਹਾਉਸ ਵਿੱਚ ਰਹਿਣ ਦੀ ਸੰਭਾਵਨਾ ਘੱਟ ਦਿਖਾਈ ਦੇ ਰਹੀ ਹੈ। ਸੀਐਨਐਨ ਦੀ ਇੱਕ ਰਿਪੋਰਟ ਮੁਤਾਬਕ, ਉਹ ਜ਼ਿਆਦਾਤਰ ਸਮਾਂ ਨਿਊਯਾਰਕ ਵਿੱਚ ਬਿਤਾਉਣਗੇ, ਜਿੱਥੇ ਉਹ ਆਪਣੇ ਪੁੱਤਰੇ ਦੇ ਨਾਲ ਹੀ ਰਹੇਗੀ। ਇਸ ਦੇ ਨਾਲ ਹੀ, ਪਿਛਲੇ 4 ਸਾਲਾਂ ਵਿੱਚ ਉਨ੍ਹਾਂ ਨੇ ਫਲੋਰੀਡਾ ਵਿੱਚ ਨਵੇਂ ਦੋਸਤ ਬਣਾਏ ਹਨ, ਇਸ ਦੀ ਵੀ ਸੰਭਾਵਨਾ ਹੈ ਕਿ ਉਹ ਕੁਝ ਸਮਾਂ ਫਲੋਰੀਡਾ ਵਿੱਚ ਰਹਿਣ। ਹਾਲਾਂਕਿ, ਮੇਲਾਨੀਆ ਫਰਸਟ ਲੇਡੀ ਦੇ ਰੂਪ ਵਿੱਚ ਕੰਮ-ਕਾਜ ਵਿੱਚ ਸ਼ਾਮਿਲ ਜ਼ਰੂਰ ਹੋਵੇਗੀ। ਉਹ ਮੁੱਖ ਸਮਾਰੋਹਾਂ ਵਿੱਚ ਵੀ ਦਿੱਖਾਈ ਦਿੰਦੀ ਰਹੇਗੀ, ਪਰ ਅਗਲੇ 4 ਸਾਲਾਂ ਤੱਕ ਉਨ੍ਹਾਂ ਵਲੋਂ ਵਾਈਟ ਹਾਉਸ ਤੋਂ ਦੂਰੀ ਬਣਾ ਕੇ ਰੱਖਣ ਦੀ ਸੰਭਾਵਨਾ ਹੈ। ਰਾਸ਼ਟਰਪਤੀ ਚੋਣਾਂ ਵਿੱਚ ਜਿੱਤ ਤੋਂ ਬਾਅਦ ਡੋਨਾਲਡ ਟ੍ਰੰਪ ਬੁਧਵਾਰ ਨੂੰ ਵਾਈਟ ਹਾਉਸ ਵਿੱਚ ਰਾਸ਼ਟਰਪਤੀ ਜੋ ਬਾਈਡਨ ਨਾਲ ਮਿਲਣ ਗਏ। ਇਸ ਦੌਰਾਨ ਉਹਨਾਂ ਦੇ ਨਾਲ ਉਨ੍ਹਾਂ ਦੀ ਪਤਨੀ ਮੇਲਾਨੀਆ ਟ੍ਰੰਪ ਨਹੀਂ ਗਈ । ਇਸ ਮੀਟਿੰਗ ਲਈ ਜੋ ਬਾਈਡਨ ਅਤੇ ਫਰਸਟ ਲੇਡੀ ਜਿਲ ਬਾਈਡਨ ਨੇ ਟ੍ਰੰਪ ਅਤੇ ਮੇਲਾਨੀਆ ਨੂੰ ਸੱਦਾ ਵੀ ਭੇਜਿਆ ਸੀ। ਅਮਰੀਕਾ ਵਿੱਚ ਇੱਕ ਪਾਰੰਪਰਾ ਹੈ ਕਿ ਨਵੇ ਚੁਣੇ ਰਾਸ਼ਟਰਪਤੀ ਨੂੰ ਮੌਜੂਦਾ ਰਾਸ਼ਟਰਪਤੀ ਵਾਈਟ ਹਾਉਸ ਵਿਚ ਮੀਟਿੰਗ ਲਈ ਸੱਦਾ ਭੇਜਦੇ ਹਨ।

# ਆਸਟ੍ਰੇਲੀਆ ਵਿੱਚ ਝੀਲ ਦਾ ਨਾਮ 'ਗੁਰੂ ਨਾਨਕ' ਰੱਖਿਆ, 555ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰੋਗਰਾਮ ਲਈ ਲਗੇਗਾ 6 ਲੱਖ ਡਾਲਰ ਦਾ ਲੰਗਰ




ਸਿਡਨੀ, (ਪਰਮਜੀਤ ਸਿੰਘ): ਆਸਟ੍ਰੇਲੀਆ ਦੇ ਵਿਕਟੋਰਿਆ ਰਾਜ ਵਿੱਚ ਸਿੱਖ ਭਾਈਚਾਰੇ ਦੇ ਯੋਗਦਾਨ ਨੂੰ ਸਨਮਾਨਿਤ ਕਰਦੇ ਹੋਏ ਬਰਵਿਕ ਸਪ੍ਰਿੰਗਜ਼ ਖੇਤਰ ਦੀ ਇੱਕ ਝੀਲ ਦਾ ਨਾਮ "ਗੁਰੂ ਨਾਨਕ ਝੀਲ" ਰੱਖਿਆ ਗਿਆ ਹੈ। ਇਹ ਫੈਸਲਾ ਗੁਰੂ ਨਾਨਕ ਸਾਹਿਬ ਜੀ ਦੀ 555ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੀਤਾ ਗਿਆ। ਵਿਕਟੋਰਿਆ ਦੇ ਮਲਟੀਕਲਚਰਲ ਅਫੇਅਰਜ਼ ਮੰਤਰੀ ਇੰਗ੍ਰਿਡ ਸਟਿਟ ਨੇ ਘੋਸ਼ਣਾ ਕੀਤੀ ਕਿ ਰਾਜ ਸਰਕਾਰ ਵਿਕਟੋਰਿਆ ਵਿੱਚ ਲੰਗਰ ਸਮਾਰੋਹਾਂ ਦੇ ਆਯੋਜਨ ਲਈ 6 ਲੱਖ ਡਾਲਰ ਦਾ ਯੋਗਦਾਨ ਦਵੇਗੀ।

"ਨਾਮ ਏ ਪਲੇਸ" ਮੁਹਿੰਮ ਦੇ ਤਹਿਤ ਬਰਵਿਕ ਸਪ੍ਰਿੰਗਜ਼ ਝੀਲ ਦਾ ਨਾਮ ਬਦਲ ਕੇ "ਗੁਰੂ ਨਾਨਕ ਝੀਲ" ਰੱਖਿਆ ਹੈ। ਇਹ ਮੁਹਿੰਮ ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਨੂੰ ਸਨਮਾਨਿਤ ਕਰਨ ਲਈ ਸ਼ੁਰੂ ਕੀਤੀ ਗਈ ਸੀ, ਜੋ ਸਿੱਖ ਭਾਈਚਾਰੇ ਲਈ ਸਦੀਆਂ ਦਾ ਮਾਣ ਹੈ। ਇਸ ਦੇ ਨਾਲ ਹੀ, ਰਾਜ ਸਰਕਾਰ ਨੇ ਸਿੱਖ ਧਰਮ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਸਭ ਤੱਕ ਪਹੁੰਚਾਉਣ ਲਈ ਯਤਨ ਕਰ ਰਹੀ ਹੈ। ਇਸ ਨਾਮਕਰਨ ਪਹਲ ਵਿਚ ਵਿਸ਼ੇਸ਼ ਯੋਗਦਾਨ ਵਿਕਟੋਰਿਆ ਦੇ ਸਿੱਖ ਇੰਟਰਫੇਥ ਕੌਂਸਿਲ ਦੇ ਚੇਅਰਮੈਨ ਜਸਬੀਰ ਸਿੰਘ ਦਾ ਰਿਹਾ, ਜਿਨ੍ਹਾਂ ਨੇ 2018 ਤੋਂ ਵਿਕਟੋਰਿਆ ਦੇ ਪ੍ਰਧਾਨ ਮੰਤਰੀ ਨਾਲ ਇਸ ਵਿਸ਼ੇ 'ਤੇ ਗੱਲਬਾਤ ਸ਼ੁਰੂ ਕੀਤੀ ਸੀ। ਜਸਬੀਰ ਨੇ ਦੱਸਿਆ ਕਿ ਹੁਣ ਇਸ ਝੀਲ ਦਾ ਨਾਮ "ਗੁਰੂ ਨਾਨਕ ਝੀਲ" ਹੋਵੇਗਾ ਅਤੇ ਇਹ ਸਾਰੇ ਸਰਕਾਰੀ ਗਜਟਾਂ ਅਤੇ ਅਧਿਕਾਰਕ ਦਸਤਾਵੇਜ਼ਾਂ ਵਿੱਚ ਦਰਜ ਕੀਤਾ ਜਾਵੇਗਾ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਨਾਮਕਰਨ ਨਾਲ ਉੱਥੇ ਆਉਣ ਵਾਲੇ ਲੋਕਾਂ ਨੂੰ ਗੁਰੂ ਨਾਨਕ ਜੀ ਅਤੇ ਸਿੱਖ ਧਰਮ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਪ੍ਰੇਰਿਤ ਕਰੇਗਾ। ਜ਼ਿਕਰਯੋਗ ਹੈ ਕਿ ਆਸਟ੍ਰੇਲੀਆ ਵਿੱਚ ਸਿੱਖਾਂ ਦੀ ਸੰਖਿਆ ਲਗਭਗ 2,10,000 ਹੈ, ਜੋ ਕਿ ਦੇਸ਼ ਦੀ ਕੁੱਲ ਜਨਸੰਖਿਆ ਦਾ 0.8% ਹੈ। ਵਿਕਟੋਰਿਆ ਰਾਜ ਵਿੱਚ ਸਿੱਖ ਭਾਈਚਾਰੇ ਦਾ ਇੱਕ ਵੱਡਾ ਹਿੱਸਾ ਵੱਸਦਾ ਹੈ, ਜਿੱਥੇ ਉਨ੍ਹਾਂ ਨੇ ਕਈ ਗੁਰਦੁਆਰਿਆਂ ਦੀ ਸਥਾਪਨਾ ਕੀਤੀ ਹੈ ਅਤੇ ਸਮਾਜ ਵਿੱਚ ਸਹਾਇਤਾ ਲਈ ਕੁਝ ਮਹੱਤਵਪੂਰਨ ਕਦਮ ਚੁੱਕੇ ਹਨ। ਸਿੱਖ ਭਾਈਚਾਰੇ ਨੇ ਵਪਾਰ, ਕਲਾ, ਫੌਜ ਅਤੇ ਵੱਖ-ਵੱਖ ਸਮਾਜਿਕ ਅਤੇ ਸੱਭਿਆਚਾਰਿਕ ਕਾਰਜਾਂ ਵਿੱਚ ਵੀ ਆਪਣਾ ਮਹੱਤਵਪੂਰਨ ਯੋਗਦਾਨ ਦਿੱਤਾ ਹੈ।






# ਘਲੂਘਾਰੇ ਨਵੰਬਰ 84 ਦੇ 40 ਸਾਲ ਬਾਅਦ ਵੀ ਦਿੱਲੀ ਦੀ ਵਿਧਵਾ ਕਾਲੋਨੀ ਦੇ ਜ਼ਖਮ ਅਜੇ ਵੀ ਤਾਜ਼ਾ

## ਪੀੜ੍ਹਤ ਪਰਿਵਾਰਾਂ ਨੇ ਮੁਆਵਜ਼ੇ ਅਤੇ ਰੁਜ਼ਗਾਰ ਲਈ ਲੜੀ ਲੰਬੀ ਲੜਾਈ

### ਖਾਸ ਰਿਪੋਰਟ

ਸਿੱਖ ਕਤਲੇਆਮ ਨਵੰਬਰ84 ਦੀ ਹਰ ਵਰ੍ਹੇਗੰਢ 'ਤੇ ਸਿੱਖ ਭਾਈਚਾਰਾ ਉਮੀਦ ਕਰਦਾ ਸੀ ਕਿ ਆਉਣ ਵਾਲੇ ਸਾਲ ਵਿਚ ਨਿਆਂ ਜ਼ਰੂਰ ਮਿਲੇਗਾ ਪਰ ਪਿਛਲੇ ਸਾਲ ਵੀ ਭਾਰਤੀ ਰਾਜ ਨੇ ਉਹੀ ਅਪਰਾਧਿਕ ਰਵੱਈਆ ਅਪਣਾਇਆ ਸੀ ਕਿ ਸਿੱਖਾਂ ਨਾਲ ਇਨਸਾਫ ਨਹੀਂ ਕੀਤਾ। ਪਰ ਸਿੱਖ ਭਾਈਚਾਰਾ ਇਕ ਵਾਰ ਫਿਰ ਅੰਨ੍ਹੇ, ਗੂੰਗੇ ਅਤੇ ਬੋਲ਼ੇ ਰਾਜ ਨੂੰ ਸ਼ਰਮਸਾਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।ਪ੍ਰਧਾਨ ਮੰਤਰੀ ਮੋਦੀ, ਜੋ ਕਾਂਗਰਸ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਲਈ ਘੱਟੋ-ਘੱਟ ਚੋਣਾਂ ਦੌਰਾਨ ਇਸ ਮੁੱਦੇ ਨੂੰ ਉਠਾਉਂਦੇ ਸਨ, 2024 ਦੀਆਂ ਸੰਸਦੀ ਚੋਣਾਂ ਵਿਚ ਇਸ ਮੁੱਦੇ 'ਤੇ ਪੂਰੀ ਤਰ੍ਹਾਂ ਚੁੱਪ ਰਹੇ। ਇਸ ਤਰ੍ਹਾਂ 1984 ਦੇ ਦੇਸ਼ ਵਿਆਪੀ ਸਿੱਖ ਕਤਲੇਆਮ ਦੇ ਕਾਤਲਾਂ ਦੀ ਸ਼ਨਾਖਤ ਕਰਨ ਦੀ, ਉਨ੍ਹਾਂ ਨੂੰ ਸਜ਼ਾਵਾਂ ਦੇਣ ਦੀ ਤਾਂ ਕੋਈ ਆਸ ਨਹੀਂ ਬਚੀ। ਦਿੱਲੀ ਵਿਚ ਕੇਜਰੀਵਾਲ ਦੀ ਅਗਵਾਈ ਵਾਲੀ 'ਆਪ' ਪਾਰਟੀ ਦੀ ਸਥਾਨਕ ਸਰਕਾਰ ਵੀ ਇਸ ਮੁੱਦੇ 'ਤੇ ਚੁੱਪ ਹੈ।

ਤਾਜ਼ਾ ਸ਼ਰਮਨਾਕ ਸਥਿਤੀ ਬਾਰੇ ਜਾਣਕਾਰੀ ਦਿੰਦਿਆਂ ਭਾਰਤ ਦੇ ਪ੍ਰਸਿੱਧ ਵਕੀਲ ਐਚ.ਐਸ. ਫੂਲਕਾ, ਜੋ ਕਿ ਦਿੱਲੀ ਵਿੱਚ ਸਿੱਖ ਪੀੜਤਾਂ ਨੂੰ ਨਿਰਸਵਾਰਥ ਢੰਗ ਨਾਲ ਕਾਨੂੰਨੀ ਸਹਾਇਤਾ ਪ੍ਰਦਾਨ ਕਰ ਰਹੇ ਹਨ, ਨੇ ਦੱਸਿਆ ਕਿ ਦਿੱਲੀ ਵਿੱਚ ਸਰਕਾਰੀ ਅੰਕੜਿਆਂ ਅਨੁਸਾਰ 2,700 ਸਿੱਖ ਮਾਰੇ ਗਏ। ਨਾਗਰਿਕ ਅਧਿਕਾਰ ਸੰਗਠਨਾਂ ਅਨੁਸਾਰ, ਲਗਭਗ 3,000 ਮਾਰੇ ਗਏ ਸਨ।ਪਰ ਸਾਨੂੰ ਇਨਸਾਫ਼ ਮਿਲਣ ਦੀ ਆਸ ਵੀ ਨਹੀਂ ਹੈ। ਦਿੱਲੀ ਵਿੱਚ ਸਿੱਖ ਕਤਲੇਆਮ ਦੀ 40ਵੀਂ ਵਰ੍ਹੇਗੰਢ ਮੌਕੇ ਉਨ੍ਹਾਂ ਕਿਹਾ, "ਹੱਤਿਆਵਾਂ ਦੀ ਜਾਂਚ ਲਈ ਗਠਿਤ ਕਮਿਸ਼ਨਾਂ ਅਤੇ ਕਮੇਟੀਆਂ ਦੀ ਗਿਣਤੀ... ਦੋਸ਼ੀ ਠਹਿਰਾਏ ਜਾਣ ਦੀ ਗਿਣਤੀ ਤੋਂ ਵੱਧ ਹੈ... ਅਜਿਹਾ ਹੀ ਇੱਕ ਕਮਿਸ਼ਨ ਸੀ ਜੀਟੀ ਨਾਨਾਵਤੀ ਕਮਿਸ਼ਨ, ਜੋ ਕਿ 2005 ਵਿੱਚ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਐਨਡੀਏ ਸਰਕਾਰ ਦੁਆਰਾ ਸਥਾਪਤ ਕੀਤਾ ਗਿਆ ਸੀ। ਇਸ ਦੀ ਰਿਪੋਰਟ ਮੁਤਾਬਕ ਦਿੱਲੀ ਵਿੱਚ ਹੋਏ ਕਤਲੇਆਮ ਦੇ ਸਬੰਧ ਵਿੱਚ 587 ਐਫਆਈਆਰ ਦਰਜ ਕੀਤੀਆਂ ਗਈਆਂ ਸਨ। ਜਦੋਂ ਕਿ ਇਹਨਾਂ ਵਿੱਚੋਂ 241 ਨੂੰ ਅਣਪਛਾਤੇ ਵਜੋਂ ਦਾਇਰ ਕੀਤਾ ਗਿਆ ਹੈ, 253 ਨੂੰ ਬਰੀ ਕਰ ਦਿੱਤਾ ਗਿਆ ਹੈ। ਬਾਕੀਆਂ ਵਿੱਚੋਂ 40 ਐਫਆਈਆਰ ਸੁਣਵਾਈ ਅਧੀਨ ਹਨ ਅਤੇ ਇੱਕ ਦੀ ਜਾਂਚ ਲੰਬਿਤ ਹੈ। 11 ਐਫਆਈਆਰ ਰੱਦ ਕਰ ਦਿੱਤੀਆਂ ਗਈਆਂ ਹਨ ਅਤੇ 11 ਹੋਰ ਐਫਆਈਆਰਜ਼ ਦੇ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਗਿਆ ਹੈ। ਤਿੰਨ ਕੇਸ ਵਾਪਸ ਲੈ ਲਏ ਗਏ ਹਨ। ਅੱਜ ਤੱਕ, ਸਿਰਫ਼ 27 ਮਾਮਲਿਆਂ ਵਿੱਚ ਹੀ ਦੋਸ਼ੀ ਠਹਿਰਾਏ ਗਏ ਹਨ। ਇਨ੍ਹਾਂ ਵਿੱਚੋਂ ਸਿਰਫ਼ 12 ਨੂੰ ਹੀ ਕਤਲ ਦੇ ਮਾਮਲਿਆਂ ਵਿੱਚ ਦੋਸ਼ੀ ਠਹਿਰਾਇਆ ਗਿਆ ਹੈ।

ਹੁਣ ਤੱਕ 11 ਜਾਂਚ ਕਮਿਸ਼ਨ ਬਣਾਏ ਜਾ ਚੁੱਕੇ ਹਨ ਅਤੇ ਇਹ ਸਿਲਸਿਲਾ ਖਤਮ ਹੋਣ ਦੀ ਕੋਈ ਉਮੀਦ ਨਹੀਂ ਹੈ। ਭਾਰਤੀ ਰਾਜ ਲਈ ਇਹ ਪਰੰਪਰਾ ਬਣ ਗਈ ਹੈ ਕਿ ਜਦੋਂ ਵੀ ਪੰਜਾਬ ਅਤੇ ਦਿੱਲੀ (ਜਿੱਥੇ ਵੱਡੀ ਗਿਣਤੀ ਵਿੱਚ ਸਿੱਖ ਵੋਟਰ ਹਨ) ਵਿੱਚ ਚੋਣਾਂ ਹੋਣੀਆਂ ਹੁੰਦੀਆਂ ਹਨ ਤਾਂ ਨਵੇਂ ਕਮਿਸ਼ਨ ਦਾ ਐਲਾਨ ਕਰ ਦਿਤਾ ਜਾਂਦਾ ਹੈ ਜਾਂ ਮਾਰੇ ਗਏ ਸਿੱਖਾਂ ਦੇ ਪਰਿਵਾਰਾਂ ਨੂੰ ਕੁਝ ਮੁਆਵਜ਼ਾ ਦੇਣ ਦਾ ਐਲਾਨ ਕਰ ਦਿੱਤਾ ਜਾਂਦਾ ਹੈ।

### ਦਿੱਲੀ ਦੀ ਵਿਧਵਾ ਕਲੋਨੀ ਭਾਰਤ ਉਪਰ ਕਲੰਕ

1984 ਦੇ ਸਿੱਖ ਕਤਲੇਆਮ ਨੂੰ 40 ਸਾਲ ਬੀਤ ਚੁੱਕੇ ਹਨ। ਇਸ ਦੌਰਾਨ ਇੱਕ ਪੂਰੀ ਪੀੜ੍ਹੀ ਲੰਘ ਗਈ। ਪਰ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਉਨ੍ਹਾਂ ਦੇ ਆਪਣੇ ਹੀ ਪਰਿਵਾਰਾਂ ਦਾ ਕਤਲੇਆਮ ਕੀਤਾ ਗਿਆ ਅਤੇ ਸਮੇਂ ਦਾ ਇਹ ਮਲ੍ਹਮ ਵੀ ਉਹਨਾਂ ਦੇ ਜ਼ਖਮਾਂ ਨੂੰ ਭਰਨ ਵਿੱਚ ਅਸਫਲ ਰਿਹਾ ਹੈ। ਕਤਲੇਆਮ ਦੇ ਕੁਝ ਚਸ਼ਮਦੀਦ ਗਵਾਹ ਬਚੇ ਹਨ ਜੋ ਦੱਸਦੇ ਹਨ ਕਿ ਕਿਵੇਂ ਫਿਰਕੂ ਗੁੰਡਿਆਂ ਨੇ ਹਰ ਘਰ ਤੋਂ ਆਦਮੀਆਂ ਨੂੰ ਬਾਹਰ ਕੱਢਿਆ ਅਤੇ ਉਨ੍ਹਾਂ ਦਾ ਕਤਲੇਆਮ ਕੀਤਾ।ਉਸ ਨੇ ਘਰ ਦੀਆਂ ਔਰਤਾਂ ਅਤੇ ਕੁੜੀਆਂ ਨੂੰ ਜਿਉਂਦਾ ਛੱਡ ਦਿੱਤਾ। ਬਾਅਦ ਵਿਚ ਇਨ੍ਹਾਂ ਬੇਸਹਾਰਾ ਔਰਤਾਂ ਅਤੇ ਬੱਚਿਆਂ ਨੂੰ ਸੁਰੱਖਿਅਤ ਰੱਖਣ ਲਈ ਸਰਕਾਰ ਨੇ ਘਟਨਾ ਵਾਲੀ ਥਾਂ ਤੋਂ ਦੂਰ ਦਿੱਲੀ ਦੇ ਤਿਲਕ ਵਿਹਾਰ ਇਲਾਕੇ ਵਿਚ ਇਕ ਕਲੋਨੀ ਸਥਾਪਿਤ ਕੀਤੀ। ਕਿਉਂਕਿ ਇੱਥੇ ਆਏ ਹਰ ਸਿੱਖ ਪਰਿਵਾਰ ਦੇ ਮਰਦਾਂ ਦਾ ਕਤਲ ਕੀਤਾ ਗਿਆ ਸੀ, ਇੱਥੇ ਸਿਰਫ਼ ਵਿਧਵਾ ਔਰਤਾਂ ਅਤੇ ਉਨ੍ਹਾਂ ਦੇ ਬੱਚੇ ਸਨ, ਇਸ ਲਈ ਇਸ ਦੀ ਪਛਾਣ ਵਿਧਵਾ ਮੁਹੱਲਾ ਜਾਂ ਵਿਧਵਾ ਕਾਲੋਨੀ ਵਜੋਂ ਕੀਤੀ ਗਈ ਸੀ। ਅੱਜ ਵੀ ਇਹ ਇਲਾਕਾ ਇਸੇ ਰੂਪ ਵਿੱਚ ਪਛਾਣਿਆ ਜਾਂਦਾ ਹੈ।

ਨਿਰਮਲ ਕੌਰ ਅਤੇ ਪੱਪੀ ਦੋਵੇਂ ਔਰਤਾਂ ਹੁਣ 50 ਸਾਲ ਤੋਂ ਵੱਧ ਉਮਰ ਦੀਆਂ ਹਨ। ਉਹ ਆਪਣੀ ਜਵਾਨੀ ਦੇ ਅਖੀਰ ਵਿੱਚ ਸੀ ਜਦੋਂ ਫਿਰਕੂ ਗੁੰਡਿਆਂ ਨੇ ਉਸਦੇ ਪਿਤਾ ਅਤੇ ਹੋਰ ਪਰਿਵਾਰਕ ਮੈਂਬਰਾਂ ਦੀ ਹੱਤਿਆ ਕਰ ਦਿੱਤੀ ਗਈ ਸੀ। ਕਈਆਂ ਨੂੰ ਜ਼ਿੰਦਾ ਸਾੜ ਦਿੱਤਾ ਗਿਆ ਸੀ, ਕਈਆਂ ਨੂੰ ਬੇਰਹਿਮੀ ਨਾਲ ਤਿਖੇ ਹਥਿਆਰਾਂ ਅਤੇ ਡੰਡਿਆਂ ਨਾਲ ਮਾਰਿਆ ਗਿਆ । 1984 ਉਹ ਸਾਲ ਸੀ ਜਿਸ ਨੂੰ ਭਾਰਤੀ ਇਤਿਹਾਸ ਵਿੱਚ ਸਭ ਤੋਂ ਖ਼ੂਨੀ ਫਿਰਕੂ ਕਤਲੇਆਮ ਮੰਨਿਆ ਜਾਂਦਾ ਹੈ।

31 ਅਕਤੂਬਰ 1984 ਨੂੰ ਸਿੱਖ ਅੰਗ ਰੱਖਿਅਕਾਂ ਵੱਲੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਪੂਰੇ ਭਾਰਤ ਵਿੱਚ ਸਿੱਖਾਂ ਵਿਰੁੱਧ ਕਤਲੇਆਮ ਨੂੰ 40 ਸਾਲ ਹੋ ਗਏ ਹਨ। ਇਹ ਕਤਲੇਆਮ 3 ਨਵੰਬਰ ਤੱਕ ਚੱਲਿਆ । ਇਸ ਸਮੇਂ ਦੌਰਾਨ ਸਿਖ ਭਾਈਚਾਰੇ ਦਾ ਵੱਡੇ ਪੱਧਰ 'ਤੇ ਕਤਲ, ਬਲਾਤਕਾਰ, ਅੱਗਜ਼ਨੀ, ਤੇਜ਼ਾਬੀ ਹਮਲੇ, ਆਤਮ-ਹੱਤਿਆ ਅਤੇ ਸੰਪਤੀ ਦਾ ਵਿਆਪਕ ਨੁਕਸਾਨ ਹੋਇਆ, ਜਿਸ ਨਾਲ ਸੈਂਕੜੇ ਸਿੱਖ ਬੇਘਰ ਹੋ ਗਏ।

### ਅਜੇ ਵੀ ਉਹੀ ਸਥਿਤੀ

ਤਿਲਕ ਵਿਹਾਰ ਦਾ ਸੀ ਬਲਾਕ ਪੱਛਮੀ ਦਿੱਲੀ ਵਿੱਚ ਇੱਕ ਜਗ੍ਹਾ ਹੈ ਜਿਸ ਇਲਾਕੇ ਨੂੰ ਵਿਧਵਾ ਕਾਲੋਨੀ ਕਹਿੰਦੇ ਹਨ। ਦਹਾਕਿਆਂ ਤੋਂ, ਇਨ੍ਹਾਂ ਪੀੜਤ ਪਰਿਵਾਰਾਂ ਨੇ ਪੁਲਿਸ, ਸਿਆਸਤਦਾਨਾਂ, ਜਾਂਚ ਕਮਿਸ਼ਨਾਂ, ਮੁੜ ਵਸੇਬਾ ਕਮੇਟੀਆਂ ਅਤੇ ਪੱਤਰਕਾਰਾਂ ਦੀ ਭੀੜ ਨੂੰ ਆਪਣੀਆਂ ਕਹਾਣੀਆਂ ਸੁਣਾਈਆਂ ਹਨ। ਪਰ ਇਨ੍ਹਾਂ ਦੀ ਸੁਣਵਾਈ ਨਹੀਂ ਹੋਈ।ਇਨਸਾਫ ਨਹੀਂ ਮਿਲਿਆ।

### ਚੰਮੀ ਕੌਰ ਦੇ ਹੰਝੂ ਕਿਸਨੇ ਪੂੰਝੇ?

ਚੰਮੀ ਕੌਰ ਟੁੱਟੇ-ਭੱਜੇ ਘਰ ਚਿੱਕੜ ਵਾਲੀ ਗਲੀ ਵਿੱਚ ਰਹਿ ਰਹੀ ਹੈ। ਉਸ ਦੇ ਘਰ ਵਿਚ ਕਤਲੇਆਮ ਵਿੱਚ ਮਾਰੇ ਗਏ ਬੰਦਿਆਂ ਦੀਆਂ ਨਾਮ-ਪੱਟੀਆਂ ਲਿਖੀਆਂ ਹੋਈਆਂ ਸਨ। ਉਸ ਦੀ ਉਮਰ ਕਰੀਬ 80 ਸਾਲ ਹੈ। ਉਸਦਾ ਪਤੀ ਇੰਦਰ ਸਿੰਘ ਪੂਰਬੀ ਦਿੱਲੀ ਦੇ ਤ੍ਰਿਲੋਕਪੁਰੀ ਦੇ ਬਲਾਕ 32 ਦੇ ਗੁਰਦੁਆਰੇ ਵਿੱਚ ਸੇਵਾਦਾਰ ਸੀ। ਉਨ੍ਹਾਂ ਦੇ ਸੁਖੀ ਪਰਿਵਾਰਕ ਜੀਵਨ ਦਾ ਅੰਤ ਉਦੋਂ ਹੋਇਆ ਜਦੋਂ 1 ਨਵੰਬਰ ਦੀ ਸਵੇਰ ਨੂੰ ਗੁਰਦੁਆਰੇ ਨੂੰ ਅੱਗ ਲਗਾ ਦਿੱਤੀ ਗਈ। ਚੰਮੀ ਕੌਰ ਟੁੱਟ ਜਾਂਦੀ ਹੈ ਜਦੋਂ ਉਸਨੂੰ ਯਾਦ ਆਉਂਦਾ ਹੈ ਕਿ ਕਿਵੇਂ ਉਹ ਸਾਰੇ ਆਪਣੇ ਘਰ ਅੰਦਰ ਦਹਿਸ਼ਤ ਨਾਲ ਡਰਦੇ ਸਨ। ਫਿਰਕੂ ਭੀੜ ਨੇ ਉਸ ਦੇ ਪਤੀ ਅਤੇ ਉਸ ਦੇ ਵੱਡੇ ਪੁੱਤਰ ਮਨੋਹਰ ਸਿੰਘ ਦੀ ਹੱਤਿਆ ਕਰ ਦਿੱਤੀ ਸੀ। ਪੁੱਤਰ 18 ਸਾਲ ਦਾ ਵੀ ਨਹੀਂ ਸੀ ਹੋਇਆ।ਚੰਮੀ ਕਹਿੰਦੀ ਹੈ ਕਿ ਸਾਨੂੰ ਇਨਸਾਫ ਚਾਹੀਦਾ ਹੈ। ਉਨ੍ਹਾਂ ਨੂੰ ਮਾਰਨ ਵਾਲਿਆਂ ਨੂੰ ਜੇਲ੍ਹ ਵਿੱਚ ਵੀ ਸਜ਼ਾ ਹੋਣੀ ਚਾਹੀਦੀ ਹੈ। ਉਨ੍ਹਾਂ ਨੂੰ ਵੀ ਫਾਂਸੀ ਦਿੱਤੀ ਜਾਣੀ ਚਾਹੀਦੀ ਹੈ। ਚੰਮੀ ਦੀ ਧੀ, ਪੱਪੀ, ਹੁਣ 55 ਸਾਲ ਦੀ ਹੈ ਅਤੇ ਸੀ ਬਲਾਕ ਦੇ ਪ੍ਰਵੇਸ਼ ਦੁਆਰ ਕੋਲ ਸਬਜ਼ੀ ਦੀ ਦੁਕਾਨ ਚਲਾਉਂਦੀ ਹੈ। ਉਸ ਦੀ ਇਨਸਾਫ਼ ਦੀ ਭਾਲ ਨੇ ਉਸ ਨੂੰ ਆਪਣੀ ਪੀੜ੍ਹੀ ਦੀ ਆਵਾਜ਼ ਬਣਾ ਦਿੱਤਾ ਹੈ, ਜਿਸ ਨੇ ਆਪਣੀਆਂ ਅੱਖਾਂ ਸਾਹਮਣੇ ਆਪਣੇ ਪਿਤਾ, ਭਰਾ ਅਤੇ ਚਾਚੇ ਨੂੰ ਮਰਦੇ ਦੇਖਿਆ ਸੀ।

ਹੋਰ ਔਰਤਾਂ ਦੇ ਨਾਲ, ਪੱਪੀ ਉੱਚ-ਪ੍ਰੋਫਾਈਲ ਮੁਲਜ਼ਮਾਂ ਵਿਰੁੱਧ ਨਿਆਂ ਮਿਲਣ ਦੀ ਉਮੀਦ ਵਿੱਚ ਨਿਯਮਿਤ ਤੌਰ 'ਤੇ ਅਦਾਲਤੀ ਸੁਣਵਾਈਆਂ ਵਿੱਚ ਹਾਜ਼ਰ ਹੁੰਦੀ ਹੈ। ਉਸ ਨੂੰ ਯਾਦ ਹੈ ਕਿ ਜਦੋਂ ਫਿਰਕੂ ਭੀੜ ਆਈ ਤਾਂ ਉਸ ਦੇ ਘਰ ਦੀਵਾਲੀ ਦੀਆਂ ਮਠਿਆਈਆਂ ਦੇ ਡੱਬੇ ਪਏ ਹੋਏ ਸਨ। ਪੱਪੀ ਦਾ ਕਹਿਣਾ ਹੈ ਕਿ ਜਦੋਂ ਅਸੀਂ ਕਤਲੇਆਮ ਤੋਂ ਬਾਅਦ ਵਾਪਸ ਆਏ ਤਾਂ ਸਾਨੂੰ ਸਿਰਫ਼ ਮੇਰੇ ਪਿਤਾ ਦੀ ਫੋਟੋ ਅਤੇ ਉਨ੍ਹਾਂ ਦੀ ਇੱਕ ਪੱਗ ਹੀ ਮਿਲੀ।

ਨਿਰਮਲ ਕੌਰ ਆਪਣੇ ਪੋਤੇ-ਪੋਤੀਆਂ ਨਾਲ ਇੱਕ ਕਮਰੇ ਵਾਲੇ ਘਰ ਤੋਂ ਬਾਹਰ ਨਿਕਲਦੀ ਹੈ। ਉਹ ਯਾਦ ਕਰਦੀ ਹੈ ਕਿ ਕਿਵੇਂ ਉਸਨੇ ਫਿਰਕੂ ਭੀੜ ਕੋਲ ਆਪਣੇ ਪਿਤਾ ਲਕਸ਼ਮਣ ਸਿੰਘ ਅਤੇ ਚਾਚੇ ਨੂੰ ਇਕੱਲੇ ਛੱਡਣ ਲਈ ਵਿਅਰਥ ਬੇਨਤੀ ਕੀਤੀ ਸੀ। ਉਸ ਦੀ ਮਾਂ ਗਿਆਨ ਕੌਰ ਅਤੇ ਧੀਆਂ ਨੇ ਰਾਹਤ ਕੈਂਪਾਂ ਵਿੱਚ ਪਨਾਹ ਲਈ ਅਤੇ ਫਿਰ ਹੋਰ ਵਿਧਵਾ ਔਰਤਾਂ ਵਾਂਗ ਇਨਸਾਫ਼ ਲਈ ਸੰਘਰਸ਼ ਵਿੱਚ ਸ਼ਾਮਲ ਹੋ ਗਏ। ਗਿਆਨ ਕੌਰ ਦਾ ਪਿਛਲੇ ਸਾਲ ਦੇਹਾਂਤ ਹੋ ਗਿਆ ਸੀ। ਨਿਰਮਲ ਨੇ ਕਿਹਾ ਕਿ ਹਰ ਕਦਮ 'ਤੇ ਸਾਡੇ ਪਰਿਵਾਰਾਂ ਨੂੰ ਸੰਘਰਸ਼ ਕਰਨਾ ਪਿਆ ਹੈ। ਪਹਿਲਾਂ ਤਾਂ ਅਸੀਂ ਗੁਰਦੁਆਰਿਆਂ ਅਤੇ ਰਾਹਤ ਕੈਂਪਾਂ ਦੇ ਸਹਿਯੋਗ ਨਾਲ ਬਚੇ। ਆਖਰਕਾਰ, ਸਾਨੂੰ ਇਹ ਘਰ ਮਿਲ ਗਏ. ਮੁਆਵਜ਼ੇ ਦੀ ਲੜਾਈ ਅਗਲਾ ਕਦਮ ਸੀ।

ਕੁਝ ਪਰਿਵਾਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ੁਰੂ ਵਿੱਚ 10,000 ਰੁਪਏ ਦੀਆਂ ਦੋ ਕਿਸ਼ਤਾਂ ਮਿਲੀਆਂ ਸਨ। ਫਿਰ ਕਈ ਸਾਲਾਂ ਦੀਆਂ ਮੰਗਾਂ, ਪ੍ਰਦਰਸ਼ਨਾਂ ਅਤੇ ਅਦਾਲਤੀ ਦਖਲ ਤੋਂ ਬਾਅਦ ਉਸ ਨੂੰ ਕਰੀਬ 3.3 ਲੱਖ ਰੁਪਏ ਮਿਲੇ ਅਤੇ ਫਿਰ ਕੁਝ ਸਾਲ ਪਹਿਲਾਂ ਉਸ ਨੂੰ 5 ਲੱਖ ਰੁਪਏ ਮਿਲੇ। ਦੇਰੀ ਨੇ ਉਸ ਦੀ ਆਰਥਿਕਤਾ ਨੂੰ ਪ੍ਰਭਾਵਿਤ ਕੀਤਾ, ਉਸ ਦੀ ਸਿਹਤ ਨੂੰ ਵੀ ਪ੍ਰਭਾਵਿਤ ਕੀਤਾ।

ਬਹੁਤ ਸਾਰੀਆਂ ਵਿਧਵਾਵਾਂ ਮਾਦੀਪੁਰ, ਰਾਜਾ ਗਾਰਡਨ ਅਤੇ ਗੜ੍ਹੀ ਵਰਗੀਆਂ ਕਲੋਨੀਆਂ ਵਿੱਚ ਚਲੀਆਂ ਗਈਆਂ। ਜਦੋਂ ਕਿ ਨਿਰਮਲ ਦੀ ਮਾਂ ਵਰਗੇ ਕਈਆਂ ਨੂੰ ਸਰਕਾਰੀ ਸਕੂਲਾਂ ਵਿੱਚ ਅਤੇ ਸਰਕਾਰੀ ਵਿਭਾਗਾਂ ਵਿੱਚ ਚਪੜਾਸੀ ਵਜੋਂ ਨੌਕਰੀ ਮਿਲੀ ਹੈ, ਬਹੁਤੇ ਪਰਿਵਾਰ ਅਜੇ ਵੀ ਦਹਾਕਿਆਂ ਪਹਿਲਾਂ ਕੀਤੇ ਗਏ ਰੁਜ਼ਗਾਰ ਦੀ ਉਡੀਕ ਕਰ ਰਹੇ ਹਨ। ਕੋਈ ਵੀ ਰਕਮ ਲਕਸ਼ਮੀ ਕੌਰ ਦੇ ਨੁਕਸਾਨ ਦੀ ਭਰਪਾਈ ਨਹੀਂ ਕਰ ਸਕਦੀ। ਉਸ ਨੇ ਦੱਸਿਆ ਕਿ ਕਿਵੇਂ ਉਹ ਕਤਲੇਆਮ ਦੌਰਾਨ ਲੁਕੀ ਰਹੀ। ਇਸ ਦਿਨ ਜਦੋਂ ਉਸ ਦਾ ਪਤੀ ਸੁਲਤਾਨਪੁਰੀ ਵਿਚ ਘਰੋਂ ਬਾਹਰ ਆਇਆ ਤਾਂ ਉਸ ਦਾ ਕਤਲ ਕਰ ਦਿੱਤਾ ਗਿਆ।

ਤਿਲਕ ਵਿਹਾਰ ਦੇ ਬੀ ਬਲਾਕ ਵਿੱਚ, ਸਿਖ ਪੀੜਤ ਇੱਕ ਅਸਥਾਨ ਸ਼ਹੀਦ ਗੰਜ ਗੁਰਦੁਆਰੇ ਵਿੱਚ ਅਰਦਾਸ ਕਰਦੇ ਹਨ। ਬਾਹਰ, ਪੁਰਾਲੇਖ ਦੀਆਂ ਤਸਵੀਰਾਂ ਹਿੰਸਾ ਦੀ ਯਾਦ ਦਿਵਾਉਂਦੀਆਂ ਹਨ ਅੰਦਰ, ਪਾਵਨ ਅਸਥਾਨ ਦੇ ਅੱਗੇ "ਸ਼ਹੀਦਾਂ" ਨੂੰ ਸਮਰਪਿਤ ਇੱਕ ਕਮਰਾ ਹੈ।

ਮੁੱਖ ਸੇਵਾਦਾਰ ਸ਼ੇਰ ਸਿੰਘ ਆਪ ਬਚਿਆ ਹੋਇਆ ਹੈ। ਉਹ ਸਿਰਫ 5 ਸਾਲ ਦਾ ਸੀ ਅਤੇ ਮੰਗੋਲਪੁਰੀ ਦੇ ਵਾਈ ਬਲਾਕ ਵਿੱਚ ਰਹਿੰਦਾ ਸੀ ਜਦੋਂ ਉਸਦੇ ਪਿਤਾ ਅਤੇ ਚਾਚੇ ਦਾ ਉਸਦੀ ਅੱਖਾਂ ਦੇ ਸਾਹਮਣੇ ਕਤਲ ਕਰ ਦਿੱਤਾ ਗਿਆ ਸੀ। ਸਿੰਘ ਨੇ ਕਿਹਾ ਕਿ ਮੈਂ ਹਰ ਰੋਜ਼ ਉਨ੍ਹਾਂ ਲੋਕਾਂ ਨੂੰ ਯਾਦ ਕਰਦਾ ਹਾਂ ਜਿਨ੍ਹਾਂ ਨੂੰ ਅਸੀਂ ਗੁਆ ਦਿੱਤਾ ਹੈ। ਮੁਆਵਜ਼ਾ ਮਦਦ ਕਰ ਸਕਦਾ ਹੈ ਪਰ ਜੋ ਅਸੀਂ ਗੁਆਇਆ ਹੈ ਉਸ ਨੂੰ ਬਹਾਲ ਨਹੀਂ ਕਰ ਸਕਦਾ। ਅਸੀਂ ਇਨਸਾਫ਼ ਚਾਹੁੰਦੇ ਹਾਂ, ਦੋਸ਼ੀਆਂ ਨੂੰ ਸਜ਼ਾਵਾਂ ਅਤੇ ਕਤਲੇਆਮ ਵਿਚ ਆਪਣਾ ਸਭ ਕੁਝ ਗੁਆਉਣ ਵਾਲੇ ਪਰਿਵਾਰਾਂ ਦੀ ਸਹਾਇਤਾ ਲਈ ਨੌਕਰੀਆਂ ਚਾਹੁੰਦੇ ਹਨ।

### ਫੂਲਕਾ ਨੇ ਕਿਹਾ ਕਿ ਸੁਪਰੀਮ ਕੋਰਟ ਮਾਫੀ ਮੰਗੇ

1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਲਗਾਤਾਰ ਸੰਘਰਸ਼ ਕਰ ਰਹੇ ਸੀਨੀਅਰ ਵਕੀਲ ਐੱਚਐੱਸ ਫੂਲਕਾ ਨੇ ਮੰਗ ਕੀਤੀ ਹੈ ਕਿ ਕੌਮੀ ਰਾਜਧਾਨੀ ਵਿਚ ਸਿੱਖ ਕਤਲੇਆਮ ਪ੍ਰਤੀ ਅੱਖਾਂ ਬੰਦ ਕਰਕੇ ਰੱਖਣ ਲਈ ਸੁਪਰੀਮ ਕੋਰਟ ਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ। ਸਿੱਖ ਕਤਲੇਆਮ ਦੀ 40ਵੀਂ ਬਰਸੀ ਮੌਕੇ ਇਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਫੂਲਕਾ ਨੇ ਕਿਹਾ ਕਿ ਸੁਪਰੀਮ ਕੋਰਟ 33 ਸਾਲਾਂ ਮਗਰੋਂ ਹਰਕਤ 'ਚ ਆਈ, ਜਦੋਂ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਹੇਠਲੇ ਬੈਂਚ ਨੇ ਮਾਮਲੇ ਦੀ ਪੜਤਾਲ ਲਈ ਵਿਸ਼ੇਸ਼ ਜਾਂਚ ਟੀਮ ਕਾਇਮ ਕਰਨ ਦੇ ਹੁਕਮ ਦਿੱਤੇ, ਜਿਸ ਮਗਰੋਂ ਕਈ ਕੇਸ ਦੁਬਾਰਾ ਤੋਂ ਖੁੱਲ੍ਹੇ। ਉਨ੍ਹਾਂ ਕਿਹਾ ਕਿ ਸਿੱਖ ਕਤਲੇਆਮ ਦੀ ਜਾਂਚ ਲਈ ਕਈ ਕਮਿਸ਼ਨ ਬਣਾਏ ਪਰ ਪੀੜਤ ਹਾਲੇ ਵੀ ਇਨਸਾਫ਼ ਦੀ ਉਡੀਕ ਕਰ ਰਹੇ ਹਨ ਕਿਉਂਕਿ ਕਈ ਮੁਲਜ਼ਮਾਂ ਨੂੰ ਨਿਆਂ ਦੇ ਘੇਰੇ ਹੇਠ ਲਿਆਉਣਾ ਬਾਕੀ ਹੈ। ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ 31 ਅਕਤੂਬਰ, 1984 ਨੂੰ ਹੱਤਿਆ ਮਗਰੋਂ ਦਿੱਲੀ 'ਚ ਸਿੱਖਾਂ ਦਾ ਕਤਲੇਆਮ ਹੋਇਆ ਸੀ ਅਤੇ ਕਰੀਬ 3 ਹਜ਼ਾਰ ਵਿਅਕਤੀ ਮਾਰੇ ਗਏ ਸਨ। ਦਿੱਲੀ ਹਾਈ ਕੋਰਟ ਨੇ 17 ਦਸੰਬਰ, 2018 ਨੂੰ ਕਾਂਗਰਸ ਆਗੂ ਅਤੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਉਸ ਨੇ ਸਜ਼ਾ ਖ਼ਿਲਾਫ਼ ਸੁਪਰੀਮ ਕੋਰਟ 'ਚ ਪਟੀਸ਼ਨ ਦਾਖ਼ਲ ਕੀਤੀ ਹੋਈ ਹੈ। ਦਿੱਲੀ ਦੀ ਅਦਾਲਤ ਨੇ 13 ਸਤੰਬਰ ਨੂੰ ਇਕ ਹੋਰ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਦੋਸ਼ ਆਇਦ ਕੀਤੇ ਹਨ। ਟਾਈਟਲਰ 'ਤੇ ਪੁਲ ਬੰਗਸ਼ ਇਲਾਕੇ 'ਚ ਤਿੰਨ ਸਿੱਖਾਂ ਦੀ ਹੱਤਿਆ ਲਈ ਭੀੜ ਨੂੰ ਭੜਕਾਉਣ ਦਾ ਦੋਸ਼ ਹੈ। ਟਾਈਟਲਰ ਨੇ ਦੋਸ਼ਾਂ ਨੂੰ ਦਿੱਲੀ ਹਾਈ ਕੋਰਟ 'ਚ ਚੁਣੌਤੀ ਦਿੱਤੀ ਹੈ। ਉਸ ਦੀ ਪਟੀਸ਼ਨ 'ਤੇ 29 ਨਵੰਬਰ ਨੂੰ ਸੁਣਵਾਈ ਹੋਵੇਗੀ।

SINCE : 2007
ਕੈਨੇਡੀਅਨ ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
ਪਾਠਕਾਂ ਦੇ ਵਿਸ਼ਵਾਸ਼ ਦਾ 18ਵਾਂ ਸਾਲ

24 ਘੰਟੇ ਆਨਲਾਈਨ ਪੜ੍ਹੋ
www.thepunjabtimes.ca
ਲੇਖ ਅਤੇ ਚਲੰਤ ਮਸਲੇ
ਜੇਕਰ ਤੁਸੀਂ ਆਪਣੇ ਵਪਾਰ ਨੂੰ ਵਧਾਉਣਾ ਚਾਹੁੰਦੇ ਹੋ
ਤਾਂ ਅੱਜ ਹੀ ਸਾਡੇ ਨਾਲ ਜੁੜੋ
It's Time To Grow Your Business
Advertise with us...
ਕੈਨੇਡੀਅਨ ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
: canadianpunjabtimes@gmail.com
Contact : 604-338-7310

# ਸਚ ਕੀ ਬਾਣੀ ਨਾਨਕੁ ਆਖੈ



ਬਾਬਾ ਨਾਨਕ ਜੀ 15 ਅਪ੍ਰੈਲ 1469 ਨੂੰ ਰਾਇ ਭੋਇ ਦੀ ਤਲਵੰਡੀ ਅੱਜਕਲ ਦਾ ਨਾਮ ਨਨਕਾਣਾ ਸਾਹਿਬ (ਜੋ ਕਿ ਪਾਕਿਸਤਾਨ ਦੀ ਧਰਤੀ ਤੇ ਸਥਿਤ ਹੈ ਵਿਖੇ ਪ੍ਰਕਾਸ਼ ਧਾਰਿਆ ਆਪ ਸੋਲਾਂ ਕਲਾ ਸੰਪੂਰਨ ਸਨ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ

**ਚਾਰੇ ਪੈਰ ਧਰੱਮ ਦੇ ਚਾਰਿ**
**ਵਰਨਿ ਇਕੁ ਵਰਨੁ ਕਰਾਇਆ।**
**ਰਾਣਾ ਰੰਕੁ ਬਰਾਬਰੀ ਪੈਰੀ**
**ਪਾਵਣਾ ਜਗਿ ਵਰਤਾਇਆ।**

ਸਾਰੀ ਕਾਇਨਾਤ ਨੂੰ ਇੱਕ ਵਿੱਚ ਪਰੋਇਆ ਅਤੇ ਸਾਰੀ ਮਨੁੱਖਤਾ ਨੂੰ ਸਾਂਝਾ ਉਪਦੇਸ਼ ਦਿੱਤਾ ਜੋ ਕਿ ਪਾਖੰਡਾ ਵਹਿਮਾਂ ਤੋਂ ਦੂਰ ਉਚ ਨੀਚ ਤੋਂ ਪਰੇ ਅਤੇ ਰਾਜੇ ਅਤੇ ਪਰਜ਼ਾ ਨੂੰ ਇਕ ਸਮਾਨ ਕਰ ਕੇ ਜਾਣਿਆ ਬਾਬੇ ਨਾਨਕ ਨੇ ਭੁੱਲੀ ਭਟਕੀ ਲੋਕਾਈ ਨੂੰ ਜ਼ਿੰਦਗੀ ਜਿਊਣ ਦਾ ਬੜਾ ਸੁਖਾਲਾ ਜਿਹਾ ਢੰਗ ਸਿਖਾਇਆ। ਸੂਰਜ, ਚੰਦਰਮਾਂ, ਰੁੱਖਾਂ, ਪਸ਼ੂਆਂ, ਪੱਥਰਾਂ, ਦੇਵੀ-ਦੇਵਤਿਆਂ ਦੀ ਪੂਜਾ ਕਰਨ ਵਾਲਿਆਂ ਨੂੰ, ਇਸ ਸਾਰੀ ਸ੍ਰਿਸ਼ਟੀ ਦੇ ਰਚਨਹਾਰੇ ਇੱਕ ਨਿਰੰਕਾਰ ਨਾਲ ਜੋੜਿਆ। ਉਸ ਦਾ 'ਇੱਕ ਓਅੰਕਾਰ' ਦਾ ਨਾਅਰਾ, ਇੱਕ ਬਹੁਤ ਵੱਡਾ ਕ੍ਰਾਂਤੀਕਾਰੀ ਕਦਮ ਸੀ।ਉਸ ਸਮੇਂ ਦੇ ਪੁਜਾਰੀ ਵਰਗ ਵਲੋਂ ਹਜ਼ਾਰਾਂ ਸਾਲਾਂ ਤੋਂ ਬਣਾਈਆਂ ਪੁਰਾਣੀਆਂ ਮਿੱਥਾਂ ਨੂੰ ਤੋੜਨਾ ਕੋਈ ਆਸਾਨ ਕੰਮ ਨਹੀਂ ਸੀ। ਪਰ ਬਾਬੇ ਨਾਨਕ ਨੇ ਕਿਸੇ ਨਾਲ ਲੜਾਈ ਨਹੀਂ ਕੀਤੀ, ਉੱਚਾ ਨਹੀਂ ਬੋਲਿਆ ਸਗੋਂ ਬੜੇ ਹੀ ਠਰੰਮ੍ਹੇ ਨਾਲ ਹਰ ਗੱਲ ਦਲੀਲ ਨਾਲ ਸਮਝਾਈ। ਸਮੇਂ ਦੇ ਪੁਜਾਰੀ ਵਰਗ ਨੂੰ ਬਾਣੀ ਰਾਹੀਂ ਐਸੇ ਸੁਆਲ ਕੀਤੇ- ਜਿਹਨਾਂ ਦੇ ਉਹਨਾਂ ਕੋਲ ਕੋਈ ਜੁਆਬ ਨਹੀਂ ਸਨ। ਬਾਬਾ ਨਾਨਕ ਜੀ ਨੇ ਹਮੇਸ਼ਾਂ

**ਸਚ ਕੀ ਬਾਣੀ ਨਾਨਕੁ ਆਖੈ**
**ਸਚੁ ਸੁਣਾਇਸੀ ਸਚ ਕੀ ਬੇਲਾ**

ਤੇ ਪਹਿਰਾ ਦਿੱਤਾ। ਸਮੇਂ ਦੇ ਹਾਕਮਾਂ ਦੇ ਜ਼ੁਲਮਾਂ ਖ਼ਿਲਾਫ ਡੱਟ ਕਿ ਅਵਾਜ਼ ਉਠਾਈ ਕਦੇ ਵੀ ਝੁਕੇ ਨਹੀ ਡਰੇ ਨਹੀਂ ਉਨ੍ਹਾਂ ਨੂੰ ਆਪਣੇ ਜੀਵਨ ਕਾਲ ਦੌਰਾਨ ਜੇਲ ਵਿੱਚ ਵੀ ਜਾਣਾ ਪਿਆ ਪਰ ਪਰਮਾਤਮਾ ਦਾ ਭਾਣਾ ਮੰਨ ਕੇ ਜੇਲ ਵਿੱਚ ਵੀ ਗਏ ਉਥੇ ਵੀ ਲੋਕਾਈ ਨੂੰ ਨਾਮ ਬਾਣੀ ਦਾ ਉਪਦੇਸ਼ ਦਿੱਤਾ ਅਤੇ ਉਨ੍ਹਾਂ ਨੇ ਨੇ ਨਾ ਸਿਰਫ ਆਪਣੀ ਬਾਣੀ ਨਾਲ ਉਸ ਯੁੱਗ ਦਾ ਕਾਇਆ-ਕਲਪ ਕਰਨ ਲਈ ਮਨੁੱਖਾਂ ਨੂੰ ਜਾਗਰੂਕ ਕੀਤਾ ਸਗੋਂ ਆਉਣ ਵਾਲੀਆਂ ਪੀੜੀਆਂ ਨੂੰ ਨੂੰ ਦਿਸ਼ਾ ਦਿਖਾ ਕੇ ਆਪਣੇ ਅਧਿਕਾਰਾਂ, ਆਪਣੀਆਂ ਨੈਤਿਕ, ਸਮਾਜਿਕ ਆਦਿ ਕਦਰਾਂ-ਕੀਮਤਾਂ ਤੋਂ ਜਾਣੂ ਕਰਵਾਇਆ।ਉਨ੍ਹਾਂ ਦੁਆਰਾ ਦਿੱਤੇ ਹੋਏ ਉਪਦੇਸ਼ ਰਹਿੰਦੀ ਦੁਨੀਆਂ ਤੱਕ ਲੋਕਾਈ ਨੂੰ ਤਾਰਦੇ ਅਤੇ ਜ਼ਿੰਮੇਵਾਰੀਆਂ ਦਾ ਅਹਿਸਾਸ ਦਿਵਾਉਂਦੇ ਰਹਿਣਗੇ । ਬਾਬ ਨਾਨਕ ਜੀ ਨੇ ਮਨੁੱਖੀ ਅਧਿਕਾਰਾਂ ਦੇ ਖੇਤਰ 'ਚ ਵਡਮੁੱਲਾ ਯੋਗਦਾਨ ਪਾਇਆ। ਉਨ੍ਹਾਂ ਦਾ ਸਮੁੱਚਾ ਜੀਵਨ ਮਨੁੱਖੀ ਅਧਿਕਾਰਾਂ ਲਈ ਸੰਘਰਸ਼ ਨੂੰ ਸਮਰਪਿਤ ਸੀ। ਉਨ੍ਹਾਂ ਨੇ

**ਰਾਜੇ ਸੀਹ ਮੁਕਦਮ ਕੁਤੇ ॥**

ਰਾਜੇ (ਮਾਨੋ) ਸ਼ੇਰ ਹਨ (ਉਹਨਾਂ ਦੇ, ਪੜ੍ਹੇ ਹੋਏ) ਅਹਿਲਕਾਰ (ਮਾਨੋ) ਕੁੱਤੇ ਹਨ

**ਜਾਇ ਜਗਾਇਨਿ ਬੈਠੇ ਸੁਤੇ ॥**
**ਲੋਕਾਈ ਨੂੰ ਤੰਗ ਕਰਦੇ ਹਨ ।**


ਧਾਰਮਿਕ ਆਗੂਆਂ ਵਲੋਂ ਕੀਤੇ ਜਾ ਰਹੇ ਪਾਖੰਡ ਅਤੇ ਸਰਕਾਰੀ ਅਹਿਲਕਾਰਾਂ ਵਲੋਂ ਕੀਤੇ ਜਾ ਰਹੇ ਧੱਕਿਆਂ ਵਿਰੁੱਧ ਜਾਗਰੂਕਤਾ ਪੈਦਾ ਕਰਨ ਲਈ ਵੱਖ-ਵੱਖ ਮੁਲਕਾਂ ਵਿੱਚ ਪ੍ਰਚਾਰਕ ਉਦਾਸੀਆਂ ਕੀਤੀਆਂ। ਉਨ੍ਹਾਂ ਉਸ ਸਮੇਂ 'ਚ ਪ੍ਰਚੱਲਿਤ ਵੱਖ-ਵੱਖ ਧਰਮਾਂ ਦੇ ਉਨ੍ਹਾਂ ਧਾਰਮਿਕ ਆਗੂਆਂ ਵਲੋਂ ਆਮ ਲੋਕਾਂ ਨਾਲ ਕੀਤੇ ਜਾ ਰਹੇ ਪਾਖੰਡਵਾਦ ਅਤੇ ਧੱਕਿਆਂ ਦੀ ਨਿੰਦਾ ਕੀਤੀ, ਜਿਨ੍ਹਾਂ ਨੇ ਆਮ ਲੋਕਾਂ ਨੂੰ ਧਾਰਮਿਕ ਆਜ਼ਾਦੀ ਅਤੇ ਉਨ੍ਹਾਂ ਦੇ ਮੌਲਿਕ ਅਧਿਕਾਰਾਂ ਤੋਂ ਵਾਂਝੇ ਕੀਤਾ। ਉਨ੍ਹਾਂ ਨੇ ਲੋਕਾਂ ਨੂੰ ਧਰਮ ਦਾ ਅਸਲ ਅਰਥ ਸਿਖਾਇਆ ਅਤੇ ਉਨ੍ਹਾਂ ਨੇ ਧਰਮ ਦੇ ਨਾਂ 'ਤੇ ਲੋਕਾਈ ਦੇ ਹੋ ਰਹੇ ਸ਼ੋਸ਼ਣ ਅਤੇ ਜ਼ੁਲਮ ਤੋਂ ਜਾਣੂ ਕਰਵਾਇਆ।

ਬਾਬਾ ਨਾਨਕ ਜੀ ਨੇ ਆਪਣੇ ਸਮੇਂ ਦੇ ਸਾਰੇ ਧਾਰਮਿਕ ਆਗੂਆਂ ਨੂੰ ਸਲਾਹ ਦਿੱਤੀ ਕਿ ਉਹ ਬਾਹਰੀ ਰੀਤੀ-ਰਿਵਾਜਾਂ ਦੀ ਬਜਾਏ ਆਪਣੇ ਧਾਰਮਿਕ ਉਪਦੇਸ਼ਾਂ ਅਨੁਸਾਰ ਕੰਮ ਕਰਨ ਅਤੇ ਚਰਚਾ /ਗੱਲਬਾਤ ਰਾਂਹੀ ਆਪਣੇ ਮੱਤਭੇਦਾਂ ਨੂੰ ਸੁਲਝਾਉਣ। ਬਾਬਾ ਨਾਨਕ ਜੀ ਨੇ ਆਪਣੇ ਸਮੇਂ ਦੇ ਸ਼ਾਸਕਾਂ ਦੀ ਨਿੰਦਾ ਕੀਤੀ, ਜੋ ਲੋਕਾਂ ਤੇ ਜ਼ੁਲਮ ਕਰ ਰਹੇ ਸਨ ਅਤੇ ਜਿਨ੍ਹਾਂ ਨੇ ਧਰਮ ਨੂੰ ਮੰਨਣ ਦੀ ਆਜ਼ਾਦੀ ਦਾ ਅਧਿਕਾਰ ਖੋਹਿਆ। ਉਨ੍ਹਾਂ ਨੇ ਧਾਰਮਿਕ ਆਜ਼ਾਦੀ ਦਾ ਜ਼ੋਰਦਾਰ ਪ੍ਰਚਾਰ ਕੀਤਾ ਬਾਬਾ ਨਾਨਕ ਜੀ ਨੇ ਆਪਣੀ ਬਾਣੀ 'ਚ ਅਜਿਹੇ ਅੱਤਿਆਚਾਰ ਨੂੰ ਬਿਆਨ ਕੀਤਾ। ਉਨ੍ਹਾਂ ਨੇ ਬਾਬਰ ਬਾਣੀ ਵਿੱਚ ਉਸ ਸਮੇਂ ਦੇ ਵਰਤਾਰੇ ਬਾਰੇ ਵਰਨਣ ਵੀ ਕੀਤਾ ਹੈ

ਉਨ੍ਹਾਂ ਦੱਬੇ-ਕੁਚਲੇ ਲੋਕਾਂ 'ਚ ਨਵੀਂ ਰੂਹ ਫੂਕਣ ਅਤੇ ਉਨ੍ਹਾਂ 'ਚ ਰਾਜਨੀਤਕ ਚੇਤਨਾ ਜਗਾਈ। ਬਾਬਾ ਨਾਨਕ ਜੀ ਸਮਾਜ ਦੇ ਹਰ ਵਰਗ ਦੇ ਲੋਕਾਂ ਦਾ ਮਾਣ-ਸਨਮਾਨ ਬਹਾਲ ਕਰਨਾ ਚਾਹੁੰਦੇ ਸਨ ਅਤੇ ਜਾਤ, ਨਸਲ, ਰੰਗ ਅਤੇ ਵਰਗ ਦੇ ਬੰਧਨਾਂ ਨੂੰ ਤੋੜ ਕੇ ਸਾਰੇ ਲੋਕਾਂ ਦੀ ਬਰਾਬਰੀ ਦਾ ਉਪਦੇਸ਼ ਦਿੰਦੇ ਸਨ। ਜਾਤੀ ਭੇਦਭਾਵ ਨੂੰ ਦੂਰ ਕਰਨ ਲਈ ਬਾਬਾ ਨਾਨਕ ਜੀ ਨੇ 'ਸੰਗਤ' ਅਤੇ 'ਪੰਗਤ' ਦੇ ਸੰਕਲਪ ਨੂੰ ਲਿਆਂਦਾ । ਬਾਬਾ ਨਾਨਕ ਜੀ ਨੇ ਬਰਾਬਰੀ ਦੇ ਅਧਿਕਾਰ ਦੀ ਵਕਾਲਤ ਕੀਤੀ ਅਤੇ ਕਿਸੇ ਵੀ ਤਰ੍ਹਾਂ ਦੇ ਭੇਦਭਾਵ ਦੀ ਨਿੰਦਾ ਕੀਤੀ। ਇਸੇ ਤਰ੍ਹਾਂ ਬਾਬਾ ਨਾਨਕ ਜੀ ਨੇ ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰਾਂ ਦੀ ਵਕਾਲਤ ਕੀਤੀ। ਉਨ੍ਹਾਂ ਔਰਤਾਂ ਨਾਲ ਸਬੰਧਤ ਸਾਰੀਆਂ ਸਮਾਜਿਕ ਬੁਰਾਈਆਂ ਦੀ ਨਿਖੇਧੀ ਕੀਤੀ ਅਤੇ ਔਰਤਾਂ ਦੇ ਹੱਕਾਂ ਲਈ ਆਵਾਜ਼ ਉਠਾਈ।ਬਾਬਾ ਨਾਨਕ ਜੀ ਨੇ ਲੋਕਾਂ ਨੂੰ ਆਪਣੇ ਅਧਿਕਾਰਾਂ ਨੂੰ ਜਾਣਨ ਅਤੇ ਪਛਾਣਨ ਲਈ ਜਾਗਰੂਕ ਕੀਤਾ।

ਅੱਜ ਦੇ ਸਮੇਂ ਦੇ ਦੌਰ ਵਿੱਚ ਮਨੁੱਖੀ ਅਧਿਕਾਰਾਂ ਦੀ ਜੋ ਗੱਲ ਕੀਤੀ ਜਾ ਰਹੀ ਹੈ, ਉਨ੍ਹਾਂ ਹੀ ਅਧਿਕਾਰਾਂ ਦੀ ਗੱਲ ਬਾਬਾ ਨਾਨਕ ਜੀ ਨੇ 15ਵੀਂ ਸਦੀ 'ਚ ਹੀ ਕਰ ਦਿੱਤੀ ਸੀ। ਉਨ੍ਹਾਂ ਨੇ ਹਰ ਤਰ੍ਹਾਂ ਦੇ ਜ਼ੁਲਮ, ਸ਼ੋਸ਼ਣ ਤੋਂ ਮੁਕਤ ਨਵੀਂ ਤਰ੍ਹਾਂ ਦੇ ਸਮਾਜ ਦੀ ਕਲਪਨਾ ਕੀਤੀ ਸੀ ਅੱਜ ਵੀ ਬਾਬੇ ਨਾਨਕ ਦੇ ਸਿੱਖ 555 ਸਾਲਾਂ ਬਾਅਦ ਵੀ ਮਨੁੱਖੀ ਅਧਿਕਾਰਾਂ ਲਈ ਸ਼ਹੀਦੀਆਂ ਦੇ ਰਹੇ ਹਨ

ਸਿੱਖ ਇਤਿਹਾਸ ਗਵਾਹ ਹੈ ਕਿ ਦਸ ਗੁਰੂ ਸਾਹਿਬਾਨ (1469 ਤੋ 1708 ਈਸਵੀ) ਤੋਂ ਬਾਅਦ ਅੱਜ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਚਲਦੇ ਖਾਲਸੇ ਨੂੰ ਜਦੋਂ ਜਦੋਂ ਵੀ ਜਾਲਮਾਂ ਨੇ ਦਬਾਉਣ ਦਾ ਯਤਨ ਕੀਤਾ ਤਾਂ ਨਾਮ ਬਾਣੀ ਨਾਲ ਭਿੱਜੇ ਅਤੇ ਸਚ ਨਾਲ ਜੁੜੇ ਪ੍ਰਵਾਨਿਆਂ ਨੇ ਸ਼ਹੀਦੀਆਂ ਦਿੱਤੀਆਂ ।ਬਾਬਾ ਨਾਨਕ ਜੀ ਨੇ ਆਪਣਾ ਸਮੁੱਚਾ ਜੀਵਨ ਮਨੁੱਖਾਂ ਦੇ ਹੱਕਾਂ ਅਤੇ ਸਤਿਕਾਰ ਲਈ ਸਮਰਪਿਤ ਕਰ ਦਿੱਤਾ। ਬਾਬਾ ਨਾਨਕ ਜੀ ਦੇ ਮਨੁੱਖੀ ਜੀਵਨ ਦੀ ਮਹੱਤਤਾ ਨੂੰ ਸਮਝਦੇ ਹੋਏ ਸਾਨੂੰ ਸਮੁੱਚੀ ਸਥਿਤੀ ਬਾਰੇ ਨਵੇਂ ਸਿਰੇ ਤੋਂ ਸੋਚਣ ਦੀ ਲੋੜ ਹੈ। ਬਾਬਾ ਨਾਨਕ ਜੀ ਦੇ ਫਲਸਫੇ ਨੂੰ ਸਮਝਣਾ, ਸੁਰਜੀਤ ਕਰਨਾ ਅਤੇ ਲਾਗੂ ਕਰਨਾ ਸਮੇਂ ਦੀ ਸਖ਼ਤ ਲੋੜ ਹੈ। ਮਨੁੱਖਤਾ ਨੂੰ ਨਿਘਾਰ ਤੋਂ ਬਚਾਉਣ ਦਾ ਇਹੀ ਤਰੀਕਾ ਹੈ ਕਿ ਅਸੀਂ ਆਪਣਾ ਜੀਵਨ ਨਾਮ - ਬਾਣੀ ਅਨੁਸਾਰ ਪਾਖੰਡਾਂ ਵਹਿਮਾਂ ਤੋਂ ਦੂਰ ਅਤੇ ਮਨੁੱਖੀ ਅਧਿਕਾਰਾਂ ਨੂੰ ਸਮਰਪਿਤ ਹੋਈਏ ਇਹ ਤਾਂ ਹੀ ਸੰਭਵ ਹੈ ਜਦੋਂ ਅਸੀਂ ਬਾਬਾ ਨਾਨਕ ਜੀ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਆਪਣਾ ਫਰਜ਼ ਸਮਝਾਂਗੇ ਅਤੇ ਇਹੀ ਸਾਡੇ ਮਹਾਨ ਬਾਬਾ ਨਾਨਕ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਦੀ ਸਾਰਥਿਕਤਾ ਹੋਵੇਗੀ ।




# ਸਿੱਖ ਰਾਜ
## ਕਿਵੇਂ ਬਣਿਆ?

ਲੇਖਕ : ਗਿ: ਸੋਹਨ ਸਿੰਘ 'ਸੀਤਲ'

ਕਿਸ਼ਤ - 50

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

### ਗ਼ਾਜ਼ੀਉੱਦੀਨ ਨੇ ਮਰਹੱਟੇ ਸੱਦ ਲਏ

ਗਾਜ਼ੀਉੱਦੀਨ ਵਜ਼ੀਰ ਤੇ ਨਜ਼ੀਬੁੱਦੌਲਾਸੈਨਾਪਤੀ। ਬਾਦਸ਼ਾਹ ਕੇਵਲ ਕਾਠ ਦੀ ਪੁਤਲੀ ਸੀ। ਵਜ਼ੀਰ ਤੇ ਸੈਨਾਪਤੀ ਦੀ ਆਪਸਵਿਚ ਬੜੀ ਲਗਦੀ ਸੀ। ਵਜ਼ੀਰ ਨੇ ਆਪਣੀ ਮਦਦ ਵਾਸਤੇ ਮਰਹੱਟੇ ਸੱਦ ਲਏ। ਟਾਕਰੇ ਦੀ ਸਮਰਥਾ ਨਾ ਸਮਝ ਕੇ ਨਜ਼ੀਬੁੱਦੌਲਾ ਰੁਹੇਲਾ ਦਿੱਲੀ 'ਚੋਂ ਨੱਸਕੇ ਨਜ਼ੀਬਗੜ੍ਹ ਜਾ ਵੜਿਆ। ਮਰਹੱਟਿਆਂ ਨੇ ਦਿੱਲੀ ਉੱਤੇ ਕਬਜ਼ਾ ਕਰ ਲਿਆ। ਬਾਦਸ਼ਾਹ ਤੇ ਵਜ਼ੀਰ ਮਰਹੱਟਿਆਂ ਦੇ ਆਸਰੇ !ਤੇ ਰਹਿ ਗਏ।

### ਅਦੀਨਾ ਬੇਗ ਤੇ ਮਰਹੱਟੇ

ਅਦੀਨਾ ਬੇਗ ਨੇ ਮਰਹੱਟਿਆਂ ਤੋਂ ਮਦਦ ਮੰਗੀ। ਏਸ ਕੰਮ ਵਾਸਤੇ ਉਹਨੇ ਬਚਨ ਦਿੱਤਾ, ਕਿ ਜਿਸ ਦਿਨ ਆਪ ਚਲਦੇ ਆਓ, ਉਸ ਦਿਨ ਦਾ ਇਕ ਲੱਖ ਤੋਂ ਜਿਸ ਦਿਨ ਪੜੀ 'ਤੇ ਆਰਾਮ ਕਰੋ, ਉਸ ਦਿਨ ਪੰਜਾਹ ਹਜ਼ਾਰ ਦਿਆਂਗਾ। ਅਦੀਨਾ ਬੇਗ ਨੇ ਆਪਣੀ ਮਦਦ ਵਾਸਤੇ ਸਿੱਖ ਵੀ ਆਪਣੇ ਨਾਲ ਗੰਢ ਲਏ''। ਵਜ਼ੀਰ ਗ਼ਾਜ਼ੀਉੱਦੀਨ ਨੂੰ ਨਾਲ ਲੈ ਕੇ ਮਰਹੱਟੇ ਜਰਨੈਲ ਰਘੁਨਾਥਰਾਉ ਤੇ ਮਲਹਾਰਰਾਉ ਨੇ ਸਰਹਿੰਦ 'ਤੇ ਚੜ੍ਹਾਈ ਕਰ ਦਿੱਤੀ।

ਮਰਹੱਟਿਆਂ ਆਉਂਦਿਆਂ ਹੀ ਅਫ਼ਗਾਨਾਂ ਦਾ ਕਿਲਾ ਕੁੰਜਪੁਰਾ ਲੈ ਲਿਆ। ਅਬਦੁੱਸਮੱਦ ਖ਼ਾਂ ਸੂਬੇਦਾਰ ਸਰਹਿੰਦ ਓਦੋਂ ਕਿਲਾ ਸੁਨਾਮ ਨੂੰ ਘੇਰਾ ਪਾਈ ਬੈਠਾ ਸੀ। ਮਰਹੱਟਿਆਂ ਦੀ ਚੜ੍ਹਾਈ ਦੀ ਖ਼ਬਰ ਸੁਣਕੇ ਉਹਨੇ 12 ਜਨਵਰੀ, 1758 ਈ। ਨੂੰ ਆਲਾ ਸਿੰਘ ਨਾਲ ਸੁਲ੍ਹਾ ਕਰ ਲਈ ਤੇ ਆਪ ਵਾਪਸ ਸਰਹਿੰਦ ਆ ਗਿਆ।

### ਮਰਹੱਟਿਆਂ ਦਾ ਸਰਹਿੰਦ 'ਤੇ ਕਬਜ਼ਾ

8 ਮਾਰਚ ਨੂੰ ਮਰਹੱਟਾ ਫ਼ੌਜਾਂ ਸਰਹਿੰਦ ਦੇ ਨੇੜੇ ਆ ਪੁੱਜੀਆਂ। ਓਥੇ ਅਦੀਨਾ ਬੇਗ ਵੀ-ਸਣੇ ਸਿੱਖਾਂ-ਉਹਨਾਂਨੂੰ ਜਾ ਮਿਲਿਆ। ਮਰਹੱਟਾ ਫ਼ੌਜ ਦੀ ਗਿਣਤੀ ਇਕ ਲੱਖ ਦੇ ਲਗਭਗ ਸੀ। ਦੁਰਾਨੀ ਸੂਬੇਦਾਰ ਸਰਹਿੰਦ ਵਿਚ ਕਿਲਾ ਬੰਦ ਹੋ ਬੈਠਾ। ਬਾਹਰੋਂ ਸਿੱਖਾਂ ਤੇ ਮਰਹੱਟਿਆਂ ਨੇ ਹਮਲੇ ਕਰ ਕੇ ਉਹਦੀ ਜਾਨ ਤੰਗ ਕਰ ਦਿੱਤੀ। ਦੁਰਾਨੀਆਂ ਨੂੰ ਜਿੱਤ ਦੀ ਆਸ ਕੋਈ ਨਾ ਰਹੀ, ਤਾਂ ਅਬਦੁੱਸਮੱਦ ਖ਼ਾਂ ਤੇ ਜੰਗਬਾਜ਼ ਖ਼ਾਂ ਕਿਲਾ ਛੱਡ ਕੇ ਨੱਸ ਤੁਰੇ, ਪਰ ਮਾੜੇ ਭਾਗਾਂ ਮਰਹੱਟਿਆ ਦੇ ਕਾਬੂ ਆ ਗਏ ਤੇ ਦੋਵੇਂ ਕੈਦ ਕਰ ਲਏ ਗਏ। ਸਿੰਘਾਂ ਤੇ ਮਰਹੱਟਿਆਂ ਰੱਜ ਕੇ ਸਰਹਿੰਦ ਲੁੱਟੀ।

### ਸਰਹਿੰਦ ਲੁੱਟੀ ਗਈ

ਸਿੰਘ ਅੱਗੇ ਸਰਹਿੰਦ ਦੇ ਜਾਣੂ ਸਨ। ਉਹਨਾਂ ਲੁੱਟ ਦਾਮਾਲ ਵਧੇਰੇ ਹਾਸਲ ਕਰ ਲਿਆ। ਏਸ ਗੱਲੋਂ ਮਰਹੱਟਿਆਂ ਨੂੰ ਬੜਾ ਗੁੱਸਾ ਆਇਆ। ਉਹਨਾਂ ਸਿੱਖਾਂ ਦਾ ਡੇਰਾ ਲੁੱਟਣ ਦੀ ਸਲਾਹ ਬਣਾ ਲਈ। ਅਦੀਨਾ ਬੇਗ ਨੇ ਸਿੱਖਾਂ ਨੂੰ ਇਹ ਗੱਲ ਦੱਸ ਦਿੱਤੀ। ਸਿੰਘ ਸਮੇਂ ਸਿਰ ਕੂਚ ਕਰਕੇ ਮਾਝੇ ਨੂੰ ਆ ਗਏ।

### ਸਦੀਕ ਬੇਗ ਦਾ ਸੂਬਾ

ਸਦੀਕ ਬੇਗ ਨੂੰ (ਅਦੀਨਾ ਬੇਗ ਦੇ ਮਾਤਹਿਤ) ਸਰਹਿੰਦ ਦਾ ਹਾਕਮ ਬਣਾਕੇ ਮਰਹੱਟੇ ਲਾਹੌਰ ਵੱਲਵਧੇ। ਸਦੀਕ ਬੇਗ ਸਦਾ ਕਿਸੇ ਹਾਕਮ ਦਾ ਨਾਇਬ ਹੀ ਬਣਦਾ ਰਿਹਾ ਤੇ ਹਰ ਵਾਰ ਆਪਣੇ ਮਾਲਕ ਦੇ ਵਿਰੁੱਧ ਹਮਲਾ ਕਰਨ ਵਾਲੇ ਦਾ ਸਾਥ ਦੇ ਕੇ ਫੇਰ ਹਕੂਮਤ ਵਿਚ ਆਪਣਾ ਹਿੱਸਾ ਕਾਇਮ ਕਰ ਲੈਂਦਾ ਰਿਹਾ। ਮਰਹੱਟੇ ਤੇ ਅਦੀਨਾ ਬੇਗ ਲਾਹੌਰ ਨੂੰ ਤੁਰੇ ਤੇ ਵਜ਼ੀਰ ਗ਼ਾਜ਼ੀਉੱਦੀਨ ਸਰਹਿੰਦ ਤੋਂ ਹੀ ਵਾਪਸ ਦਿੱਲੀ ਨੂੰ ਮੁੜ ਗਿਆ। ਕੁਛ ਚਿਰ ਪਿਛੋਂ ਉਹਨੇ ਨਜ਼ੀਬੁੱਦੌਲਾ ਨੂੰ ਨਜ਼ੀਬਗੜ੍ਹ ਵਿਚ ਜਾ ਘੇਰਿਆ।

### ਤੈਮੂਰ ਤੇ ਜਹਾਨ ਖ਼ਾ ਲਾਹੌਰੋਂ ਭੱਜ ਨਿਕਲੇ

ਮਰਹੱਟੇ ਸਤਲੁਜ ਟੱਪੇ, ਤਾਂ ਤੈਮੂਰ ਤੇ ਜਹਾਨ ਖ਼ਾਂ ਲਾਹੌਰ ਖ਼ਾਲੀ ਕਰਕੇ ਕਾਬਲ ਨੂੰ ਤੁਰ ਪਏ। 9 ਅਪ੍ਰੈਲ ਨੂੰ ਉਹ ਸਾਮਾਨ ਲੱਦ ਕੇ ਸ਼ਾਹਦਰੇ ਜਾ ਬੈਠੇ। 11 ਅਪ੍ਰੈਲ ਨੂੰ ਮਰਹੱਟਿਆਂ ਬਿਨਾਂ ਟਾਕਰੇ ਲਾਹੌਰ ਲੈ ਲਿਆ।

### ਮਰਹੱਟੇ ਲਾਹੌਰ ਵਿਚ

ਮੁਰਾਦ ਬੇਗਮ ਤੇ ਖ਼ਵਾਜਾ ਮਿਰਜ਼ਾ ਮਰਹੱਟਿਆਂ ਨਾਲ ਲਾਹੌਰ ਆਏ। ਦੁਰਾਨੀਆਂ ਨੇ ਬਹੁਤ ਸਾਰੇ ਸਾਮਾਨ ਨੂੰ ਅੱਗ ਲਾ ਦਿੱਤੀ ਤੇ ਲੋੜੀਂਦਾ ਮਾਲ ਲੈ ਕੇ ਛੇਤੀ ਨੱਸੇ। ਤੈਮੂਰ ਤੇ ਜਹਾਨ ਖ਼ਾਂ ਆਪ ਅੱਗੇ-ਅੱਗੇ ਨੱਸੇ ਤੋਂ ਮਗਰ ਰਾਖੀ ਵਾਸਤੇ ਮੀਰ ਹਾਜ਼ਰ ਖ਼ਾਂ ਦੀ ਕਮਾਨ ਵਿਚ ਦੁਰਾਨੀ ਫ਼ੌਜ ਲਾ ਲਈ।

### ਹਾਜ਼ਰ ਖ਼ਾਂ ਕੈਦ

ਅਗਲੇ ਦਿਨ ਖ਼ਵਾਜਾ ਮਿਰਜ਼ਾ 'ਤੇ ਮਰਹੱਟਿਆਂ ਨੇ ਹਮਲਾ ਕਰਕੇ ਮੀਰ ਹਾਜ਼ਰ ਖ਼ਾਂ ਸਣੇ ਫ਼ੌਜ ਫੜ ਲਿਆ।ਅਦੀਨਾ ਬੇਗ ਦੀ ਸਲਾਹ ਨਾਲ ਸਿੱਖਾਂ ਨੂੰ ਫੇਰ ਆਪਣੀ ਮਦਦ 'ਤੇ ਲੈ ਲਿਆ ਗਿਆ। ਸਿੱਖਾਂ ਤੋਂ ਮਰਹੱਟਿਆਂ ਨੇ ਤੈਮੂਰ ਤੇ ਜਹਾਨ ਖ਼ਾਂ ਨੂੰ ਝਨਾਂ 'ਤੇ ਜਾ ਘੇਰਿਆ। ਮਰਹੱਟੇ

### ਝਨਾਂ ਕੰਢੇ ਲੜਾਈ

ਵੀਹ ਹਜ਼ਾਰ ਸਿੱਖ ਦਸ ਹਜ਼ਾਰ ਸਨ। ਤੈਮੂਰ ਤੇ ਜਹਾਨ ਖ਼ਾਂ ਤਾਂ ਰਾਤ ਜਾਨ ਬਚਾ ਕੇ ਨੱਸ ਗਏ, ਪਰ ਉਹਨਾਂ ਦਾ ਡੇਰਾ ਸਿੱਖਾਂ ਤੇ ਮਰਹੱਟਿਆਂ ਲੁੱਟ ਲਿਆ। ਏਥੇ ਹਜ਼ਾਰਾਂ ਦੁਰਾਨੀ ਸਿਪਾਹੀ ਕਤਲ ਹੋਏ ਤੇ ਰਹਿੰਦੇ ਕੈਦੀ ਬਣਾ ਲਏ ਗਏ।

ਮਰਹੱਟਿਆਂ ਨੇ ਸਾਰਾ ਪੰਜਾਬ ਮੱਲ ਲਿਆ। ਦੂਜੇ ਪਾਸੇ ਮੁਲਤਾਨ ਤਕ ਉਹਨਾਂ ਦੀਆਂ ਫ਼ੌਜਾਂ ਜਾ ਪੁੱਜੀਆਂ। ਅਬਦਾਲੀ ਤੋਂ ਡਰਦੇ ਉਹ ਪੰਜਾਬ ਉੱਤੇ ਆਪਣਾ ਸਿੱਧਾ ਕਬਜ਼ਾ ਨਹੀਂ ਸਨ ਰਖਣਾ ਚਾਹੁੰਦੇ। ਉਹਨਾਂ ਮੁਲਤਾਨ, ਲਾਹੌਰ ਏਥੋਂ ਕੁਛ ਪਠਾਣਾਂ ਨੂੰ ਫੜ ਕੇ ਸਿੱਖ ਅੰਮ੍ਰਿਤਸਰ ਲੈ ਆਏ, ਤੇ ਜਹਾਨ ਖ਼ਾਂ ਦਾ ਪੂਰਿਆ ਹੋਇਆ ਸਰੋਵਰ ਉਹਨਾਂ ਤੋਂ ਸਾਫ਼ ਕਰਾਇਆ।


### ਮਰਹੱਟਿਆਂ ਪੰਜਾਬ ਅਦੀਨਾਬੇਗ ਨੂੰ ਦਿੱਤਾ

ਸਰਹਿੰਦ 75 ਲੱਖ ਸਾਲਾਨਾ ਬਦਲੇ ਅਦੀਨਾਬੇਗ ਨੂੰ ਦਿੱਤਾ ਤੇ ਉਸਨੂੰ ਨਵਾਬ ਦਾ ਖ਼ਿਤਾਬ ਬਖ਼ਸ਼ਿਆ। ਪੰਜ ਜੂਨ, 1758 ਈ।ਨੂੰ ਮਰਹੱਟੇ ਜਰਨੈਲ ਵਾਪਸ ਥਾਨੇਸਰ ਆ ਗਏ। ਏਸ ਗੜਬੜ ਦੇ ਸਮੇਂ ਸਿੱਖਾਂ ਨੇ ਆਪਣਿਆਂ ਇਲਾਕਿਆਂ ਵਿਚ ਥਾਂ-ਥਾਂ ਕੱਚੇ ਕਿਲੇ ਬਣਾ ਲਏ। ਉਹ ਜਾਣਦੇ ਸਨ, ਕਿ ਹੁਣ ਅਦੀਨਾਬੇਗ ਨਾਲ ਟੱਕਰ ਲੈਣੀ ਪਏਗੀ।

### ਅਦੀਨਾਬੇਗ ਦੀਨਾ ਨਗਰ

ਅਦੀਨਾਬੇਗ ਨੇ ਆਪਣੀ ਰਾਜਧਾਨੀ ਬਟਾਲੇ ਦੇ ਇਲਾਕੇ ਵਿਚ ਦੀਨਾ ਨਗਰ ਬਣਾ ਲਈ।

• ਬਾਕੀ ਅਗਲੇ ਅੰਕ ਵਿੱਚ




# ਕਾਲਿ ਤਾਰਨ ਗੁਰੂ ਨਾਨਕ ਆਇਆ

ਇਹ ਬੋਲ ਭਾਈ ਗੁਰਦਾਸ ਜੀ ਦੇ ਹਨ ਅਤੇ ਗਰਜ ਨਾਲ ਆਖ ਰਹੇ ਹਨ ਕਿ ਗੁਰੂ ਨਾਨਕ ਸਾਹਿਬ ਜੀ ਸੰਸਾਰ ਅੰਦਰ ਲੋਕਾਈ ਦਾ ਉਧਾਰ ਕਰਨ ਲਈ ਆਏ। ਇਹ ਉਹ ਸਮਾਂ ਸੀ ਜਦੋਂ ਭਾਰਤ ਅੰਦਰ ਜਨਤਾ ਕੁਰਲਾ ਰਹੀ ਸੀ ਅਤੇ ਧਰਮ ਸ਼ਰਮ ਅਲੋਪ ਹੋ ਚੁੱਕੀ ਸੀ। ਸਾਰੇ ਪਾਸੇ ਕੂੜ ਦਾ ਹੀ ਪਸਾਰਾ ਸੀ। ਰਾਜਨੀਤਕ, ਸਮਾਜਕ ਅਤੇ ਧਾਰਮਿਕ ਨੇਤਾਵਾਂ ਨੇ ਆਪਣੇ ਫਰਜ਼ਾਂ ਤੋਂ ਮੂੰਹ ਮੋੜ ਲਿਆ। ਇਸ ਦੀ ਗਵਾਹੀ ਗੁਰੂ ਨਾਨਕ ਸਾਹਿਬ ਦੀ ਰਚਨਾ ਅੰਦਰ ਮਿਲਦੀ ਹੈ।

*ਕਾਦੀ ਕੂੜੁ ਬੋਲਿ ਮਲੁ ਖਾਇ।। ਬ੍ਰਾਹਮਣ ਨਾਵੈ ਜੀਆ ਘਾਇ।।*
*ਜੋਗੀ ਜੁਗਤਿ ਨ ਜਾਣੈ ਅੰਧੁ।। ਤੀਨੇ ਉਜਾੜੇ ਕਾ ਬੰਧੁ (ਪੰਨਾ 662)*

ਮੁਗਲ ਹਕੂਮਤ ਦੀ ਸਥਾਪਨਾ ਤੋਂ ਪਹਿਲਾਂ ਬ੍ਰਾਹਮਣ ਤੇ ਜੋਗੀ ਲੋਕਾਂ ਨੂੰ ਧਾਰਮਿਕ ਨੇਤਾ ਸਮਝਿਆ ਜਾਂਦਾ ਤੇ ਇਹ ਲੋਕ ਵਿਹਲੜ ਸਨ ਅਤੇ ਲੋਕਾਂ ਦੀ ਕਿਰਤ ਕਮਾਈ ਦੇ ਆਸਰੇ ਮੌਜਾਂ ਲੁਟਦੇ ਸਨ। ਮੁਗਲ ਰਾਜ ਅੰਦਰ ਕਾਜ਼ੀ, ਧਾਰਮਿਕ ਨੇਤਾ ਅਤੇ ਨਿਆਕਾਰ ਦੇ ਪਦ ਦਾ ਅਧਿਕਾਰੀ ਸੀ ਅਤੇ ਉਹ ਵੀ ਲੋਕਾਂ ਦੀ ਲੁੱਟ-ਖਸੁੱਟ ਕਰਨ ਲਈ ਜ਼ਿੰਮੇਵਾਰ ਸੀ। ਤਾਹੀਓਂ ਗੁਰੂ ਨਾਨਕ ਸਾਹਿਬ ਨੇ ਇਨ੍ਹਾਂ, ਤਿੰਨ ਤਰ੍ਹਾਂ ਦੇ ਨੇਤਾਵਾਂ ਨੂੰ ਭਾਰਤੀ ਸਮਾਜ ਦੀ ਲੁੱਟ-ਖਸੁੱਟ ਜਾਂ ਉਜਾੜਾ ਕਰਨ ਵਾਲੇ ਆਖਿਆ। ਇਸ ਤੋਂ ਇਕ ਗੱਲ ਸਪੱਸ਼ਟ ਹੁੰਦੀ ਹੈ ਕਿ ਗੁਰੂ ਨਾਨਕ ਸਾਹਿਬ ਸੱਚੇ ਰੂਪ ਵਿਚ ਧਰਮੀ ਅਤੇ ਲੋਕਾਈ ਦੇ ਦਰਦੀ ਸਨ, ਜਿਨਾਂ ਨੇ ਮੁਗਲ ਰਾਜਿਆਂ ਤੋਂ ਕੋਈ ਭੈ ਨਹੀਂ ਖਾਧਾ। ਓਹ ਨਿਰਭੈ ਅਤੇ ਨਿਰਵੈਰ ਸਨ। ਅੱਜ ਵੀ ਇਹੀ ਕਸਵਟੀ ਅਪਨਾਈ ਜਾ ਸਕਦੀ ਹੈ ਕਿ ਜੋ ਧਾਰਮਿਕ ਨੇਤਾ ਜਾਂ ਵਿਅਕਤੀ ਹੋਣ ਦਾ ਢੌਂਗ ਕਰਦਾ ਹੋਵੇ, ਦੂਜੇ ਪਾਸੇ ਜ਼ੁਲਮ ਅਤੇ ਜਾਲਮ ਨੂੰ ਦੇਖਕੇ ਕਬੂਤਰ ਵਾਂਗੂੰ ਅੱਖਾਂ ਮੀਟ ਲਵੇ ਜਾਂ ਆਖ ਕਿ ਸੰਤ ਤੇ ਸਾਧ ਲੋਕਾਂ ਦਾ ਕੰਮ ਨਾਮ ਜਪਾਉਣਾ ਹੈ, ਤਾਂ ਸਾਨੂੰ ਅਜੇਹੇ ਲੋਕਾਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ। ਅਸਲ ਵਿਚ ਧਰਮੀ ਪੁਰਸ਼ ਜਿਥੇ ਨਿਰਵੈਰ ਹੈ, ਉਸ ਦੇ ਨਾਲ ਉਹ ਕਿਸੇ ਪ੍ਰਕਾਰ ਦੇ ਜ਼ੁਲਮ ਤੋਂ ਭੈ ਨਹੀਂ ਖਾਦਾ, ਸਗੋਂ ਜ਼ੁਲਮ ਕਰਨ ਵਾਲੇ ਜ਼ਾਲਮ ਦੇ ਵਿਰੁੱਧ ਡੱਟ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਨੇ ਸਭ ਤੋਂ ਪਹਿਲਾਂ ਇਕ ਨਿਰੰਕਾਰ ਤੇ ਰੱਬੀ ਏਕਤਾ ਦੀ ਗੱਲ ਕੀਤੀ। ਉਹ ਦੁਨੀਆ ਦੇ ਪਹਿਲੇ ਪੈਗੰਬਰ ਹੋਏ ਹਨ, ਜਿਨ੍ਹਾਂ ਨੇ ਪੈਗਾਮ ਦਿੱਤਾ 'ਨਾ ਕੋ ਹਿੰਦੂ ਨਾ ਮੁਸਲਮਾਨ' ਭਾਵ ਮਾਨਵਤਾ ਅੰਦਰ ਵੰਡੀਆਂ ਨਾ ਪਾਓ ਕਿਉਂਕਿ ਜੇ ਰੰਬ ਇਕ ਹੈ ਤਾਂ ਸਮੁੱਚੀ ਮਾਨਵਤਾ ਵੀ ਇਕ ਹੈ। ਉਨ੍ਹਾਂ ਨੇ ਰੱਬ ਦੀ ਬਹੁਤ ਸੁੰਦਰ ਵਿਆਖਿਆ ਕੀਤੀ। ਰੱਬ ਨਿਰੰਕਾਰ ਹੈ ਭਾਵ ਉਸ ਦਾ ਕੋਈ ਅਕਾਰ ਨਹੀਂ ਤੇ ਉਸ ਨੂੰ ਘੜਿਆ ਜਾ ਸਕਦਾ ਹੈ। ਉਹ ਕਦੀ ਵੀ ਇਨਸਾਨੀ ਰੂਪ ਵਿਚ ਜਨਮ ਨਹੀਂ ਲੈਂਦਾ।

ਸਾਧੂ ਟੀ ਐਲ ਵਾਸਵਾਨੀ ਲਿਖਦੇ ਹਨ ਕਿ ਜਦੋਂ ਗੁਰੂ ਨਾਨਕ ਸਾਹਿਬ ਸੰਸਾਰ ਵਿਚ ਆਏ, ਉਸ ਵਕਤ ਭਾਰਤੀ ਮਾਜ ਅੰਦਰ ਹਨੇਰਗਰਦੀ ਸੀ। ਇਕ ਹੋਰ ਵਿਦਵਾਨ ਡਾਕਟਰ ਗੋਕਲ ਚੰਦ ਨਾਰੰਗ ਆਖ ਰਹੇ ਹਨ ਕਿ ਪੰਜਾਬ ਵਿਚ ਹਿੰਦੂਆਂ ਦੀ ਸਥਿਤੀ ਤਰਸਯੋ ਸੀ। ਅਸਲ ਵਿਚ ਲੋਕ ਕੁਝ ਕਰਮ ਕਾਂਡਾਂ ਨੂੰ ਹੀ ਧਰਮ ਸਮਝਦੇ ਸਨ, ਜਿਵੇਂ ਖਾਣ ਪੀਣ ਸਬੰਧੀ ਭਰਮ, ਜਾਂ ਤੀਰਥਾਂ 'ਤੇ ਇਸ਼ਨਾਨ ਕਰਨਾ, ਮੱਥੇ 'ਤੇ ਤਿਲਕ ਲਗਾ ਲੈਣਾ, ਬੁੱਤਾਂ ਦੀ ਪੂਜੀ ਕਰਨੀ। ਕੁਝ ਅਸਥਾਨਾਂ ਨੂੰ ਪਵਿੱਤਰ ਮੰਨਕੇ ਤੀਰਥ ਯਾਤਰਾ ਕਰਨੀ, ਮਰਨ, ਜਨਮ ਤੇ ਵਿਆਹ ਸਬੰਧੀ ਰਮਸਾਂ ਕਰਨੀਆਂ ਅਤੇ ਬ੍ਰਾਹਮਣ ਦੀ ਸਰਦਾਰੀ ਕਬੂਲਕੇ ਉਸ ਨੂੰ ਦਾਨ ਦੇਣਾ ਵੀ ਪਵਿੱਤਰ ਕਰਮ ਸਮਝਿਆ ਜਾਂਦਾ ਸੀ। ਦੂਜੇ ਪਾਸੇ ਵਿਦੇਸ਼ੀ ਹਮਲਾਵਰਾਂ ਨੇ ਲੋਕਾਂ ਦਾ ਜੀਵਨ ਨਰਕ ਬਣਾ ਦਿੰਤਾ ਸੀ ਤੇ ਲੋਕ ਮਾਨਸਿਕ ਤੌਰ 'ਤੇ ਗੁਲਾਮ ਸਨ। ਗੁਰੂ ਨਾਨਕ ਸਾਹਿਬ ਨੇ ਸਭ ਤੋਂ ਪਹਿਲਾਂ ਜਾਤ-ਪਾਤ ਤੇ ਵਰਣ ਵੰਡ ਨੂੰ ਭੰਡਿਆ। ਊਚ ਨੀਚ ਦੇ ਸੰਕਲਪ ਨੂੰ ਅਪ੍ਰਵਾਣ ਕੀਤਾ।

*ਸਭੁ ਕੋ ਊਚਾ ਆਖੀਐ ਨੀਚੁ ਨਾ ਦੀਸੈ ਕੋਇ।।*
*ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ।। (ਪੰਨਾ 62)*
*ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹ ਬਤਾਇ।।*
*ਸਾ ਜਾਤਿ ਸਾਪਤਿ ਹੈ ਜੇਹੇ ਕਰਮ ਕਮਾਇ।। (ਪੰਨਾ 1330)*

ਜਿਥੇ ਸਮਾਜ ਅੰਦਰ ਵਰਦ ਵੰਡ ਨਾਲ ਏਕਤਾ ਦੀ ਥਾਂ ਅਨੇਕਤਾ ਸੀ। ਉਥੇ ਲਿੰਗ ਵਿਤਕਰਾ ਵੀ ਪੂਰਾ ਸੀ। ਇਸਤਰੀ ਜਾਤੀ ਦੀ ਦੁਰਦਸ਼ਾ ਸੀ, ਉਸ ਨੂੰ ਸਮਾਜ ਵਿਚ ਨੀਵਾਂ ਦਰਜਾ ਦਿੱਤਾ ਗਿਆ ਸੀ ਅਤੇ ਅਨੇਕਾਂ ਅਧਿਕਾਰਾਂ ਤੋਂ ਵਾਂਝਾ ਕੀਤਾ ਗਿਆ ਸੀ। ਗੁਰੂ ਸਾਹਿਬ ਨੇ ਇਸਤਰੀ ਵਰਗ ਲਈ ਨਾਅਰਾ ਲਾਇਆ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ। (ਪੰਨਾ 473)

ਜਿਵੇਂ ਪਹਿਲਾਂ ਉਲੇਖ ਕੀਤਾ ਗਿਆ ਹੈ ਕਿ ਲੋਕਾਈ ਅੰਦਰ ਧਰਮ ਪ੍ਰਤੀ ਕੋਈ ਸਪੱਸ਼ਟਤਾ ਨਹੀਂ ਸੀ ਅਤੇ ਪੁਜਾਰੀ ਸ਼੍ਰੇਣੀ ਵੱਲੋਂ ਕਰਮ ਕਾਡਾਂ ਦਾ ਅਜਿਹਾ ਜਾਲ ਵਿਛਾਇਆ ਹੋਇਆ ਸੀ, ਜਿਸ ਵਿਚੋਂ ਨਿਕਲਣਾ ਅਸੰਭਵ ਸੀ। ਗੁਰੂ ਸਾਹਿਬ ਨੇ ਦੱਸਿਆ ਕਿ ਸਾਰੇ ਧਾਰਮਿਕ ਸੰਸਕਾਰ ਪਰਮਾਤਮਾ ਦੇ ਲਈ ਹਨ ਪਰ ਪਰਮਾਤਮਾ ਨੂੰ ਯਾਦ ਕਰਨਾ ਹੀ ਸਭ ਤੋਂ ਉਤਮ ਕਰਮ ਹੈ।

*ਕਰਮ ਧਰਮ ਪ੍ਰਭਿ ਮੇਰੈ ਕੀਏ।। ਨਾਮ ਵਡਾਈ ਸਿਰਿ ਕਰਮਾ ਕੀਏ।।*
*(ਪੰਨਾ 1345)*

ਜੋ ਲੋਕ ਧਰਮ ਦੇ ਭੇਖ ਬਣਾ ਕੇ ਸਮਾਜ ਵਿਚ ਵਿਚਰਦੇ ਸਨ, ਉਹ ਅਸਲ ਵਿਚ ਸੱਚੇ ਧਰਮੀ ਨਹੀਂ। ਵਿਰਲੇ ਹੀ ਲੋਕ ਹਨ ਜੋ ਰੱਬੀ ਯਾਦ ਵਿਚ ਜੁੜਦੇ ਹਨ। ਜਿਹੜੇ ਧਰਮ ਦੇ ਭੇਖ ਅੰਦਰ ਹੰਕਾਰੀ ਹਨ, ਉਹ ਸੱਚ ਦੇ ਨੇੜੇ ਹੀਂ ਢੁੱਕ ਸਕਦੇ,

**ਲੇਖਕ : -ਡਾ. ਪੂਰਨ ਸਿੰਘ**

ਪਰ ਜੇਕਰ ਹੰਕਾਰ ਦੂਰ ਹੋ ਜਾਵੇ ਤਾਂ ਸੱਚ ਦੀ ਪ੍ਰਾਪਤੀ ਹੋ ਸਦੀ ਹੈ।

*ਹਉਮੈ ਕਰਤ ਭੇਖੀ ਨਹੀਂ ਜਾਨਿਆ।। ਗੁਰਮੁਤਿ ਭਗਤਿ ਵਿਰਲੇ ਮਨੁ ਮਾਨਿਆ।।*
*ਹਉ ਹਉ ਕਰਤ ਨਹੀ ਸਚ ਪਾਈਐ। ਹਉਮੇ ਜਾਇ ਪਰਮ ਪਦੁ ਪਾਈਐ।*
*(ਪੰਨਾ 226)*

ਗੁਰੂ ਸਾਹਿਬ ਵਾਰ ਆਸਾ ਅੰਦਰ ਸਚੇ ਜੀਵਨ ਜਾਂ ਸਚੇ ਮਾਰਗ ਲਈ ਹੋਰ ਸਪਸ਼ਟ ਕਰਦੇ ਹਨ।

*"ਸਭੁ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿਆ ਕਢੀਐ।*
*ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ।।*
*ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤ ਗਾਰਬਿ ਹੰਢੀਐ।।*
*ਮੰਦਾ ਕਿਸੇ ਨ ਆਖੀਐ ਪੜਿ ਅਖਰੁ ਏਹੋ ਬੁਝੀਐ।।*
*ਮੂਰਖੈ ਨਾਲਿ ਨ ਲੁਝੀਐ।।" (ਪੰਨਾ 473)*

ਗੁਰੂ ਸਾਹਿਬ ੇਲਕੋਈ ਨੂੰ ਪੁਜਾਰੀਆਂ ਦੇ ਕਰਮ ਕਾਂਡਾਂ ਤੋਂ ਮੁਕਤ ਕਰਾਉਣ ਲਈ ਸੱਚੇ ਧਰਮ ਦੀ ਅਿਵਾਖਿਆ ਦ੍ਰਿੜ ਕਰਾਈ। ਹਰ ਇਕ ਨੂੰ ਸ਼ੁਭ ਕਰਮ ਕਰਨ ਲਈ ਪ੍ਰੇਰਿਆ ਅਤੇ ਜੇਕਰ ਮਨੁੱਖ ਦਾ ਹਿਰਦਾ ਸ਼ੁੱਧ ਹੋ ਕੇ ਸ਼ੁਭ ਕਰਮ ਕਰੇ, ਉਹੀ ਸੱਚਾ ਧਰਮ ਹੈ ਬਾਕੀ ਕਰਮ ਕਾਂਡ ਸਭ ਪਾਖੰਡ ਹਨ ਅਤੇ ਅਜੇਹੇ ਕਰਮ ਕਰਨ ਦਾ ਕੋਈ ਲਾਹਾ ਨਹੀਂ।

*ਹਿਰਦੈ ਸਚੁ ਏਹ ਕਰਣੀ ਸਾਰੁ।।*
*ਹੋਰੁ ਸਭੁ ਪਾਖੰਡੁ ਪੂਜ ਖੁਆਰੁ।। (ਪੰਨਾ 1343)*

ਗੁਰੂ ਨਾਨਕ ਸਾਹਿਬ ਨੇ ਧਾਰਮਕ ਨੇਤਾਵਾਂ ਨਾਲ ਗੋਸ਼ਟੀ ਕਰਕੇ ਉਨ੍ਹਾਂ ਨੂੰ ਵੀ ਸੱਚੇ ਮਾਰਗ ਦੀ ਸੋਝੀ ਕਰਾਈ। ਜੋਗੀਆਂ ਨੂੰ ਜੋਗ ਬਾਰੇ ਵਿਚਾਰ ਚਰਚਾ ਕਰਕੇ ਸੱਚੇ ਜੋਗ ਦਾ ਮਾਰਗ ਦੱਸਿਆ। ਕਾਜੀ, ਬ੍ਰਾਹਮਣ ਤੇ ਮੁਸਲਮਾਨ ਨੂੰ ਘਰਮ ਦੇ ਮਾਰਗ ਦੀ ਸਪੱਸ਼ਟਤਾ ਦੱਸੀ।

*ਸੋ ਜੋਗੀ ਜੋ ਜੁਗਤਿ ਪਛਾਣੈ।। ਗੁਰ ਪਰਸਾਦੀ ਏਕੋ ਜਾਣੈ।।*
*ਕਾਜੀ ਸੋ ਜੋ ਉਲਟੀ ਕਰੈ।। ਗੁਰ ਪਰਸਾਦੀ ਜੀਵਤ ਮਰੈ।।*
*ਸੋ ਬ੍ਰਾਹਮਣ ਜੋ ਬ੍ਰਹਮ ਬੀਚਾਰੈ।। ਆਪ ਤਰੈ ਸਗਲੇ ਕੁਲ ਤਾਰੈ।।*
*ਦਾਨਬਸੰਦੁ ਸੋਈ ਦਿਲਿ ਧੋਵੈ।। ਮੁਸਲਮਾਨ ਸੋਈ ਮਲ ਖੋਵੈ।।*
*ਪੜਿਆ ਬੂਝੈ ਸੋ ਪਰਵਾਣ।। ਜਿਸੁ ਸਿਰਿ ਦਰਗਹ ਕਾ ਨੀਸਾਣੁ।।*
*(ਪੰਨਾ 662)*

ਅੱਜ ਸਾਨੂੰ ਲੋੜ ਹੈ, ਗੁਰਮਤਿ ਦੇ ਸਹੀ ਮਾਰਗ ਨੂੰ ਸਮਝਕੇ ਆਪਣੇ ਜੀਵਨ ਤੇ ਘਟਾਈਐ। ਕਦੇ ਇਹ ਨਾ ਸਮਝ ਲਈਏ ਕਿ ਗੁਰੂ ਨਾਨਕ ਸਾਹਿਬ ਜੋਗੀਆਂ, ਕਾਜੀਆਂ, ਬਿਪਰ ਪੁਜਾਰੀਆਂ ਜਾਂ ਮੁਸਲਮਾਨਾਂ ਨੂੰ ਹੀ ਸੰਦੇਸ਼ ਦੇ ਰਹੇ ਹਨ, ਉਨ੍ਹਾਂ ਦਾ ਸੰਦਸ਼ ਸਰਬ ਲੋਕਾਈ ਲਈ ਹੈ। ਜਿਥੇ ਉਨ੍ਹਾਂ ਨੇ ਰੱਬੀ ਏਕਤਾ ਤੇ ਏਕਤ ਮਾਨਵਤਾ ਦੀ ਗੱਲ ਕੀਤੀ, ਉਥੇ ਧਰਮ ਦੀ ਕਿਰਤ ਕਰਨੀ ਅਤੇ ਵੰਡ ਛਕਣ ਦੇ ਉਚ ਸਿਧਾਂਤਾਂ ਨੂੰ ਪ੍ਰਚਾਰਿਆ। ਮਨੁੱਖਤਾ ਦੀ ਸੇਵਾ ਨੂੰ ਮਹਾਨ ਦੱਸਿਆ।

*"ਵਿਚ ਦੁਨੀਆ ਸੇਵ ਕਮਾਈਐ" ਤਾਂ ਦਰਗਹ ਬੈਸਣੁ ਪਾਈਐ।।*
*(ਪੰਨਾ 26)*
*ਇਸ ਦੇ ਨਾਲ ਹੀ ਆਖਦੇ ਹਨ ਕਿ ਬਿਨ ਸੇਵ ਫਲੁ ਕਬਹੁ ਨ ਪਾਵਸਿ,*
*ਸੇਵਾ ਕਰਨੀ ਸਾਰੀ।। (ਪੰਨਾ 992)*

ਇਹ ਸ਼ੁਭ ਕਰਮ ਤਦ ਹੀ ਸੰਭਵ ਹਨ, ਜੇਕਰ ਅਸੀਂ ਉਸ ਰੱਬੀ ਜੋਤਿ ਨੂੰ ਘਟਿ ਘਟਿ ਵਿਚ ਦੇਖਾਂਗੇ ਅਤੇ ਆਪਣੇ ਅੰਦਰ ਹਉਮੈ ਨਾ ਹੋਵੇ ਅਤੇ ਮਿਠਾਸ ਤੇ ਨਿਮਰਤਾ ਦੇ ਗੁੱਣ ਭਰਪੂਰ ਹੋਵਣ। ਰੱਬੀ ਹੁਕਮ ਨੂੰ ਮੰਨ ਕੇ ਉਸ ਦੀ ਰਜ਼ਾ ਵਿਚ ਵਿਗਸੀਏ। ਸਮੂਹ ਸੰਸਾਰ ਅੰਦਰ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਹਾੜੇ ਨੂੰ ਬਹੁਤ ਹੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ, ਪਰ ਜਿਥੋਂ ਤੱਕ ਉਨ੍ਹਾਂ ਦੇ ਸੰਦੇਸ਼ ਹਨ, ਉਨ੍ਹਾਂ ਨੂੰ ਬਹੁਤ ਘੱਟ ਦ੍ਰਿੜ ਕੀਤਾ ਜਾਂਦਾ ਹੈ। ਆਓ, ਗੁਰੂ ਸਾਹਿਬ ਦੇ ਮਹਾਨ ਫਲਸਫ਼ੇ ਨੂੰ ਖ਼ੁਦ ਅਪਨਾਈਏ ਤੇ ਸਮੂਹ ਲੋਕਾਈ ਨੂੰ ਉਨ੍ਹਾਂ ਦੇ ਮਹਾਨ ਉਪਦੇਸ਼ਾਂ ਤੋਂ ਜਾਣੂੰ ਕਰਾਈਏ।

# ਗੁਰੂ ਨਾਨਕ ਬਾਣੀ 'ਚ ਵਹਿਮਾਂ-ਭਰਮਾਂ ਦਾ ਖੰਡਨ

ਗੁਰੂ ਨਾਨਕ ਬਾਣੀ ਰੂਪੀ ਅਮੁੱਲ ਖ਼ਜ਼ਾਨਾ ਸਮੁੱਚੇ ਸਮਾਜ ਨੂੰ ਭਰਮ ਮੁਕਤ ਕਰਦਾ ਹੈ। ਗੁਰੂ ਨਾਨਕ ਪਾਤਸ਼ਾਹ ਜੀ ਨੇ ਆਪਣੀ ਬਾਣੀ ਵਿਚ ਇਸ ਭਰਮ ਭਰਪੂਰ ਲੋਕ ਮਨਾਉਤ ਨੂੰ ਇਸ ਤਰ੍ਹਾਂ ਵਰਣਨ ਕੀਤਾ ਹੈ ਕਿ ਮੈਂ ਤੰਤਰ-ਮੰਤਰ ਆਦਿ ਪਾਖੰਡ ਨੂੰ ਕੁਝ ਨਹੀਂ ਜਾਣਦਾ, ਕਿਉਂਕਿ ਪ੍ਰਭੂ ਦਾ ਨਾਮ ਮੇਰੇ ਹਿਰਦੇ ਵਿਚ ਹੈ। ਫ਼ੁਰਮਾਣ ਹੈ:

**ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ॥**
**ਅੰਜਨੁ ਨਾਮੁ ਤਿਸੈ ਤੇ ਸੂਝੈ ਗੁਰ ਸਬਦੀ ਸਚੁ ਜਾਨਿਆ॥**
**(ਸੂਹੀ ਮਹਲਾ 1, ਅੰਗ : 766)**

ਇਸ ਭਰਮ ਦੇ ਨਾਲ ਇਕ ਹੋਰ ਵੱਡਾ ਭਰਮ ਲੋਕ ਮਾਨਸਿਕਤਾ ਵਿਚ ਹੈ ਕਿ ਕਬਰਾਂ-ਮੜ੍ਹੀਆਂ ਦੇ ਨਾਉਂ ਉਤੇ ਮੁਰਦਿਆਂ ਦੀ ਪੂਜਾ ਹੁੰਦੀ ਹੈ। ਮੁਰਦੇ ਖ਼ਿਆਲਾਂ ਵਿਚ ਮੁਰਦੇ ਪੂਜਣ ਦੀ ਭਾਵਨਾ ਕਿਸੇ ਸਮਾਜ ਦੇ ਵਿਕਾਸ ਵਿਚ ਵੱਡੀ ਰੁਕਾਵਟ ਹੁੰਦੀ ਹੈ। ਇਸ ਤਰ੍ਹਾਂ ਮਨੁੱਖ ਅਨੇਕ ਪ੍ਰਕਾਰ ਦੇ ਕਈ ਭਰਮ ਸਿਰਜ ਕੇ ਡਰੂ ਬਿਰਤੀ ਵਾਲਾ ਹੋ ਕੇ ਰਹਿ ਜਾਂਦਾ ਹੈ। ਗੁਰੂ ਜੀ ਨੇ ਇਸ ਤਰ੍ਹਾਂ ਦੀ ਮੰਨਤਾ ਵਾਲੇ ਭਰਮੀਆਂ ਪ੍ਰਤੀ ਉਪਦੇਸ਼ ਦਿੱਤਾ ਹੈ:

**ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ॥**
**ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ ਤ੍ਰਿਸਨਾ ਨਾਮਿ ਬੁਝਾਈ॥**
**(ਸੋਰਠਿ ਮਹਲਾ 1, ਅੰਗ : 634)**

ਜੀਵ-ਜੰਤੂਆਂ ਦੀ ਬਲੀ ਤੋਂ ਲੈ ਕੇ ਮਨੁੱਖੀ ਬੱਚਿਆਂ ਦੀ ਬਲੀ ਦੇਣ ਤੱਕ ਦੀਆਂ ਖ਼ਬਰਾਂ ਵੀ ਭਰਮੀ ਸਮਾਜ ਵਿਚੋਂ ਮਿਲ ਜਾਂਦੀਆਂ ਹਨ। ਐਸੇ ਸਮਾਜ ਦੀ ਤਸਵੀਰ ਪੇਸ਼ ਕਰਦਿਆਂ ਗੁਰੂ ਨਾਨਕ ਦੇਵ ਫ਼ੁਰਮਾਉਂਦੇ ਹਨ:

**ਗਿਆਨ ਹੀਣੰ ਅਗਿਆਨ ਪੂਜਾ॥ ਅੰਧ ਵਰਤਾਵਾ ਭਾਉ ਦੂਜਾ॥**
**(ਸਲੋਕ ਵਾਰਾਂ ਤੇ ਵਧੀਕ, ਮ: 1, ਅੰਗ : 1412)**

ਭਰਮੀ ਸਮਾਜ ਨੂੰ ਸ਼ੈਤਾਨ ਲੋਕ ਹਮੇਸ਼ਾ ਲੁੱਟਦੇ ਹਨ, ਕਿਉਂਕਿ ਭਰਮੀ ਮਨੁੱਖ ਨੂੰ ਹੋਰ ਭਰਮਾਂ ਵਿਚ ਪਾਉਣਾ ਬਹੁਤ ਸੌਖਾ ਹੁੰਦਾ ਹੈ, ਜਿਵੇਂ ਡਰੇ ਹੋਏ ਨੂੰ ਡਰਾਉਣਾ ਸੁਖਾਲਾ ਹੁੰਦਾ ਹੈ। ਦਿਨਾਂ-ਦਿਹਾਰਾਂ ਦੇ ਭਰਮ, ਥਿਤਾਂ-ਵਾਰਾਂ ਦੀਆਂ ਵੀਚਾਰਾਂ, ਸੂਰਜ-ਚੰਦ ਗ੍ਰਹਿਣ ਦਾ ਡਰ, ਧਾਗੇ-ਤਵੀਤਾਂ ਦਾ ਹਊਆ ਵਹਿਮੀ ਸਮਾਜ ਦੇ ਮਨਾਂ ਉੱਪਰ ਬੇਲੋੜਾ ਬੋਝ ਹੈ। ਗੁਰੂ ਜੀ ਜਗਤ ਗੁਰੂ ਬਾਬਾ ਸਨ ਤੇ ਉਹਨਾਂ ਨੇ 'ਨਿਰਭਉ ਤੇ ਨਿਰਵੈਰੁ' ਪ੍ਰਭੂ ਦਾ ਸਿਮਰਨ ਕਰਨ ਦਾ ਉਪਦੇਸ਼ ਦੇ ਕੇ ਸੰਸਾਰ ਨੂੰ ਵੀ ਨਿਰਭਉ ਤੇ ਨਿਰਵੈਰ ਹੋਣ ਦੀ ਪ੍ਰੇਰਨਾ ਦਿੱਤੀ। ਪੱਤਰੀਆਂ ਵਾਚ ਕੇ ਸਮਾਜ ਨੂੰ ਗੁੰਮਰਾਹ ਕਰਨ ਵਾਲਿਆਂ ਪ੍ਰਤੀ ਗੁਰੂ ਜੀ ਨੇ ਫ਼ੁਰਮਾਇਆ ਹੈ:

**ਗਣਿ ਗਣਿ ਜੋਤਕੁ ਕਾਂਡੀ ਕੀਨੀ॥ ਪੜੈ ਸੁਣਾਵੈ ਤਤੁ ਨ ਚੀਨੀ॥**
**ਸਭਸੈ ਊਪਰਿ ਗੁਰ ਸਬਦੁ ਬੀਚਾਰੁ॥ ਹੋਰ ਕਥਨੀ ਬਦਉ ਨ ਸਗਲੀ ਛਾਰੁ॥**
**(ਰਾਮਕਲੀ ਮਹਲਾ 1, ਅੰਗ : 904)**

ਭਾਵ ਗੁਰੂ ਦੇ ਸ਼ਬਦ ਦੀ ਵੀਚਾਰ ਸਭ ਤੋਂ ਉਪਰ ਹੈ, ਬਾਕੀ ਗੱਲਾਂ ਵਿਅਰਥ ਹਨ ਅਤੇ ਜੋ ਗਿਣਤੀਆਂ ਗਿਣ-ਗਿਣ ਕੇ ਜਨਮ-ਪੱਤਰੀ ਬਣਾਉਂਦਾ ਹੈ, ਉਹ ਸੱਚ ਨੂੰ ਨਹੀਂ ਸਮਝਦਾ। ਭਰਮੀ ਤੇ ਅੰਧ-ਵਿਸ਼ਵਾਸੀ ਸਮਾਜ ਵਿਚ ਮੱਕਰ ਫ਼ਰੇਬ ਨਾਲ ਲੋਕਾਈ ਦਾ ਸ਼ੋਸ਼ਣ ਕਰਨ ਵਾਲਿਆਂ ਦੇ ਗਰੋਹ ਬਣਦੇ ਹਨ। ਜੋ ਮਿਹਨਤ ਨਾਲ ਕਮਾ ਕੇ ਖਾਂਦੇ ਹਨ, ਐਸੇ ਮਨੁੱਖ ਜੀਵਨ ਦੀ ਜੁਗਤ ਨੂੰ ਪਹਿਚਾਣਦੇ ਹਨ:

**ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥**
**(ਅੰਗ : 1245)**

ਦਰਅਸਲ ਕਿਰਤ ਵਿਹੂਣਾ ਨਿਖੱਟੂ ਵਰਗ ਕਈ ਵਾਰੀ ਅੰਧ-ਵਿਸ਼ਵਾਸ ਤੇ ਝੂਠੀਆਂ ਅਫ਼ਵਾਹਾਂ ਫੈਲਾ ਕੇ ਭੋਲੇ ਭਾਲੇ ਸਮਾਜ ਨੂੰ ਆਪਣੇ ਵੱਲ ਆਕਰਸ਼ਤ ਕਰ ਲੈਂਦਾ ਹੈ। ਫਿਰ ਇਨ੍ਹਾਂ ਦੇ ਚੁੰਗਲ ਵਿਚ ਫਸਿਆ ਹੋਇਆ ਸਮਾਜ ਗਿਆਨ ਪ੍ਰਾਪਤੀ ਤੋਂ ਬਿਨਾਂ ਛੁਟਕਾਰਾ ਨਹੀਂ ਪਾ ਸਕਦਾ। ਇਸ ਤਰ੍ਹਾਂ ਦੇ ਲੋਕਾਂ ਦੀ ਦਸ਼ਾ ਦਾ ਵਰਣਨ ਹੈ:

**ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ॥**
**(ਵਾਰ ਮਲਾਰ ਕੀ, ਮਹਲਾ 1, ਅੰਗ : 1287)**

ਸਾਡੇ ਸਮਾਜ ਦਾ ਇਹ ਵੀ ਇਕ ਭਰਮ ਹੈ ਕਿ ਕੱਪੜਿਆਂ ਨੂੰ ਰੱਤ ਲੱਗ ਜਾਵੇ ਤਾਂ ਅਸੀਂ ਜਾਮਾ ਪਲੀਤ ਹੋਇਆ ਸਮਝਦੇ ਹਾਂ, ਪਰ ਜਿਹੜੇ ਲੋਕ ਮਾਨਵਤਾ ਦੀ ਰੱਤ ਪੀਂਦੇ ਜਾਂ ਸ਼ੋਸ਼ਣ ਕਰਦੇ ਹਨ ਤਾਂ ਫਿਰ ਉਹ ਨਿਰਮਲ ਜਾਂ ਪਵਿੱਤਰ ਕਿਵੇਂ ਹੋ ਸਕਦੇ ਹਨ? ਗੁਰੂ ਜੀ ਦਾ ਸੰਦੇਸ਼ ਐਸੀ ਵਹਿਮੀ ਮਾਨਸਿਕਤਾ ਵਾਲੇ ਸਮਾਜ ਨੂੰ ਪ੍ਰੇਰਦਾ ਹੈ:

**ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥**
**ਜੋ ਰਤੁ ਪੀਵਹਿ ਮਾਣਸਾ**
**ਤਿਨ ਕਿਉ ਨਿਰਮਲੁ ਚੀਤੁ॥**
**(ਮਾਝ ਮਹਲਾ 1, ਅੰਗ : 140)**

ਭਾਵੇਂ ਇਸ ਧਰਤੀ 'ਤੇ ਕਿਰਤ ਕਰਨ ਵਾਲੇ, ਨਾਮ ਜਪਣ ਵਾਲੇ ਤੇ ਵੰਡ ਛਕਣ ਵਾਲੇ ਭਲੇ ਪੁਰਖਾਂ ਦੀ ਵੀ ਬਹੁਤਾਤ ਹੈ, ਜਿਹਨਾਂ ਦੇ ਜੀਵਨ ਵਿਚੋਂ ਗੁਰੂ ਨਾਨਕ ਸਿੱਖਿਆ ਪ੍ਰਤੱਖ ਝਲਕਦੀ ਹੈ, ਪਰ ਸਿੱਕੇ ਦੇ ਦੂਜੇ ਪਾਸੇ ਵਾਂਗ ਧਾਗੇ ਤਵੀਤ ਕਰਨ ਤੋਂ ਲੈ ਕੇ ਲਿਖ-ਲਿਖ ਕੇ ਮੰਤਰ ਤੇ ਨਾਮ ਵੇਚਣ ਵਾਲੇ ਵੀ ਸਾਧਾਰਨ ਮਾਨਵਤਾ ਨੂੰ ਭਰਮ ਪਾ ਕੇ ਲੁੱਟਣ ਲਈ ਵੱਡੀ ਗਿਣਤੀ 'ਚ ਕਾਰਜਸ਼ੀਲ ਹਨ। ਗੁਰੂ ਜੀ ਦੇ ਇਹ ਬਚਨ ਜਾਗ੍ਰਤ ਕਰਦੇ ਹਨ:

**ਧ੍ਰਿਗ ਤਿਨਾ ਕਾ ਜੀਵਿਆ**
**ਜਿ ਲਿਖ ਲਿਖ ਵੇਚਹਿ ਨਾਉ॥**
**(ਸਾਰੰਗ ਕੀ ਵਾਰ, ਮਹਲਾ 1, ਅੰਗ : 1245)**

ਸੋ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਸਮਾਜ ਨੂੰ ਭਰਮ ਮੁਕਤ ਕਰਦੀ ਹੈ ਅਤੇ ਹਰ ਯੁੱਗ ਵਿਚ ਵਿਸ਼ਵ ਨੂੰ ਮਹਾਨ ਸੰਦੇਸ਼ ਹੈ।

ੴ



ਸ੍ਰੀ ਗੁਰੂ ਨਾਨਕ ਦੇਵ ਜੀ ਦੇ
555ਵੇਂ ਪ੍ਰਕਾਸ਼ ਪੁਰਬ
ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ

# Save-on-Pallet
## & Enviro Pallet Recovery
### Buy + Sell (2004) Ltd.

ਵੱਲੋਂ : ਹਰਪਾਲ ਸਿੰਘ ਗਰੇਵਾਲ, ਸੰਤੋਖ ਸਿੰਘ ਕੰਦੋਲਾ, ਕੁਲਦੀਪ ਸਿੰਘ ਕੰਦੋਲਾ

ਸੇਵ-ਔਨ ਪੈਲੇਟ ਲਿਮਿਟਡ
ਇਨਵਾਇਰੋ ਪੈਲੇਟ ਰਿਕਵਰੀ ਬਾਏ+ਸੈਲ (2004) ਲਿਮਟਿਡ

ਦੋਨੋਂ ਕਾਰੋਬਾਰੀ ਪੈਲੇਟ ਕੰਪਨੀਆਂ ਇੱਕੋ ਹੀ ਮੈਨੇਜਮੈਂਟ ਅਧੀਨ ਚਲਦੀਆਂ ਹਨ।

Save-on-Pallet : 604-301-1084
Enviro Pallet Recovery : 604-301-1084
FAX : 604-301-1079

7801 Vantage Way, Delta, BC V4G 1A6
11571 Mitchell Road Richmond B.C.

# FRASER ST. PUNJABI MARKET SOCIETY VANCOUVER

# ਫਰੇਜ਼ਰ ਸਟਰੀਟ ਪੰਜਾਬੀ ਮਾਰਕੀਟ ਸੁਸਾਇਟੀ ਵੈਨਕੂਵਰ

## ਗੁਰੂ ਨਾਨਕ ਸਾਹਿਬ ਜੀ ਦੇ 555ਵੇਂ ਪ੍ਰਕਾਸ਼ ਪੁਰਬ ਦੀਆਂ ਲੱਖ ਲੱਖ ਵਧਾਈਆਂ ਹੋਣ ਜੀ



**ਧੰਨਵਾਦ ਸਹਿਤ**


- ਗੁਰਦਿਆਲ ਸਿੰਘ ਗੈਡੇ ਪ੍ਰਧਾਨ
- ਜਗਜੀਵਨ ਸਿੰਘ ਰਨੌਂਤਾ ਵਾਈਸ ਪ੍ਰਧਾਨ
- ਕਰਨਵੀਰ ਸਿੰਘ ਰਨੌਂਤਾ ਜਨਰਲ ਸਕੱਤਰ
- ਹਰਮਿੰਦਰ ਸਿਆਨ ਖਜ਼ਾਨਚੀ
- ਨਰਿੰਦਰ ਰਿਸ਼ੀ ਸਹਾਇਕ ਸਕੱਤਰ
- ਕੁਲਵੀਰ ਮਾਹੀ ਡਾਇਰੈਕਟਰ
- ਸ਼ਾਮ ਲਾਲ ਡਾਇਰੈਕਟਰ
- ਸਿਕੰਦਰ ਬਾਸੀ ਡਾਇਰੈਕਟਰ
- ਜਸਵੀਰ ਉਗ੍ਰੇ ਡਾਇਰੈਕਟਰ
- ਜਸਵਿੰਦਰ ਪੁਰੇਵਾਲ ਡਾਇਰੈਕਟਰ
- ਬਲਜਿੰਦਰ ਸਹੋਤਾ ਡਾਇਰੈਕਟਰ
- ਮਨਦੀਪ ਮਾਂਗਟ ਡਾਇਰੈਕਟਰ

ਜਾਰੀ ਕਰਤਾ

**ਫਰੇਜ਼ਰ ਸਟਰੀਟ ਪੰਜਾਬੀ ਮਾਰਕੀਟ, ਸੁਸਾਇਟੀ, ਵੈਨਕੂਵਰ**


HAPPY GURPURAB
ਗੁਰੂ ਨਾਨਕ ਸਾਹਿਬ ਜੀ ਦੇ 555ਵੇਂ ਪ੍ਰਕਾਸ਼ ਪੁਰਬ
ਦੀਆਂ ਲੱਖ ਲੱਖ ਵਧਾਈਆਂ
SARABHA
DRIVING SCHOOL
SARABHA
TRUCK REPAIR SERVICE LTD.
SARABHA
DRIVING SCHOOL
TRUCK REPAIR
TRANSPORT
604 600 5835, 604 916 5835
SARABHA TRUCK REPAIR
Govt. Approved Facility
GOVERNMENT APPROVED FACILITY.
CLASS 1, 2, 3, 4, 5, 6 & 7 AIR BRAKE COURSE
WE OFFER ICBC APPROVED MELT DRIVING COURSES
ਅਸੀਂ ਆਈ.ਸੀ.ਬੀ.ਸੀ. ਤੋਂ ਮਨਜ਼ੂਰਸ਼ੁਦਾ ਕਲਾਸ 1, 2, 3, 4, 5, 6
ਅਤੇ 7 ਏਅਰ ਬ੍ਰੇਕ ਡਰਾਈਵਿੰਗ ਕੋਰਸ ਕਰਵਾਉਂਦੇ ਹਾਂ।
AMRIT GREWAL
604-600-5835
JAS
604-916-5835
SUKH
778-241-5835
Email : sarabhadrivingschool@gmail.com | Web : sarabhatransport.com
19770 98 Ave, Langley Twp, BC V1M 2X5

# ਗੁਰਦਵਾਰਾ ਨਾਨਕ ਨਿਵਾਸ




8600 - NO. 5 RD., RICHMOND, B.C. • TEL: (604)274-7479, FAX: (604) 274-0046

## ਆਉਣ ਵਾਲੇ ਪ੍ਰੋਗਰਾਮ

*13 ਨਵੰਬਰ ਦਿਨ ਬੁੱਧਵਾਰ ਸ਼ਾਮ 5 ਵਜੇ ਧੰਨ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦਿਹਾੜੇ ਨੂੰ ਮੁੱਖ ਰੱਖਦਿਆਂ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ, ਉਪਰੰਤ ਤਿੰਨੇ ਦਿਨ ਲੰਗਰਾਂ ਦੀ ਸੇਵਾ ਗੁਰਦੁਆਰਾ ਕਮੇਟੀ ਤੇ ਸਮੂਹ ਸੰਗਤਾਂ ਵੱਲੋਂ ਹੋਵੇਗੀ।

*14 ਨਵੰਬਰ ਦਿਨ ਵੀਰਵਾਰ ਸ਼ਾਮ 6 ਵਜੇ ਮੱਘਰ ਮਹੀਨੇ ਦੀ ਸੰਗਰਾਂਦ ਨੂੰ ਮੁੱਖ ਰੱਖਦਿਆਂ, ਸ਼ਾਮ ਦੇ ਕੀਰਤਨ ਦੀਵਾਨ, ਕਥਾ ਸਮਾਗਮ ਹੋਣਗੇ।

*15 ਨਵੰਬਰ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਨਵਜੀਵਨਜੋਤ ਸਿੰਘ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

*15 ਨਵੰਬਰ ਦਿਨ ਸ਼ੁੱਕਰਵਾਰ ਸ਼ਾਮ 5 ਵਜੇ ਧੰਨ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦਿਹਾੜੇ ਨੂੰ ਮੁੱਖ ਰੱਖਦਿਆਂ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਉਪਰੰਤ ਕੀਰਤਨ ਦੀਵਾਨ, ਕਥਾ ਵਿਚਾਰਾਂ ਹੋਣਗੀਆਂ।

*16 ਨਵੰਬਰ ਦਿਨ ਸ਼ਨੀਵਾਰ ਸ਼ਾਮ 4.30 ਵਜੇ ਸਹੋਤਾ ਪਰਿਵਾਰ ਵੱਲੋਂ ਸ਼ਿੰਦਰ ਸਹੋਤਾ ਦੇ ਨਮਿਤ ਰੱਖੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਜਾਣਗੇ ਉਪਰੰਤ ਅੰਤਿਮ ਅਰਦਾਸ ਹੋਵੇਗੀ।

*17 ਨਵੰਬਰ ਦਿਨ ਐਤਵਾਰ ਸਵੇਰੇ 10:30 ਵਜੇ ਹਫ਼ਤਾਵਾਰੀ ਕੀਰਤਨ ਦੀਵਾਨ ਤੇ ਕਥਾ ਵਿਚਾਰ ਸਮਾਗਮ ਹੋਣਗੇ, ਉਪਰੰਤ ਲੰਗਰਾਂ ਦੀ ਸੇਵਾ ਸੰਗਤਾਂ ਵੱਲੋਂ ਹੋਵੇਗੀ।

*22 ਨਵੰਬਰ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਮਾਲਵਿੰਦਰ ਲਿੱਟ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

*23 ਨਵੰਬਰ ਦਿਨ ਸ਼ਨੀਵਾਰ ਸਵੇਰੇ 9 ਵਜੇ ਆਸ਼ੀਸ਼ ਅਰੋੜਾ ਤੇ ਬਵਨ ਅਰੋੜਾ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ, ਗੁਰਬਾਣੀ ਕੀਰਤਨ ਅਤੇ ਉਪਰੰਤ ਲੰਗਰਾਂ ਦੀ ਸੇਵਾ ਪਰਿਵਾਰ ਵੱਲੋਂ ਕੀਤੀ ਜਾਵੇਗੀ।

*23 ਨਵੰਬਰ ਦਿਨ ਸ਼ਨੀਵਾਰ ਸ਼ਾਮ 4.30 ਵਜੇ ਨਰਦੀਪ ਸਿੰਘ ਸਰਕਾਰੀਆ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਜੀ ਦੇ ਪਾਠ, ਕੀਰਤਨ ਕਥਾ ਤੇ ਲੰਗਰਾਂ ਦੀ ਸੇਵਾ ਹੋਵੇਗੀ।

*24 ਨਵੰਬਰ ਦਿਨ ਐਤਵਾਰ ਸਵੇਰੇ 10:30 ਵਜੇ ਹਫ਼ਤਾਵਾਰੀ ਕੀਰਤਨ ਦੀਵਾਨ ਤੇ ਕਥਾ ਵਿਚਾਰ ਸਮਾਗਮ ਹੋਣਗੇ, ਉਪਰੰਤ ਲੰਗਰਾਂ ਦੀ ਸੇਵਾ ਸੰਗਤਾਂ ਵੱਲੋਂ ਹੋਵੇਗੀ।

**ਗੁਰਦੁਆਰਾ ਇੰਡੀਅਨ ਕਲਚਰ ਸੈਂਟਰ ਆਫ ਕੈਨੇਡਾ, ਨੰਬਰ 5 ਰੋਡ ਰਿਚਮੰਡ ਬੀ ਸੀ,ਸਮੂਹ ਪ੍ਰਬੰਧਕ ਕਮੇਟੀ ਵੱਲੋ**

**"ਜਾਹਿਰ ਪੀਰ, ਜਗਤ ਗੁਰੂ, ਸਿੱਖ ਧਰਮ ਦੇ ਬਾਨੀ, ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਜਗਤ ਨੂੰ ਲੱਖ ਲੱਖ ਵਧਾਈਆਂ ਹੋਣ ਜੀ**

### ਸਤਿਗੁਰੁ ਨਾਨਕ ਪ੍ਰਗਟਿਆ, ਮਿਟੀ ਧੁੰਧ ਜਗ ਚਾਨਣ ਹੋਆ॥

13 ਨਵੰਬਰ ਦਿਨ ਬੁੱਧਵਾਰ ਸ਼ਾਮ 5:00 ਵਜੇ ਧੰਨ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦਿਹਾੜੇ ਨੂੰ ਮੁੱਖ ਰੱਖਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਅਤੇ 15 ਨਵੰਬਰ ਦਿਨ ਸ਼ੁੱਕਰਵਾਰ ਸ਼ਾਮ 5:00 ਵਜੇ ਧੰਨ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦਿਹਾੜੇ ਨੂੰ ਮੁੱਖ ਰੱਖਦਿਆਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਉਪਰੰਤ ਕੀਰਤਨ ਦੀਵਾਨ, ਕਥਾ ਵਿਚਾਰਾਂ ਹੋਣਗੀਆਂ।

**ਸੂਚਨਾ:8 ਸਤੰਬਰ ਦਿਨ ਐਤਵਾਰ ਤੋਂ ਪੰਜਾਬੀ ਸਕੂਲ ਸ਼ੁਰੂ ਹੈ ਸਭ ਨੂੰ ਬੇਨਤੀ ਹੈ ਕਿ ਆਪਣੇ ਬੱਚਿਆਂ ਨੂੰ ਪੰਜਾਬੀ ਸਕੂਲ ਵਿਚ ਦਾਖਲ ਕਰਵਾਉ ਤਾਂ ਜੋ ਬੱਚੇ ਪੰਜਾਬੀ ਬੋਲ ਤੇ ਲਿਖ ਸਕਣ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:ਬਲਵੰਤ ਸਿੰਘ ਸੰਘੇੜਾ 604-836-8976**

**ਹਰ ਮੰਗਲਵਾਰ ਸਵੇਰੇ 10 ਵਜੇ ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ**

### ਰੋਜ਼ਾਨਾ ਪ੍ਰੋਗਰਾਮ:

ਸਵੇਰੇ 5:00 ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ, ਸਵੇਰੇ 6:00 ਤੋਂ 6:45 ਨਿਤਨੇਮ, ਸਵੇਰੇ 7:00 ਤੋਂ 7:30 ਕੀਰਤਨ ਦੀਵਾਨ, ਸਵੇਰੇ 7:30 ਤੋਂ 7:45 ਕਥਾ, ਸਵੇਰੇ 7:45 ਤੋਂ 8:00 ਅਰਦਾਸ ਸਮਾਪਤੀ

### ਸ਼ਾਮ ਦੇ ਦੀਵਾਨ:

ਰਹਿਰਾਸ ਸਾਹਿਬ ਸ਼ਾਮ 5:30 ਤੋਂ 6:00 ਵਜੇ ਤੱਕ ਕੀਰਤਨ 6:00 ਤੋ 6:15 ਵਜੇ ਤੱਕ ਅਰਦਾਸ/ਹੁਕਮਨਾਮਾ 6:15 ਤੋਂ 6:30 ਵਜੇ ਤੱਕ ਸੁਖਆਸਣ ਰਾਤ 8:00 ਵਜੇ

| ਪ੍ਰਧਾਨ | ਖਜ਼ਾਨਚੀ | ਜਨਰਲ ਸਕੱਤਰ | ਸਕੱਤਰ |
|---|---|---|---|
| ਮੋਹਨ ਸਿੰਘ ਸੰਧੂ | ਕਮਲਜੀਤ ਸਿੰਘ ਦੁਸਾਂਝ | ਬਲਬੀਰ ਸਿੰਘ ਜਵੰਦਾ | ਬਲਵੰਤ ਸਿੰਘ ਸੰਘੇੜਾ |

## ਗੁਰਦੁਆਰਾ ਸਾਹਿਬ ਦਾ ਫੋਨ:604-274-7479

Email:iccc8600@gmail.com

ਗੁਰੂ ਨਾਨਕ ਸਾਹਿਬ ਜੀ

# ਨਿਰਮਲ ਪੰਥ ਦੇ ਬਾਨੀ



ਅੱਜ ਸਾਜਸ਼ ਨੀਤੀਆਂ ਦੁਆਰਾ ਇਸ ਤੱਥ ਨੂੰ ਝੂਠਾ ਦੱਸਣ ਦਾ ਜਤਨ ਕੀਤਾ ਜਾ ਰਿਹਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਕੋਈ ਵਿਲੱਖਣ ਸਿਧਾਂਤਾਂ ਨੂੰ ਜਨਮ ਦਿੱਤਾ। ਵਾਸਤਵ ਵਿਚ ਗੁਰੂ ਨਾਨਕ ਦੇਵ ਜੀ ਨੇ ਸਿੱਖ ਇੰਨਕਲਾਬ ਦੀ ਨੀਂਹ ਰੱਖੀ ਅਤੇ ਉਸ ਸਮੇਂ ਦੇ ਪ੍ਰਚਲਤ ਧਰਮ ਦੀਆਂ ਪ੍ਰੰਪਰਾਵਾਂ ਨੂੰ ਰੱਦ ਕਰ ਦਿੱਤਾ। ਸਾਜ਼ਸ਼ਕਾਰੀਆਂ ਤੋਂ ਇਲਾਵਾ ਕੁਝ ਉਹ ਲਿਖਾਰੀ ਵੀ ਹਨ ਜੋ ਅਗਿਆਨਤਾ ਕਾਰਨ ਲਿਖ ਦਿੰਦੇ ਹਨ ਕਿ ਗੁਰੂ ਸਾਹਿਬ ਨੇ ਹਿੰਦੂ ਤੇ ਇਸਲਾਮ ਧਰਮਾਂ ਦੇ ਚੰਗੇ ਗੁਣਾਂ ਨੂੰ ਅਪਣਾਇਆ। ਇਸ ਪਰਥਾਏ ਡਾਕਟਰ ਤਾਰਨ ਸਿੰਘ ਲਿਖਦੇ ਹਨ ''ਇਹ ਠੀਕ ਹੈ ਕਿ ਗੁਰੂ ਨਾਨਕ ਦਰਸ਼ਨ ਦੇ ਕਈ ਪੱਥ ਵੇਦਾਂ, ਉਪਨਿਸ਼ਦਾਂ ਦੀ ਪ੍ਰੰਪਰਾ ਵਿਚ ਵੇਖੇ ਜਾ ਸਕਦੇ ਹਨ, ਪਰ ਸਿੱਖ ਧਰਮ ਨੇ ਇਕ ਨਵੀਂ ਦ੍ਰਿਸ਼ਟੀ ਦਿੱਤੀ ਅਤੇ ਉਸਨੂੰ ਪਾਪ੍ਰਤ ਕਰਨ ਦਾ ਨਵਾਂ ਰਾਹ ਦੱਸਿਆ ।''

ਇਹ ਆਖਣਾ ਅਤੇ ਪ੍ਰਵਾਨ ਕਰਨਾ ਪਵੇਗਾ ਕਿ ਗੁਰੂ ਜੀ ਨੇ ਨਿਰਮਲ ਪੰਥ ਦੀ ਨੀਂਹ ਰੱਖੀ। ਜੋ ਗੁਰੂ ਗੋਬਿੰਦ ਸਿੰਘ ਸਮੇਂ ਖਾਲਸਾ ਪੰਥ ਬਣਿਆ। ਗੁਰੂ ਨਾਨਕ ਦੇਵ ਜੀ ਨੇ ਮਹਾਨ ਗੁਰਮਤਿ ਸੰਦੇਸ਼ ਦੁਆਰਾ ਸਮਾਜ ਅੰਦਰ ਪ੍ਰੀਵਰਤਨ ਲਿਆਂਦਾ ਜਿਨ੍ਹਾਂ ਕਰਕੇ ਹਿੰਦੂ ਤੇ ਇਸਲਾਮ ਧਰਮਾਂ ਉਪਰ ਵੀ ਅਸਰ ਹੋਇਆ । ਇਹੀ ਕਾਰਨ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਸ਼ਖਸ਼ੀਅਤ ਸਮਾਜ ਦੇ ਸਭ ਵਰਗਾਂ ਦੇ ਲੋਕਾਂ ਹਰਮਨ ਪਿਆਰੀ ਹੋਈ । ਹਰ ਧਰਮ ਨੇ ਉਨ੍ਹਾਂ ਨੂੰ ਆਪਣਾ ਰਹਿਬਰ ਤਸਲੀਮ ਕੀਤਾ ਤੇ ਪੂਰਾ ਸਤਿਕਾਰ ਦਿੱਤਾ । ਇਹ ਲੋਕ ਬੋਲੀ ਇਸ ਤੱਥ ਦੀ ਸਚਾਈ ਨੂੰ ਪ੍ਰਗਟ ਕਰਨ ਲਈ ਗਵਾਹੀ ਭਰਦੀ ਹੈ, ਨਾਨਕ ਸ਼ਾਹ ਫਕੀਰ ਹਿੰਦੂ ਦਾ ਗੁਰੂ ਮੁਸਲਮ ਕਾ ਪੀਰ । ਭਾਈ ਗੁਰਦਾਸ ਜੀ ਦੀ ਲਿਖਤ ਵੀ ਦੱਸ ਰਹੀ ਹੈ ,ਘਰ ਘਰ ਬਾਬਾ ਪੂਜੀਏ

ਹਿੰਦੂ ਮੁਸਲਮਾਨ ਗੁਆਈ।।
ਛਪੇ ਨਾਂਹਿ ਛਪਾਇਆ
ਚੜਿਆ ਸੂਰਜ ਜਗ ਰੁਸ਼ਨਾਈ।।

ਗੁਰੂ ਨਾਨਕ ਦੇਵ ਜੀ ਨੇ ਵੇਈਂ ਨਦੀ ਦੇ ਅਸਥਾਨ ਤੇ ਤਿੰਨ ਦਿਨ ਅਲੋਪ ਰਹਿਣ ਪਿਛੋਂ ਲੋਕਾਂ ਨੂੰ ਐਲਾਨ ਕਰ ਦਿੱਤਾ ਕਿ ਰੱਬੀ ਹੁਕਮ ਹੈ ਕਿ 'ਨਾ ਕੋਈ ਹਿੰਦੂ , ਨਾ ਕੋਈ ਮੁਸਲਮਾਨ' ਭਾਵ ਇੱਕ ਰੱਬ ਦੇ ਪੁੱਤਰਾਂ ਵਿਚ ਵੰਡੀਆਂ ਨਹੀਂ ਪੈ ਸਕਦੀਆਂ। ਇਹ ਉਸ ਕਾਲ ਅੰਦਰ ਇਕ ਮਹਾਨ ਤੇ ਵਿਲੱਖਣ ਸਿਧਾਂਤ ਸੀ ਅਤੇ ਖੇਰੂੰ ਖੇਰੂ ਹੋਏ ਸਮਾਜ ਲਈ ਅਤਿ ਲੋੜੀਂਦਾ ਸੀ । ਮੁਸਲਮਾਨ ਵਿਦਵਾਨ ਪ੍ਰੋਫੈਸਰ ਮੁਜ਼ੀਬ ਦਾ ਨਿਰਣਾ ਸਪਸ਼ਟ ਹੈ ਜੋ ਆਖ ਰਹੇ ਹਨ ''ਸ਼ਾਇਦ ਇਕ ਮੁਸਲਮਾਨ ਦਾ ਆਖਣਾ ਅਜ਼ੀਬ ਲਗੇਗਾ ਕਿ ਗੁਰੂ ਨਾਨਕ ਦੇਵ ਜੀ ਇਸਲਾਮ ਤੋਂ ਪ੍ਰਭਾਵਿਤ ਨਹੀਂ ਸਨ।'' ਡਾਕਟਰ ਏਬੈਨਰਜੀ ਅਨੁਸਾਰ ਗੁਰੂ ਨਾਨਕ ਦੇਵ ਜੀ ਪ੍ਰੰਪਰਾ ਦਾ ਅਧਿਐਨ ਅਤੇ ਚਿਤ੍ਰਣ ਪੇਸ਼ ਕਰਦੇ ਹੋਏ ਵੀ ਇਕ ਨਵੇਂ ਅਤੇ ਨਿਰਾਲੇ ਮਤ ਦੇ ਬਾਨੀ ਸਨ, ਜੋ ਗੁਰਮਤਿ ਅਤੇ ਉਸਨੂੰ ਮੰਨਣ ਵਾਲਿਆਂ ਲਈ ਸਿੱਖ ਮਤ ਦੇ ਨਾਂ ਨਾਲ ਸਥਾਪਤ ਹੋਇਆ।'' ਇਸ ਵਿਲੱਖਣ ਮਤ ਦਾ ਸੰਕੇਤ ਗੁਰੂ ਨਾਨਕ ਦੇਵ ਜੀ ਦੇ ਜੋਗੀਆਂ ਨਾਲ ਸੰਵਾਦ ਨੂੰ ਭਾਈ ਗੁਰਦਾਸ ਜੀ ਨੇ ਵਰਨਣ ਕੀਤਾ ਹੈ,

ਜਦੋਂ ਗੁਰੂ ਨਾਨਕ ਦੇਵ ਜੀ ਦਾ (1469 ਈ.ਥ) ਵਿਚ ਆਗਮਨ ਹੋਇਆ, ਉਸ ਵੇਲੇ ਉੱਤਰੀ ਭਾਰਤ ਵਿਚ, ਸਗੋਂ ਦੱਖਣ ਵਿਚ ਵੀ ਇਸਲਾਮੀ ਰਾਜ ਸਥਾਪਤ ਹੋ ਚੁੱਕਾ ਸੀ । ਭਾਰਤੀ ਸਮਾਜ ਦੀ ਦਸ਼ਾ ਨੂੰ ਉਨ੍ਹਾਂ ਨੇ ਆਪਣੀ ਕਲਮ ਦੁਆਰਾ ਇਸ ਤਰ੍ਹਾਂ ਚਿਤਰਿਆ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ਰਾਜੇ ਸੀਹ ਮੁਕਦਮ ਕੁਤੇ ॥

ਜਾਇ ਜਗਾਇਨਿ ਬੈਠੇ ਸੁਤੇ ॥

ਗੁਰੂ ਸਾਹਿਬ ਨੇ ਸਮਾਜ ਦਾ ਚਿੱਤਰ ਖਿੱਚਣ ਲੱਗਿਆਂ, ਕੋਈ ਕਾਵਿ ਕਲਪਨਾ ਨਹੀਂ ਕੀਤੀ, ਸਗੋਂ ਅਸਲੀਅਤ ਨੂੰ ਨਿਧੱੜਕ ਹੋਕੇ ਵਰਨਣ ਕੀਤਾ । ਇਸਦੇ ਨਾਲ ਹੀ ਸਮਾਜ ਦੇ ਮੁੱਖ ਆਗੂਆਂ ਦੀ ਕਾਰਗੁਜਾਰੀ ਦੀ ਚੀਰ ਫਾੜ ਕੀਤੀ ਕਿ ਉਨ੍ਹਾਂ ਵਲੋਂ ਸਮੁੱਚੇ ਸਮਾਜ ਦਾ ਉਜਾੜਾ ਕੀਤਾ ਗਿਆ;

ਕਾਦੀ ਕੂੜੁ ਬੋਲਿ ਮਲੁ ਖਾਇ ॥
ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥
ਤੀਨੇ ਓਜਾੜੇ ਕਾ ਬੰਧੁ ॥

ਇਸਤੋਂ ਇਲਾਵਾ ਵਿਦੇਸ਼ੀ ਹਮਲਾਵਰ ਬਾਬਰ ਨੂੰ ਜਾਬਰ ਆਖਣਾ ਜਾਂ ਉਸਦੀ ਫੌਜ਼ ਨੂੰ ਪਾਪ ਦੀ ਜੰਞ ਦਸਣਾ ਕਮਾਲ ਦੀ ਦਲੇਰੀ ਸੀ ।

ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ ॥

ਸਮਾਜ ਅੰਦਰ ਜਾਤ-ਵਰਣ ਦੀ ਬੀਮਾਰੀ ਪੂਰੇ ਜੋਰਾਂ ਸ਼ੋਰਾਂ ਤੇ ਸੀ ਅਤੇ ਇਹ ਜਾਤ-ਪਾਤ ਪ੍ਰਣਾਲੀ ਹਿੰਦੂ ਧਰਮ ਦੇ ਕੰਮ ਸਮਝੇ ਜਾਂਦੇ ਸਨ ਅਤੇ ਇਸ ਜਾਤ-ਪਾਤ ਵੰਡ ਵਿਚ ਬ੍ਰਾਹਮਣ ਨੇ ਆਪ ਨੂੰ ਸਭ ਤੋਂ ਉੱਚਾ ਮੰਨਿਆ ਹੈ । ਜਿਥੇ ਮੁਗਲ ਜਾਂ ਇਸਲਾਮ ਧਰਮ ਵਲੋਂ ਹਿੰਦੂਆਂ ਨੂੰ ਕਾਫਰ ਆਖਕੇ ਜੁਲਮ ਤੇ ਅਤਿਆਚਾਰ ਹੋ ਰਿਹਾ ਸੀ, ਉਥੇ ਪੁਜਾਰੀ ਸ਼੍ਰੇਣੀ ਬ੍ਰਾਹਮਣ ਵਲੋਂ ਨੀਵੀਆਂ ਜਾਤਾਂ ਉਪਰ ਘੋਰ ਜ਼ੁਲਮ ਕੀਤਾ ਜਾਂਦਾ ਸੀ। ਸਮਾਜ ਦੇ ਅਨੇਕਾਂ ਤਪੀ ਤੇ ਸਿਧ ਅਖਵਾਉਣ ਵਾਲੇ ਲੋਕ ਪਹਾੜਾਂ ਤੇ ਸਮਾਧੀਆਂ ਲਗਾਕੇ ਤਪ ਕਰਨ ਨੂੰ ਧਰਮ ਸਮਝੀ ਬੈਠੇ ਸਨ ਅਤੇ ਸਮਾਜ ਸੁਧਾਰ ਦੀਆਂ ਜਿੰਮੇਵਾਰੀਆਂ ਤੋਂ ਲਾਂਭੇ ਹੋਕੇ ਛੁਪੇ ਬੈਠੇ ਸਨ। ਭਾਈ ਗੁਰਦਾਸ ਜੀ ਨੇ ਗੁਰੂ ਜੀ ਵਲੋਂ ਆਖੇ ਬੋਲਾਂ ਨੂੰ ਕਲਮ ਬੰਦ ਕੀਤਾ ਗਿਆ ਹੈ,

ਸਿਧ ਛਪ ਬੈਠੇ ਪਰਬਤੀਂ ਕੌਣ
ਜਗ ਕਉ ਪਾਰ ਉਤਾਰਾ।।

ਗੁਰੂ ਨਾਨਕ ਦੇਵ ਜੀ ਨੇ ਅਸਲੀ ਤੇ ਸਾਂਝੇ ਧਰਮ ਦੇ ਸਿਧਾਂਤ ਨੂੰ ਲੋਕਾਈ ਲਈ ਪੇਸ਼ ਕੀਤਾ । ਸਿੱਖ ਧਰਮ ਇਕ ਜੀਵਨ ਜਾਂਚ ਹੈ, ਇਸਦੇ ਪੈਰ ਧਰਤੀ ਤੇ ਹਨ ਅਤੇ ਇਸ ਨਾਲ ਲੋਕ ਭਾਵਨਾ ਜੁੜੀ ਹੋਈ ਹੈ। ਗੁਰੂ ਨਾਨਕ ਤੋਂ ਪਹਿਲਾਂ ਭਗਤੀ ਲਹਿਰ ਦੇ ਸੰਤਾਂ ਭਗਤਾਂ ਨੇ ਨਵੀਆਂ ਧਾਰਮਕ ਪ੍ਰੰਪਰਾਵਾਂ ਦਾ ਪ੍ਰਚਾਰ ਕੀਤਾ ਅਤੇ ਜਾਤ-ਪਾਤ ਪ੍ਰਣਾਲੀ ਦਾ ਖੰਡਨ ਕੀਤਾ, ਬ੍ਰਾਹਮਣ ਦੀ ਸਰਦਾਰੀ ਨੂੰ ਵੀ ਚੈਲੰਜ ਕੀਤਾ ਪਰ ਉਨ੍ਹਾਂ ਵਲੋਂ ਵਿਗੜੇ ਸਮਾਜ ਅੰਦਰ ਕੋਈ ਠੋਸ ਪਰਿਵਰਤਨ ਲਿਆਉਣਾ ਸੰਭਵ ਨਾ ਹੋਇਆ। ਇਨ੍ਹਾਂ ਭਗਤਾਂ ਨੇ ਇਸਲਾਮ ਵਲੋਂ ਹੋ ਰਹੇ ਜ਼ੁਲਮ ਖ਼ਿਲਾਫ ਕੋਈ ਗੱਲ ਨਾ ਕੀਤੀ । ਦੂਸਰਾ, ਇਹ ਸਾਰੇ ਭਗਤ ਦੇਸ਼ ਦੇ ਵੱਖ ਵੱਖ ਇਲਾਕਿਆਂ ਨਾਲ ਸਬੰਧ ਰੱਖਦੇ ਸਨ, ਜਿਸ ਕਰਕੇ ਸਾਂਝੀ ਯੋਜਨਾਬਧ ਲਹਿਰ ਨਾ ਉਠ ਸਕੀ। ਗੁਰੂ ਨਾਨਕ ਦੇਵ ਜੀ ਨੇ ਇਹ ਦ੍ਰਿੜ ਕਰਾਇਆ ਕਿ ਨਿਰਾ ਸਿਧਾਂਤਾਂ ਨੂੰ ਜਾਣ ਲੈਣਾ ਕਾਫੀ ਨਹੀਂ, ਅਸਲ ਵਿਚ ਸਿਧਾਂਤਾਂ ਨੂੰ ਅਸਲੀ ਜਾਮਾਂ ਪਹਿਨਾਉਣ ਨਾਲ ਹੀ ਜ਼ਿੰਦਗੀ ਬਣ ਸਕਦੀ ਹੈ :

ਗੁਰੂ ਜੀ ਵਲੋਂ ਜੋ ਸਿਧਾਂਤ ਦਿੱਤੇ ਗਏ, ਉਹ ਨਵੇਂ ਤੇ ਵਿਲੱਖਣ ਸਨ ਅਤੇ ਸਰਬ ਸਾਂਝੇ ਸਨ । ਇਨ੍ਹਾਂ ਵਿਚ ਮਨੁੱਖੀ ਸਮਾਨਤਾ ਦਾ ਵਿਚਾਰ ਪ੍ਰਬਲ ਸੀ ਅਤੇ ਊਚ-ਨੀਚ ਦੇ ਸੰਕਲਪ ਨੂੰ ਅਪ੍ਰਵਾਣ ਕੀਤਾ, ਕਿਉਂਕਿ ਕਿ ਸਾਰੀ ਸ੍ਰਿਸ਼ਟੀ ਦਾ ਸਾਜਣਹਾਰ ਤੇ ਕਰਤਾ ਇਕ ਹੈ ਤੇ ਉਹ ਅਕਾਲ ਪੁਰਖ ਹੈ, ਜੋ ਕਿ ਨਿਰੰਕਾਰ, ਸਰਵ ਵਿਆਪਕ ਹੈ:

ਲੋਕਾਂ ਅੰਦਰ ਸੁਤੰਤਰ ਵਿਚਾਰਧਾਰਾ ਕੋਈ ਨਹੀਂ ਸੀ ਅਤੇ ਉਨ੍ਹਾਂ ਅੰਦਰ ਸੁਤੰਤਰਤਾ ਵਾਲਾ ਗੌਰਵਮਈ ਜੀਵਣ ਜੀਣ ਲਈ ਸਾਹਸ ਭਰ ਦਿੱਤਾ। ਸਿੱਖ ਲਹਿਰ ਵਿਚ ਸ਼ਾਮਲ ਹੋਣ ਲਈ ਸ਼ਰਤ ਲਗਾਈ :

ਉਦੋਂ ਦੀ ਧਾਰਮਕ ਸ਼ੇਣੀ ਵਲੋਂ ਪ੍ਰਚਲਤ ਕਰਮ ਕਾਡਾਂ ਤੋਂ ਮੁਕਤੀ ਪਾਉਣੀ, ਸਧਾਰਨ ਲੋਕਾਂ ਲਈ ਸੁਖੇਲ ਨਹੀਂ ਸੀ । ਸਭ ਤੋਂ ਪਹਿਲਾਂ ਬ੍ਰਾਹਮਣ ਸ਼੍ਰੇਣੀ ਦੇ ਵਿਰੁੱਧ ਦੋਸ਼ ਸਾਬਤ ਕੀਤੇ । ਧਾਰਮਿਕ ਸ਼੍ਰੇਣੀ ਵਲੋਂ ਇਹ ਵਿਸ਼ਵਾਸ ਲੋਕਾਂ ਦੇ ਮਨਾਂ ਅੰਦਰ ਪਕਾਇਆ ਹੋਇਆ ਸੀ ਕਿ ਮੁਕਤੀ ਪ੍ਰਾਪਤੀ ਦਾ ਮੁੱਖ ਸਮਾਨ ਤੀਰਥ ਭ੍ਰਮਣ ਹੈ, ਪਰ ਗੁਰੂ ਜੀ ਨੇ ਨਵਾਂ ਤੀਰਥਾਂ ਦਾ ਸੰਕਲਪ ਦਿੱਤਾ ਤੇ ਪੁਜਾਰੀ ਸ਼੍ਰੇਣੀ ਦੀ ਦੁਕਾਨਦਾਰੀ ਨੂੰ ਸੱਟ ਮਾਰੀ :

ਜੋਗ ਮਤ ਵੀ ਭਾਰਤੀ ਸਮਾਜ ਦਾ ਤੀਸਰਾ ਮਤ ਜਾਣਿਆ ਜਾਂਦਾ ਸੀ । ਗੁਰੂ ਨਾਨਕ ਨੇ ਉਨ੍ਹਾਂ ਨਾਲ ਸੋਸ਼ਣ ਕੀਤੀ ਤੇ ਉਨ੍ਹਾਂ ਦੇ ਜੋਗ ਮਤ ਨੂੰ ਅਪ੍ਰਵਾਣ ਕੀਤਾ
ਇਸਤਰੀ ਜਾਤੀ ਦੀ ਦੁਰਦਸ਼ਾ ਸੀ ਅਤੇ ਸਮਾਜ ਉਸਾਰੀ 'ਚ ਸਭ ਪੁਰਸ਼ਾਂ ਦਾ ਸੁਧਾਰ ਜ਼ਰੂਰੀ ਸੀ । ਪੁਰਾਤਨ ਮਨੌਤ ਕਿ ਇਸਤਰੀ ਨਿੰਦਣ ਯੋਗ ਹੈ, ਜਾਂ ਮਰਦ ਦੇ ਬਰਾਬਰ ਨਹੀਂ ਨੂੰ ਠੁਕਰਾ ਦਿੱਤਾ :

ਸਮਾਜ ਅੰਦਰ ਕਿਰਤ ਕਰਨ ਤੇ ਵੰਡ ਛਕਣ ਦੇ ਸੰਕਲਪ ਨੂੰ ਮਹੱਤਤਾ ਦਿੱਤੀ। ਨਾਮ ਜਪਨਾ, ਕਿਰਤ ਕਰਨੀ ਤੇ ਵੰਡ ਛਕਣਾ ਦੇ ਮਹਾਨ ਗੁਰਮਤ ਸਿਧਾਤਾਂ ਨੇ ਸਭਿਆਚਾਰਕ ਜੀਵਨ ਵਿੱਚ ਪਰਿਵਰਤਨ ਲਿਆਂਦਾ। ਇਨ੍ਹਾਂ ਅਸੂਲਾਂ ਨੂੰ ਅੱਗੇ ਰੱਖਕੇ ਸਮਾਜਕ ਜੀਵ ਇਕ ਸ੍ਰੇਸ਼ਠ ਇਨਸਾਨ ਬਣ ਸਕਦਾ ਹੈ:

ਜੋ ਕਿਰਤ ਨਹੀਂ ਕਰਦਾ, ਉਹ ਦੂਜਿਆਂ ਤੇ ਨਿਰਭਰ ਹੋਵੇਗਾ, ਮੰਗ ਕੇ ਖਾਵੇਗਾ। ਵਿਹਲਾ ਰਹਿਣਾ ਤੇ ਮੰਗਕੇ ਖਾਣਾ ਸਭ ਤੋਂ ਵੱਡਾ ਸਮਾਜਕ ਭੈੜ ਹੈ । ਜੇਕਰ ਸਮਾਜ ਦੇ ਬਹੁਤ ਲੋਕ ਕਿਰਤ ਨਹੀਂ ਕਰਦੇ ਤਾਂ ਅਜਿਹਾ ਸਮਾਜ ਸਰਬ-ਪੱਖੀ ਤਰੱਕੀ ਨਹੀਂ ਕਰ ਸਕਦਾ । ਇਹੀ ਕਾਰਨ ਸੀ ਕਿ ਸਿੱਖਾਂ ਨੇ ਸੰਸਾਰ ਦੇ ਹਰ ਕੋਨੇ 'ਚ ਘਾਲ ਕਮਾਈ ਤੇ ਕਰੜੀ ਘਾਲਣਾ ਦੁਆਰਾ ਆਪਣੀ ਥਾਂ ਬਣਾਈ । ਪੰਜਾਬ ਦਾ ਹਰਾ ਇੰਨਕਲਾਬ ਅਤੇ ਪਿਛੋਂ ਉਜੜੇ ਹੋਏ ਸਿੱਖਾਂ ਨੂੰ ਧਰਮੀ ਹੋਣ ਨਾਲ ਕਿਰਤ ਕਮਾਈਆਂ ਕਰਕੇ ਖੁਸ਼ਹਾਲੀ ਨੂੰ ਮਾਣਿਆ । ਰਾਜਸੀ ਚੇਤੰਨਤਾ ਵੀ ਗੁਰੂ ਨਾਨਕ ਦੀ ਦੇਣ ਹੈ । ਗੁਰੂ ਸਾਹਿਬ ਨੂੰ ਜਾਲਮ ਰਾਜਿਆਂ ਦੇ ਜੁਲਮ ਨੂੰ ਨੰਗਾ ਕੀਤਾ ਅਤੇ ਜਨਤਾ ਅੰਦਰ ਜਾਲਮ ਨਾਲ ਟੱਕਰ ਲੈਣ ਲਈ ਹਿੰਮਤ ਭਰੀ । ਉਨ੍ਹਾਂ ਨੇ ਇੱਕ ਚੰਗੇ ਰਾਜੇ ਦਾ ਸੰਕਲਪ ਵੀ ਦਿੱਤਾ, ਗੁਰੂ ਨਾਨਕ ਦੇਵ ਜੀ ਅਜਿਹੇ ਸਮਾਜ ਦੀ ਸਿਰਜਨਾ ਕਰਨਾ ਚਹੁੰਦੇ ਸਨ ਜੋ ਗੁਰਮੁੱਖ ਤੇ ਸ੍ਰੇਸ਼ਠ ਪ੍ਰਾਣੀਆਂ ਦਾ ਸਮਾਜ ਹੋਵੇ । ਜਿਥੇ ਹਰ ਕੋਈ ਇਕ ਦੂਜੇ ਦਾ ਭਾਈਵਾਲ ਹੋਵੇ, ਜਿਥੇ ਸਹਿਨਸ਼ੀਲਤਾ ਤੇ ਪਿਆਰ ਹੋਵੇ, ਜਿਥੇ ਭਾਵਨਾਵਾਂ ਸਾਂਝੀਆਂ ਹੋਣ, ਜਿਥੇ ਸਤਿ ਦਾ ਰਾਜ ਹੋਵੇ। ਉਹ ਸਮਾਜ ਜਿਥੇ ਮਨੁੱਖ ਦੀ ਤਰੱਕੀ ਤੇ ਪ੍ਰਫੁਲਤਾ ਲਈ ਕੋਈ ਰੁਕਾਵਟ ਨਾ ਹੋਵੇ। ਇਸ ਸਮਾਜ ਦੇ ਲੋਕ ਜਾਲਮ ਤੇ ਜੁਲਮ ਦਾ ਟਾਕਰਾ ਕਰ ਸਕਣ ਦੇ ਸਮਰਥ ਹੋਣ । ਅਜਿਹੇ ਸਮਾਜ ਵਿਚ ਰਾਜਨੀਤਕ, ਆਰਥਕ, ਸਮਾਜਕ ਤੇ ਧਾਰਮਕ ਲੁੱਟ-ਖਸੁੱਟ ਨਾ ਹੋਵੇ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਦੂਸਰੇ ਗੁਰੂ ਸਾਹਿਬਾਨਾਂ ਨੇ ਵੀ ਗੁਰੂ ਨਾਨਕ ਸਹਿਬ ਦੇ ਸਥਾਪਤ ਸਿਧਾਤਾਂ ਨੂੰ ਅਸਲੀ ਰੂਪ ਦੇਣ ਦਾ ਜਤਨ ਕੀਤਾ । ਡਾਕਟਰ ਗੋਕਲ ਚੰਦ ਨਾਰੰਗ ਅਨੁਸਾਰ ''ਗੁਰੂ ਨਾਨਕ ਨੇ ਸਮਾਜ ਦਾ ਜਿਹੜਾ ਬੀਜ ਬੀਜਿਆ ਸੀ, ਉਹ ਉਨ੍ਹਾਂ ਦੇ ਉੱਤਰਾਧਿਕਾਰੀਆਂ ਦੀ ਪਲਕ ਨਿਗਰਾਨੀ ਅਧੀਨ ਖਾਲਸਾ ਸੱਤਾ ਦਾ ਇਕ ਵਿਸ਼ਾਲ ਰੁੱਖ ਬਣ ਗਿਆ ।'' ਉੱਤੇ ਤੇ ਸੁੱਚੇ ਸਮਾਜ ਸਿਰਜਨਾ ਦੇ ਸਿਧਾਂਤ ਨੂੰ ਲਾਂਭੇ ਨਹੀਂ ਕੀਤਾ ਗਿਆ, ਸਗੋਂ ਖਾਲਸਫੀ ਸਿਧਾਂਤਾਂ ਨੂੰ ਅੱਗੇ ਤੋਰਣ ਲਈ ਖਾਲਸਾ ਪੰਥ ਦੀ ਸਾਜਣਾ ਹੋਈ, ਪਰ ਅੱਜ ਅਸੀਂ ਮੁੱੜ ਧਰਮ ਦੇ ਭੇਖ ਨੂੰ ਤਾਂ ਅਪਣਾਇਆ ਹੋਇਆ ਹੈ, ਪਰ ਸੱਚੀ ਧਰਮ ਦੀ ਸਾਧਨਾਂ ਤੋਂ ਕੋਹਾਂ ਦੂਰ ਹਾਂ। ਇਹੀ ਕਾਰਨ ਹੈ ਕਿ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਾਲੀ ਕੌਮ ਰਾਜਸੀ, ਆਰਥਕ ਤੇ ਧਾਰਮਕ ਲੁੱਟ-ਖਸੁੱਟ ਦੀ ਸ਼ਿਕਾਰ ਬਣੀ ਹੋਈ ਹੈ । ਅੱਜ ਲੋੜ ਹੈ ਗੁਰੂ ਦੇ ਮਹਾਨ ਸਿਧਾਂਤਾਂ ਦੀ ਪਾਲਣਾ ਕਰਕੇ ਗੌਰਵਮਈ ਸਿੱਖੀ ਜੀਵਨ ਜੀਵਿਆ ਜਾਏ ।


ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ

ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012


ਦਲਜੀਤ ਸਿੰਘ ਰਾਏ

FAST COMPUTER REPAIR

New Web Designing
& Hosting Services



Onsite Service Available
Computer Repair & Upgrade
Spyware & Virus Removal
Same Day Service



Your Personal Tech, A Phone Call Away...
HARMEET SINGH
www.fastcomputerrepair.ca E-mail : harmeet@fastcomputerrepair.ca
778-928-4444

# ਸਿੱਖ ਧਰਮ ਦੇ ਪਹਿਲੇ ਸ਼ਹੀਦ

ਲੇਖਕ : ਜੋਰਾਵਰ ਸਿੰਘ ਤਰਸਿੱਕਾ

ਅੱਜ ਮੈ ਸਿੱਖ ਧਰਮ ਦੇ ਪਹਿਲੇ ਸਿੱਖ ਸ਼ਹੀਦ ਦਾ ਜਿਕਰ ਕਰਨ ਲੱਗਾ ਜੋ ਗੁਰੂ ਨਾਨਕ ਸਾਹਿਬ ਜੀ ਵੇਲੇ ਸ਼ਹੀਦ ਹੋਇਆ ਤੇ ਸਿੱਖ ਧਰਮ ਵਿੱਚ ਪਹਿਲੇ ਸ਼ਹੀਦ ਹੋਣ ਦਾ ਮਾਨ ਹਾਸਿਲ ਕੀਤਾ । ਇਸ ਸਿੱਖ ਬਾਰੇ ਬਹੁਤ ਘੱਟ ਸੰਗਤ ਨੂੰ ਪਤਾ ਹੋਵੇਗਾ ਕਿਉਕਿ ਇਤਿਹਾਸ ਵਿੱਚ ਇਸ ਸਿੱਖ ਦਾ ਜਿਕਰ ਬਹੁਤ ਘੱਟ ਆਇਆ ਪਰ ਭਾਈ ਗੁਰਦਾਸ ਜੀ ਨੇ ਇਸ ਸਿੱਖ ਭਾਈ ਤਾਰੂ ਪੋਪਟ ਜੀ ਬਾਰੇ ਲਿਖਿਆ ਹੈ । ਤਾਰੂ ਭਾਈ ਜੀ ਦਾ ਨਾਮ ਸੀ ਤੇ ਪੋਪਟ ਇਹਨਾ ਦੀ ਗੋਤ ਸੀ । ਇਸ ਕਰਕੇ ਇਹਨਾ ਦਾ ਇਤਿਹਾਸ ਵਿੱਚ ਭਾਈ ਤਾਰੂ ਪੋਪਟ ਜੀ ਕਰਕੇ ਹੀ ਆਇਆ ਹੈ । ਕੁਝ ਮੱਕੇ ਦੇ ਕਾਜੀ ਰੁਕਤਦੀਨ ਨੂੰ ਪਹਿਲਾ ਸਿੱਖ ਸ਼ਹੀਦ ਮੰਨਦੇ ਹਨ ਪਰ ਪਹਿਲਾ ਸ਼ਹੀਦ ਬਹੁਤੇ ਇਤਿਹਾਸਕਾਰ ਭਾਈ ਤਾਰੂ ਪੋਪਟ ਜੀ ਨੂੰ ਹੀ ਮੰਨਦੇ ਹਨ । ਆਉ ਇਕ ਝਾਤ ਮਾਰੀਏ ਭਾਈ ਗੁਰਦਾਸ ਜੀ ਦੀ ਵਾਰ ਤੇ ਜਿਸ ਵਿੱਚ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੇ ਵੇਲੇ ਦੇ ਸਿੱਖਾਂ ਦਾ ਜਿਕਰ ਕੀਤਾ ਹੈ । ਤੇ ਬਾਅਦ ਫੇਰ ਭਾਈ ਤਾਰੂ ਪੋਪਟ ਜੀ ਦੇ ਜੀਵਨ ਕਾਲ ਤੇ ਇਕ ਝਾਤ ਮਾਰਾਗੇ ਜੀ ।

ਤਾਰੂ ਪੋਪਟ ਤਾਰਿਆ ਗੁਰਮੁਖ ਬਾਲ ਸੁਭਾਇ ਉਦਾਸੀ।
ਮੂਲਾ ਕੀੜ ਵਖਾਣੀਏ ਚਲਿਤ ਅਚਰਜ ਲੁਭਤ ਗੁਰਦਾਸੀ
ਪਿਰਥਾ ਖੇਡਾ ਸੋਇਰੀ ਚਰਣ ਸਰਣ ਸੁਖ ਸਹਿਜ ਨਿਵਾਸੀ
ਭਲਾ ਰਬਾਬ ਵਜਾਇੰਦਾ ਮਜਲਸ 'ਮਰਦਾਨਾ' ਮੀਰਾਸੀ
ਪਿਰਥੀ ਮਲ ਸਹਿਗਲ ਭਲਾ ਰਾਮਾ ਡਿਡੀ ਭਗਤ ਅਭਿਆਸੀ।
ਦੌਲਤ ਖਾਂ ਲੋਦੀ ਭਲਾ ਹੋਆ ਜਿੰਦ ਪੀਰ ਅਬਿਨਾਸੀ
ਮਾਲੋ ਮਾਂਗਾ ਸਿਖ ਦੁਇ ਗੁਰਬਾਣੀ ਰਸ ਰਸਿਕ ਬਿਲਾਸੀ
ਸਨਮੁਖ ਕਾਲੂ ਆਸ ਧਾਰ ਗੁਰਬਾਣੀ ਦਰਗਹਿ ਸਾਬਾਸੀ
ਗੁਰਮਤਿ ਭਾਉ ਭਗਤਿ ਪ੍ਰਗਾਸੀ॥ ੧੩॥
ਭਗਰ ਜੋ ਭਗਤਾ ਓਹਰੀ, ਜਾਪੂ ਵੰਸੀ ਸੇਵ ਕਮਾਵੈ
ਸੀਹਾਂ ਉਪਲ ਜਾਣੀਏ ਗਜਨ ਉਪਲ ਸਤਿਗੁਰ ਭਾਵੈ
ਮੈਲਸੀਆਂ ਵਿਚ ਆਖੀਏ ਭਾਗੀਰਥ ਕਾਲੀ ਗੁਨ ਗਾਵੈ
ਜਿਤਾ ਰੰਧਾਵਾਂ ਭਲਾ ਬੂੜਾ ਬੁਢਾ ਇਕ ਮਨ ਧਿਆਵੈ। (ਵਾਰ ੧੧)

ਭਾਈ ਤਾਰੂ ਪੋਪਟ ਜੀ ਲਾਹੌਰ ਦੇ ਰਹਿਣ ਵਾਲਾ ਸੀ ਇਕ ਵਾਰ ਛੋਟੇ ਹੁੰਦਿਆਂ ਆਪਣੀ ਮਾਂ ਦੇ ਨਾਲ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨਾਂ ਨੂੰ ਆਇਆ। ਤੇ ਜਦ ਗੁਰੂ ਜੀ ਦੇ ਸਾਹਮਣੇ ਆਇਆ ਤਾ ਗੁਰੂ ਜੀ ਦੇ ਚਰਨਾਂ ਉਤੇ ਸਿਰ ਰੱਖ ਕੇ ਗੁਰੂ ਜੀ ਨੂੰ ਅਕਾਲ ਪੁਰਖ ਤਕ ਪਹੁੰਚਣ ਦਾ ਤਰੀਕਾ ਪੁਛਿਆ । ਗੁਰੂ ਜੀ ਨੇ ਆਖਿਆ ਤੂੰ ਏਡੀ ਛੋਟੀ ਉਮਰ ਵਿੱਚ ਏਨੀਆਂ ਸਿਆਣਪ ਭਰੀਆਂ ਗਲਾ ਕਰ ਰਿਹਾ ਇਸ ਦੀ ਵਜਾ ਦਸੋ । ਤਾ ਭਾਈ ਤਾਰੂ ਪੋਪਟ ਜੀ ਕਹਿਣ ਲਗੇ ਸਤਿਗੁਰੂ ਜੀ ਮੌਤ ਜਰੂਰੀ ਨਹੀ ਬਜੁਰਗ ਹੋ ਕੇ ਹੀ ਆਵੇ ਕਈ ਵਾਰ ਛੋਟੇ ਹੁੰਦਿਆਂ ਵੀ ਆ ਸਕਦੀ ਹੈ । ਤੁਸੀ ਮਿਹਰ ਕਰੋ ਇਸ ਮੌਤ ਤੋ ਪਹਿਲਾ ਉਸ ਰੱਬ ਤਕ ਮਨ ਪਹੁੰਚ ਜਾਵੇ । ਇਹ ਸੁਣ ਕੇ ਗੁਰੂ ਨਾਨਕ ਸਾਹਿਬ ਜੀ ਬਹੁਤ ਖੁਸ਼ ਹੋਏ ਤੇ ਭਾਈ ਤਾਰੂ ਪੋਪਟ ਜੀ ਨੂੰ ਆਪਣਾ ਸਿੱਖ ਬਣਾ ਲਿਆ ਤੇ ਉਪਦੇਸ਼ ਦਿੱਤਾ ਉਸ ਵਾਹਿਗੁਰੂ ਨੂੰ ਕਦੇ ਵੀ ਨਹੀ ਵਿਸਾਰਨਾ । ਹੱਕ ਸੱਚ ਦੀ ਕਮਾਈ ਕਰਨੀ ਕਿਤੇ ਵੀ ਅੱਗ ਲਗ ਜਾਵੇ ਉਸ ਨੂੰ ਪਾਣੀ ਨਾਲ ਬਝੌਣ ਦੀ ਕੋਸ਼ਿਸ਼ ਕਰਨੀ ਕਿਸੇ ਦਾ ਦਿਲ ਨਹੀ ਦਖੌਣਾ ਹਰ ਇਕ ਦੀ ਮੱਦਦ ਕਰਨੀ । ਇਹਨਾਂ ਸਾਰੇ ਗੁਰੂ ਜੀ ਦੇ ਬਚਨਾ ਤੇ ਭਾਈ ਤਾਰੂ ਪੋਪਟ ਜੀ ਨੇ ਡਟ ਕੇ ਪਹਿਰਾ ਦਿੱਤਾ । ਜਦੋ ਬਾਬਰ ਨੇ ਲਾਹੌਰ ਤੇ ਹਮਲਾ ਕੀਤਾ ਤਾ ਉਸ ਨੇ ਸ਼ਹਿਰ ਲੁੱਟ ਕੇ ਬਾਅਦ ਵਿੱਚ ਅੱਗ ਲਗਾ ਦਿੱਤੀ ।

ਜਦੋ ਭਾਈ ਤਾਰੂ ਪੋਪਟ ਜੀ ਨੇ ਅੱਗ ਲਗੀ ਦੇਖੀ ਤਾ ਗੁਰੂ ਨਾਨਕ ਸਾਹਿਬ ਜੀ ਦੇ ਬਚਨਾਂ ਅਨੁਸਾਰ ਘਰ ਜਾ ਕੇ ਖੂਹੀ ਤੋ ਪਾਣੀ ਦੀ ਬਾਲਟੀ ਭਰ ਕੇ ਉਸ ਅੱਗ ਤੇ ਪਾਉਣ ਲਈ ਗਿਆ । ਜਦੋ ਸਿਪਾਹੀਆਂ ਦੇ ਭਾਈ ਤਾਰੂ ਪੋਪਟ ਜੀ ਨੂੰ ਬਾਲਟੀ ਨਾਲ ਪਾਣੀ ਪਾਉਦਿਆ ਦੇਖਿਆ ਤਾ ਹੱਸ ਕੇ ਕਹਿਣ ਲਗੇ ਤੇਰੀ ਬਾਲਟੀ ਪਾਣੀ ਨਾਲ ਕਿਤੇ ਅੱਗ ਬੁਝ ਜਾਵੇਗੀ । ਤਾ ਭਾਈ ਤਾਰੂ ਪੋਪਟ ਜੀ ਨੇ ਆਖਿਆ ਮੈ ਆਪਣੇ ਗੁਰੂ ਦਾ ਹੁਕਮ ਮੰਨ ਕੇ ਬਲਦੀ ਅੱਗ ਤੇ ਪਾਣੀ ਪਾ ਰਿਹਾ । ਅੱਗ ਬੁਝੇ ਚਾਹੇ ਨਾ ਬੁਝੇ ਮੈ ਆਪਣੇ ਗੁਰੂ ਦਾ ਹੁਕਮ ਮੰਨ ਰਿਹਾ ਇਹ ਕਹਿ ਕੇ ਭਾਈ ਤਾਰੂ ਪੋਪਟ ਜੀ ਨੇ ਦੂਸਰੀ ਬਾਲਟੀ ਵੀ ਪਾਣੀ ਦੀ ਪਾ ਕੇ ਆਏ । ਜਦੋ ਤੀਸਰੀ ਬਾਲਟੀ ਪਾਣੀ ਦੀ ਲੈ ਕੇ ਭਾਈ ਜੀ ਆਏ ਤਾ ਸਿਪਾਹੀਆਂ ਨੇ ਸਲਾਹ ਕੀਤੀ ਕਦੇ ਇਸ ਨੂੰ ਵੇਖ ਸਾਰੇ ਨਗਰ ਦੇ ਪਾਣੀ ਪਾ ਕੇ ਅੱਗ ਨਾ ਬੁਝਾ ਦੇਣ । ਇਹ ਸਲਾਹ ਕਰਕੇ ਸਿਪਾਹੀਆਂ ਨੇ ਭਾਈ ਤਾਰੂ ਪੋਪਟ ਜੀ ਨੂੰ ਜਿਉਦਿਆਂ ਹੀ ਬਲਦੀ ਅੱਗ ਵਿੱਚ ਸੁੱਟ ਕੇ ਸ਼ਹੀਦ ਕਰ ਦਿੱਤਾ । ਭਾਈ ਤਾਰੂ ਪੋਪਟ ਜੀ ਗੁਰੂ ਨਾਨਕ ਸਾਹਿਬ ਜੀ ਦਾ ਹੁਕਮ ਮੰਨਦਿਆਂ ਸ਼ਹਾਦਤ ਪ੍ਰਾਪਤ ਕੀਤੀ ਤੇ ਗੁਰੂ ਜੀ ਦੇ ਸਿੱਖਾਂ ਵਿੱਚੋ ਪਹਿਲੇ ਸ਼ਹੀਦ ਹੋਣ ਦਾ ਮਾਣ ਪ੍ਰਾਪਤ ਕੀਤਾ ।

# ਸਿੱਖ ਪਰੰਪਰਾਵਾਂ ਦੀ ਰਾਖੀ ਲਈ ਅਗੇ ਆਓ!

## ਸਿੱਖ ਲੜਕੀ ਦਾ ਵਿਆਹ ਸਿੱਖ ਗੱਭਰੂ ਨਾਲ ਹੋਵੇ

ਲੇਖਕ : ਬਲਵਿੰਦਰ ਪਾਲ ਸਿੰਘ ਪ੍ਰੋਫੈਸਰ
ਸੰਪਰਕ : 9815700916




ਕੈਨੇਡਾ ਵਿਚ ਕਾਮਰੇਡਾਂ, ਮਾਡਰਨ ਸਿੱਖਾਂ ਤੇ ਕੱਟੜ ਹਿੰਦੂਆਂ ਨੇ, ਹੁਣੇ ਜਿਹੇ ਸੈਮੀਨਾਰ ਕੀਤਾ ਤੇ ਖਾਲਿਸਤਾਨ ਦੇ ਨਾਮ ਉਪਰ ਉਨ੍ਹਾਂ ਸਿੱਖ ਪਰੰਪਰਾਵਾਂ ਨੂੰ ਨਿਸ਼ਾਨਾ ਬਣਾਇਆ। ਸਰੀ ਦੇ ਆਰੀਆ ਬੈਂਕੁਟ ਹਾਲ 'ਚ ਹੋਏ ਇਸ ਇਕੱਠ ਵਿੱਚ ਕਾਮਰੇਡ ਆਗੂ ਕੁਲਵੰਤ ਢੇਸੀ ਦਾ ਸਾਰਾ ਜ਼ੋਰ ਇਸ ਗੱਲ ਤੇ ਲੱਗਿਆ ਰਿਹਾ ਕਿ ਖਾਲਿਸਤਾਨੀਆਂ ਨੂੰ ਕਿਵੇਂ ਗੁਰਦੁਆਰਿਆਂ 'ਚੋਂ ਕੱਢਣਾ ਹੈ ਅਤੇ 'ਉਹਨਾਂ ਦੀ ਪੂਛ 'ਤੇ ਪੈਰ ਧਰਨਾ' ਹੈ। ਰੌਸ ਸਟਰੀਟ ਗੁਰਦੁਆਰੇ ਦੇ ਪ੍ਰਧਾਨ ਕੁਲਦੀਪ ਸਿੰਘ ਥਾਂਦੀ ਦਾ ਇਸੇ ਗੱਲ 'ਤੇ ਹੀ ਜ਼ੋਰ ਰਿਹਾ ਕਿ ਉਹਨਾਂ ਦਾ ਜੀ ਕਰਦਾ ਸੀ ਇੰਡੀਅਨ ਕੌਂਸਲਟ ਸਟਾਫ ਅਤੇ ਉਹਨਾਂ ਦੇ ਵਿਰੁੱਧ 'ਮੁਜ਼ਾਹਰਾ ਕਰਨ ਵਾਲੇ ਗੁੰਡਿਆਂ' ਨੂੰ ਜਾਂ ਗੱਡੀ ਹੇਠ ਕੁਚਲ ਦਿਆਂ ਜਾਂ ਫਿਰ ਮੈਂ ਨਾਈਟ ਬ੍ਰਿਜ ਤੋਂ ਛਾਲ ਮਾਰ ਦਿਆਂ। ਅੱਗੇ ਤੋਂ ਉਹਨਾਂ ਨੂੰ 'ਗੁੰਡੇ ਬਣ' ਕੇ ਹੀ ਟੱਕਰਾਂਗੇ। ਇਹ ਆਖਦਿਆਂ 'ਗਦਰੀ ਬਾਬਿਆਂ ਦੇ ਗੁਰਦੁਆਰੇ ਦੇ ਕਲੀਨ ਸ਼ੇਵ ਮਾਡਰਨ ਪ੍ਰਧਾਨ' ਨੇ ਆਪਣੀ ਅਕਲ ਦਾ ਵੀ ਜਲੂਸ ਕੱਢਿਆ।

ਇਸੇ ਦੌਰਾਨ ਇੱਕ ਹੋਰ ਹਿੰਦੂ ਮੰਦਿਰ ਸਰੀ ਦੇ ਪ੍ਰਤੀਨਿਧ ਵਿਨੈ ਸ਼ਰਮਾ ਨੇ ਨਵੀਂ ਸ਼ੁਰਲੀ ਛੱਡਦਿਆਂ ਕਿਹਾ ਕਿ ਇੱਥੇ ਇਕੱਠ ਵਿੱਚ 70- 80 ਫੀਸਦੀ ਲੋਕ ਉਹ ਹਨ, ਜਿਹੜੇ ਹਿੰਦੂ ਸਿੱਖ ਆਪਣੇ ਅੰਤਰ ਧਰਮ ਵਿਆਹ ਕਰਦੇ ਹਨ। ਅੱਗੇ ਹੋਰ ਉਸ ਨੇ ਕਿਹਾ ਕਿ ਹੁਣ ਹਿੰਦੂ ਤੇ ਸਿੱਖ ਵਿੱਚ ਕੋਈ ਫਰਕ ਰਹਿ ਨਹੀਂ ਗਿਆ। ਹਿੰਦੂ ਸਿੱਖ ਹੋ ਚੁੱਕੇ ਨੇ ਅਤੇ ਸਿੱਖ ਹਿੰਦੂ ਹੋ ਚੁੱਕੇ ਨੇ। ਉਸ ਨੇ ਖਾਲਸਤਾਨੀਆਂ ਦੀ ਆੜ ਵਿੱਚ ਇਹ ਕਹਿ ਦਿੱਤਾ ਕਿ ਵੱਖ ਵੱਖ ਹਿੰਦੂਆਂ ਅਤੇ ਸਿੱਖਾਂ ਵਿੱਚ ਅੰਤਰ ਧਰਮ ਵਿਆਹਾਂ ਤੇ ਬਰਖਿਲਾਫ ਇਹ ਲੋਕ ਨਫਰਤ ਫੈਲਾ ਰਹੇ ਹਨ। ਕਿੰਨੀ ਹਾਸੋਹੀਣੀ ਹੈ ਕਿਹਾ ਕੀ ਹਿੰਦੂ-ਸਿੱਖ ਇਕ ਹਨ? ਕੀ ਸਿੱਖ ਦੇਵੀ ਦੇਵਤਿਆਂ ਵਾਂਗ, ਸਿੱਖ ਗੁਰੂ ਸਾਹਿਬਾਨ ਦੀ ਪੂਜਾ ਕਰਦਾ ਹੈ? ਕੀ ਧਾਰਮਿਕ ਸਥਾਨਾਂ ਉਪਰ ਅੰਤਰਜਾਤੀ ਵਿਆਹਾਂ ਰੋਕਣ ਵਾਲੇ ਨਫਰਤ ਲਾ ਰਹੇ ਹਨ? ਸੱਚ ਤਾਂ ਇਹ ਹੈ ਕਿ 'ਸਿੱਖ ਵੱਖਰੀ ਕੌਮ' ਹੈ। ਸਿੱਖ ਦੇਵੀ ਦੇਵਤਿਆਂ ਨੂੰ ਨਹੀਂ ਪੂਜਦਾ। ਸਿੱਖ ਮੂਰਤੀ ਪੂਜਾ ਨਹੀਂ ਕਰਦਾ। ਸਿੱਖ ਆਪਣੇ ਪੁੱਤ ਧੀ ਦਾ ਆਨੰਦ ਕਾਰਜ ਸਿੱਖ ਧਰਮ ਵਿੱਚ ਹੀ ਕਰਨਾ ਲੋਚਦਾ ਹੈ, ਨਾ ਕਿ ਇਸ ਤੇ ਉਲਟ ਸਿੱਖੀ ਨੂੰ ਪਿੱਠ ਦੇਣ ਦੀ ਗੱਲ ਕਰਦਾ ਹੈ। ਅਖੌਤੀ ਮਾਡਰਨ ਸਿੱਖ ਅਜਿਹਾ ਕਰਦੇ ਹਨ, ਉਹ ਸਿੱਖੀ ਪਰੰਪਰਾ ਨੂੰ ਢਾਹ ਲਾ ਰਹੇ ਹਨ।

ਆਰੀਆ ਬੈਂਕੁਟ ਹਾਲ 'ਚ ਹੋਏ ਇਸ ਇਕੱਠ ਵਿੱਚ ਕਾਮਰੇਡਾਂ, ਮਾਡਰਨ ਸਿੱਖਾਂ, ਕੱਟੜ ਹਿੰਦੂ ਤੇ ਕੁਝ ਆਰ ਐਸ ਐਸ ਦੇ ਆਗੂਆਂ ਨੇ ਸ਼ਰੇਆਮ ਸਿੱਖੀ ਸਿਧਾਂਤਾਂ ਦੀਆਂ ਧੱਜੀਆਂ ਉੜਾਈਆਂ। ਇਹਨਾਂ ਵਿੱਚ ਸਿੱਖੀ ਦਾ ਗਿਆਨ ਵੰਡਣ ਵਾਲੇ, ਗੁਰਦੁਆਰਿਆਂ ਦੇ ਸਿੱਖ ਆਗੂਆਂ ਦੀਆਂ ਦਾੜੀਆਂ ਮੁੰਨੀਆਂ ਸਨ ਤੇ ਸਿੱਖਾਂ ਨੂੰ ਗੁਰਮਤਿ ਪਰੰਪਰਾਵਾਂ ਸਮਝਾ ਰਹੇ ਸਨ ਕਿ : ਇਹ ਕੱਟੜਵਾਦ ਹੈ ਜੇ ਸਿੱਖ ਹਿੰਦੂਆਂ ਵਿਚ ਵਿਆਹ ਨਾ ਕਰਨ। ਹਿੰਦੂ ਮੰਦਿਰ ਦੇ ਆਗੂ ਵਿਨੇ ਸ਼ਰਮਾ ਤਾਂ ਇਹ ਵੀ ਕਹਿ ਰਹੇ ਸਨ ਕਿ ਸਿੱਖਾਂ ਹਿੰਦੂਆਂ ਵਿਚ ਵਿਆਹ ਕਰਨ ਦਾ ਵਿਰੋਧ, ਕੱਟੜ ਸਿੱਖ ਕਰਦੇ ਹਨ। ਮਤਲਬ ਹੁਣ 'ਮਨੋਵਿਗਿਆਨਕ ਹਮਲੇ' ਸਿੱਖ ਪਰੰਪਰਾਵਾਂ ਉਪਰ ਹੋਣੇ ਸ਼ੁਰੂ ਹੋ ਗਏ। ਕੀ ਮਾਡਰਨ ਬਣੇ ਸਿੱਖ ਜਾਂ ਕਟੜ ਹਿੰਦੂ ਆਪਣੀਆਂ ਧੀਆਂ ਦੇ ਵਿਆਹ ਕਾਲਿਆਂ, ਚੀਨਿਆਂ, ਮੁਸਲਮਾਨਾਂ ਵਿਚ ਕਰ ਲੈਣਗੇ?

ਬਹੁਤ ਸਮੇਂ ਤੋਂ ਦੇਖ ਰਿਹਾ ਹਾਂ ਕਿ ਸਿੱਖ ਧਰਮ ਵਿਚ ਕਾਮਰੇਡਾਂ ਤੇ ਮਾਡਰਨ ਸਿੱਖਾਂ ਦੀ 'ਮਿਕਸ ਬਰੀਡ' ਕਰੋਨਾ ਵਾਇਰਸ ਦੇ ਰੂਪ ਵਿਚ ਪੈਦਾ ਹੋ ਚੁਕੀ ਹੈ, ਜੋ ਸਿਖ ਪਰੰਪਰਾਵਾਂ ਦਾ ਮਖੌਲ ਉਡਾਉਦੀ ਹੈ। ਉਨ੍ਹਾਂ ਨਾ ਸਿੱਖ ਇਤਿਹਾਸ ਪੜ੍ਹਿਆ, ਨਾ ਗੁਰੂ ਗ੍ਰੰਥ ਸਾਹਿਬ। ਸਾਡੀਆਂ ਮਾਵਾਂ ਨੇ ਸਿੱਖੀ ਸਿਦਕ ਦੀ ਰਾਖੀ ਲਈ ਮੁਗਲ ਕਾਲ ਦੌਰਾਨ ਆਪਣੇ ਮਸੂਮ ਬਚਿਆਂ ਨੂੰ ਬਰਛੇ ਉਪਰ ਟੰਗਦੇ ਦੇਖਿਆ। ਕਤਲ ਕੀਤੇ ਬਚਿਆਂ ਦੇ ਹਾਰ ਆਪਣੇ ਗਲੇ ਵਿਚ ਪੁਆਏ।

ਅਸੀਂ ਮਾਡਰਨਿਜ਼ਮ ਵਿਚ ਅਸੀਂ ਆਪਣਾ ਧਰਮ, ਆਪਣੀਆਂ ਔਰਤਾਂ ,ਧੀਆਂ ਸਭ ਗਾਲ ਬੈਠੇ ਹਾਂ। ਜਿਸ ਘਰ ਦੀ ਔਰਤ ਧਰਮ ਤੋਂ ਸਖਣੀ ਹੋਵੇ, ਉਥੇ ਧਰਮ ਤੇ ਪਰੰਪਰਾਵਾਂ ਦਾ ਵਾਸਾ ਨਹੀਂ ਹੋ ਸਕਦਾ। ਉਹ ਘਰ ਗੁਰਮਤਿ ਦੀ ਟਕਸਾਲ ਨਹੀਂ ਹੋ ਸਕਦੀ ਜਿਥੋਂ ਗੁਰੂ ਦੀ ਸਿੱਖੀ ਖਰੇ ਸਿਕੇ ਵਾਂਗ ਘੜੀ ਜਾ ਸਕੇ। ਜੇ ਘਰ ਵਿਚ ਗੁਰਮਤਿ ਦਾ ਮਾਹੌਲ ਨਹੀਂ, ਤਾਂ ਉਸ ਘਰ ਦੀਆਂ ਬੱਚੀਆਂ ਭਾਵਨਾਤਮਕ ਤੇ ਸਿਧਾਂਤਕ ਤੌਰ 'ਤੇ ਕਮਜ਼ੋਰ ਹੁੰਦੀਆਂ ਹਨ, ਤੇ ਅਜਿਹੇ ਧਰਮ ਪਰਿਵਰਤਨ ਦਾ ਸ਼ਿਕਾਰ ਹੁੰਦੀਆਂ ਹਨ।

ਅੱਜ ਤੋਂ 15 ਸਾਲ ਪਹਿਲਾਂ ਜੰਮੂ ਦੀਆਂ ਸੰਗਤਾਂ ਨੇ ਮੈਨੂੰ ਸਾਲਾਨਾ ਸਮਾਗਮ ਉਪਰ ਬੁਲਾਇਆ ਸੀ। ਉਸ ਵਿਚ ਦੋ ਗੁਰਮਤਿ ਸਮਾਗਮ ਸਨ,ਇਕ ਸੈਮੀਨਾਰ ਸੀ।ਸਮਾਗਮ ਤੇ ਸੈਮੀਨਾਰ ਗੁਰਮਤਿ ਪਰੰਪਰਾਵਾਂ ਤੇ ਸਿਖ ਜਵਾਨੀ ਨੂੰ ਸੇਧ ਦੇਣ ਦਾ ਸੀ। ਜਦੋਂ ਮੈਂ ਪੰਜਾਬ ਦੇ ਸਿੱਖ ਯੂਥ ਬਾਰੇ ਹਾਲਾਤ ਬਿਆਨ ਕੀਤੇ ਤਾਂ ਉਸ ਤੋਂ ਬਾਅਦ ਸਟੇਜ ਸੈਕਟਰੀ ਨੇ ਭਾਵੁਕ ਲਹਿਜੇ ਵਿਚ ਕਿਹਾ,

"ਸਾਡੇ ਬਚਿਆਂ ਵਿਚ ਕੋਈ ਪਤਿਤ ਨਹੀਂ ਹੈ।ਸਾਡੇ ਘਰਾਂ ਵਿਚ ਵਿਆਹ ਵੀ ਗੁਰਸਿੱਖਾਂ ਘਰ ਹੁੰਦੇ ਹਨ। ਭਾਵੇਂ ਅਸੀਂ ਇਥੇ ਘੱਟਗਿਣਤੀ ਵਿਚ ਹਾਂ, ਪਰ ਸਿਖ ਰਹਿਤ ਮਰਿਆਦਾ ਤੇ ਪਰੰਪਰਾ ਉਪਰ ਪਹਿਰਾ ਦਿੰਦੇ ਹਾਂ, ਪਰ ਸਾਨੂੰ ਦੁਖ ਹੈ ਕਿ ਸਾਡਾ ਪੇਕਾ ਘਰ ਪੰਜਾਬ ਸਿਖੀ ਤੋਂ ਪਛੜ ਰਿਹਾ ਹੈ। ਕਮਜ਼ੋਰ ਪੈ ਰਿਹਾ ਹੈ। ਫਿਰ ਅਸੀਂ ਕਿਵੇਂ ਸੁਰਖਿਅਤ ਹਾਂ ਜੇ ਸਾਡਾ ਪੇਕਾ ਘਰ ਕਮਜ਼ੋਰ ਹੈ।ਸਾਡੇ ਨੌਜਵਾਨ ਨਸ਼ਿਆਂ ਤੇ ਪਤਿਤਪੁਣੇ ਦੇ ਸ਼ਿਕਾਰ ਹਾਂ।ਅਸੀਂ ਤਾਂ ਪੰਜਾਬ ਵਿਚ ਸਿੱਖੀ ਦੀ ਚੜ੍ਹਦੀ ਕਲਾ ਲਈ ਗੁਰੂ ਅਗੇ ਅਰਦਾਸ ਕਰ ਸਕਦੇ ਹਾਂ। ਸਚਮੁਚ ਅਸੀਂ ਗੁਰੂ ਦੀ ਸਿੱਖੀ ਤੋਂ ਬਹੁਤ ਪਛੜ ਚੁਕੇ ਹਾਂ।"

ਜੇਕਰ ਸਾਡੀਆ ਰੂਹਾਂ ਵਿਚ ਗੁਰੂ ਦੇ ਸਿਧਾਂਤ ਤੇ ਜੋਤਿ ਦਾ ਵਾਸਾ ਹੁੰਦਾ, ਤਾਂ ਅਸੀਂ ਨਾ ਨਸ਼ਿਆਂ ਦੇ ਸ਼ਿਕਾਰ ਹੁੰਦੇ, ਨਾ ਸਾਡੀਆ ਧਰਮ ਬਦਲੀਆਂ ਹੁੰਦੀਆਂ। ਨਾ ਸਾਡੀਆਂ ਕੁੜੀਆਂ 'ਕਲੀਨ ਸ਼ੇਵ ਤੇ ਹਿੰਦੂ ਵਰ' ਲਭਦੀਆਂ। ਹੁਣੇ ਜਿਹੇ ਇਕ ਮਸ਼ਹੂਰ ਵੈਬਸਾਈਟ ਪ੍ਰਿੰਟ ਵਿਚ ਸਟੋਰੀ ਛਪੀ ਹੈ ਕਿ ਕਸ਼ਮੀਰੀ ਸਿਖ ਬਹੁਤ ਬੇਚੈਨ ਹਨ।ਸਿਖ ਬਚੀਆਂ ਮੁਸਲਮਾਨਾਂ ਨਾਲ ਵਿਆਹ ਕਰਵਾ ਰਹੀਆਂ ਹਨ। ਕਸ਼ਮੀਰ ਵਿਚ ਪਿਆਰ ਦੇ ਨਾਮ ਉਪਰ ਸਿਖ ਧੀਆਂ ਦਾ ਇਸਲਾਮ ਧਰਮ ਗ੍ਰਹਿਣ ਕਰਨ ਵਲ ਪ੍ਰੇਰਿਤ ਹੋਣਾ ਕਸ਼ਮੀਰੀ ਸਿੱਖਾਂ ਲਈ ਵੱਡਾ ਮੱਸਲਾ ਬਣਿਆ ਹੋਇਆ ਹੈ। ਦੀ ਪ੍ਰਿੰਟ ਅਨੁਸਾਰ 52 ਸਾਲਾ ਸਿੱਖ ਪ੍ਰਚਾਰਕ ਬੀਬੀ ਗੁਰਦੀਪ ਕੌਰ ਸ੍ਰੀਨਗਰ ਦੇ ਇਕ ਗੁਰਦੁਆਰੇ ਦੀ ਬੇਸਮੈਂਟ ਵਿਚ ਇਕ ਅਹਿਮ ਮੀਟਿੰਗ ਦੀ ਅਗਵਾਈ ਕਰ ਰਹੀ ਸੀ। ਗੁਰਦੀਪ ਕੌਰ, ਜੋ ਹਫ਼ਤਾਵਾਰੀ ਸੰਗਤਾਂ ਵਿਚ ਧਾਰਮਿਕ ਲੈਕਚਰ ਦਿੰਦੀ ਹੈ ਅਤੇ ਪੰਜਾਬੀ ਪੜ੍ਹਾਉਂਦੀ ਹੈ, ਉਸਨੇ ਹੁਣੇ ਜਿਹੇ ਲੈਕਚਰ ਦਿੱਤਾ ਕਿ ਆਪਣੀਆਂ ਸਿੱਖ ਧੀਆਂ ਨੂੰ ਇਸਲਾਮ ਵਿਚ ਜਾਣ ਤੋਂ ਕਿਵੇਂ ਰੋਕਿਆ ਜਾਵੇ?

ਉਸਨੇ ਕਿਹਾ ਕਿ ਸਾਨੂੰ ਆਪਣੀਆਂ ਧੀਆਂ ਨੂੰ ਧਰਮ ਦਾ ਗਿਆਨ ਦੇਣ ਦੀ ਲੋੜ ਹੈ। ਸਾਨੂੰ ਉਨ੍ਹਾਂ ਨੂੰ ਗੁਰਬਾਣੀ ਸਿਖਾਉਣੀ,ਪੜ੍ਹਾਉਣੀ ਚਾਹੀਦੀ ਹੈ ਕਿ ਉਸ ਵਿਚ ਗੁਰੂ ਸਾਹਿਬ ਨੇ ਕੀ ਉਪਦੇਸ਼ ਦਿੱਤਾ ਹੈ। ਜੇਕਰ ਤੁਹਾਡੀ ਧੀ ਸਿਖ ਧਰਮ ਤੇ ਇਤਿਹਾਸ ਦਾ ਗਿਆਨ ਨਹੀਂ ਲੈਂਦੀ ਤੇ ਨਹੀਂ ਪੜ੍ਹਦੀ ਤਾਂ ਤੁਸੀਂ ਮਾਂ ਦੇ ਤੌਰ 'ਤੇ ਫੇਲ੍ਹ ਹੋ। ਉੱਥੇ ਬੈਠੀਆਂ ਤਿੰਨ ਦਰਜਨ ਦੇ ਕਰੀਬ ਸਿਖ ਬੀਬੀਆਂ ਨੇ ਸਹਿਮਤੀ ਪ੍ਰਗਟਾਈ। ਉਨ੍ਹਾਂ ਦੀ ਗੱਲਬਾਤ ਹਾਲ ਹੀ ਵਿੱਚ ਇੱਕ ਕਸ਼ਮੀਰੀ ਸਿੱਖ ਔਰਤ ਦੇ ਇਸਲਾਮ ਕਬੂਲ ਕਰਨ ਤੋਂ ਪ੍ਰੇਰਿਤ ਸੀ, ਜਿਸਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਕਸ਼ਮੀਰੀ ਸਿੱਖ ਧਰਮ ਲਈ ਪੈਦਾ ਹੋਈਆਂ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਆਪਣੀ ਸੱਭਿਆਚਾਰਕ ਅਤੇ ਧਾਰਮਿਕ ਪਛਾਣ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਸ੍ਰੋਮਣੀ ਕਮੇਟੀ ਉਨ੍ਹਾਂ ਦੀ ਸਾਰ ਨਹੀਂ ਲੈ ਰਹੀ। ਉਨ੍ਹਾਂ ਨੂੰ ਬਾਦਲ ਪਰਿਵਾਰ ਦੀ ਸਿਆਸਤ ਤੋਂ ਵਿਹਲ ਮਿਲੇ, ਤਾਂ ਉਹ ਸਿਖ ਧਰਮ ਦੀਆਂ ਸਮਸਿਆਵਾਂ ਬਾਰੇ ਸੋਚਣ।ਉਥੇ ਉਨ੍ਹਾਂ ਦੀ ਸਾਰ ਲੈਣ ਲਈ ਅਜੇ ਤਕ ਨਾ ਅਕਾਲੀ ਦਲ ਦਾ ਨਾ ਸ੍ਰੋਮਣੀ ਕਮੇਟੀ ਦਾ ਵਫਦ ਸਾਰ ਲੈਣ ਲਈ ਗਿਆ ਹੈ। ਨਾ ਅਕਾਲ ਤਖਤ ਵਲੋਂ ਦਿਸ਼ਾ ਨਿਰਦੇਸ਼ ਆਏ ਹਨ ਸਿਖ ਹੁਣ ਕੀ ਕਰਨ? ਸਿੱਖ ਮੈਦਾਨ ਪੰਜਾਬ ਦੀ ਧਰਤਿ ਸਿੱਖੀ ਤੋਂ ਖਾਲੀ ਹੈ,ਕੋਈ ਗੁਰਮਤਿ ਚਾਨਣਾ ਨਹੀਂ ਹੈ। ਕੋਈ ਕਿਵੇਂ ਸਿਖ ਘਰ ਵਿਚ ਜਨਮ ਲੈਕੇ ਸਿਖ ਬਣਿਆ ਰਹਿ ਸਕਦਾ ਹੈ।

25 ਸਾਲ ਹੋ ਗਏ ਹਨ ਸਿੱਖਾਂ ਦਾ ਈਸਾਈਕਰਨ ਹੋ ਰਿਹਾ ਹੈ। ਡੰਡੇ ਦੇ ਜੋਰ ਨਾਲ ਈਸਾਈ ਪ੍ਰਚਾਰਕਾਂ ਨੂੰ ਡਰਾ ਕੇ ਕਿੰਨਾ ਚਿਰ ਸਿਖੀ ਕਾਇਮ ਰਖ ਸਕਦੇ ਹੋ। ਗਲ ਤਾਂ ਸਿੱਖੀ ਦੇ ਪ੍ਰਚਾਰ ਦੀ ਹੈ ਸ੍ਰੋਮਣੀ ਕਮੇਟੀ ਭੂਮਿਕਾ ਨਹੀਂ ਨਿਭਾ ਰਹੀ। ਅਸਲ ਮਸਲਾ ਇਹੀ ਹੈ ਜੋ ਸਾਡੀ ਸਿਖ ਸਿਆਸਤ ਹੈ ਉਹ ਟਬਰਾਂ ਤੇ ਮਾਇਆਧਾਰੀਆਂ ਦੀ ਸਿਆਸਤ ਹੈ ਜੋ ਸਤਾ ਨੂੰ ਕਾਇਮ ਰਖਣਾ ਗੁਰੂ ਦਾ ਧਰਮ ਸਮਝ ਰਹੇ ਹਨ।ਅਸੀਂ ਇਨ੍ਹਾਂ ਚੰਦਰੀਆਂ ਆਤਮਾਵਾਂ, ਛਲੇਡਿਆਂ ਦੇ ਸ਼ਿਕਾਰ ਹਾਂ।ਸਤਿਗੁਰੂ ਤਾਂ ਆਖਦੇ ਹਨ ਸਾਡੇ ਭਰਮ ਦਾ ਆਂਡਾ ਟੁਟਣਾ ਚਾਹੀਦਾ।ਗੁਰੂ ਦੇ ਗਿਆਨ ਦਾ ਪ੍ਰਕਾਸ਼ ਹੋਣਾ ਚਾਹੀਦਾ ਹੈ।ਹੇ ਭਾਈ ਗੁਰਸਿੱਖਾਂ ਗੁਲਾਮੀ ਦੀ ਬੇੜੀ ਉਖਾੜ ਕੇ ਬੰਦ ਖਲਾਸ ਹੋ ਜਾ।

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥

ਪੰਥਕ ਪਰੰਪਰਾਵਾਂ,ਸਤਿਗੁਰੂ ਦੇ ਘੜੇ ਅਸੂਲਾਂ ਦੀ ਪਾਲਣਾ ਕਰਕੇ ਸਿਖੀ ਨਿਭਾਈ ਜਾ ਸਕਦੀ ਹੈ। ਸਾਡੀ ਸਿਆਸਤ ਤੇ ਧਰਮ ਦੀ ਅਗਵਾਈ ਕਰਨ ਵਾਲੇ ਲੋਕ ਬੇਦਾਵੀਏ ਸਿਖ ਨਹੀਂ ਹੋਣੇ ਚਾਹੀਦੇ ਜੋ ਸਾਡੀ ਤਬਾਹੀ ਦਾ ਇਤਿਹਾਸ ਰਚਣ।ਅਸੀਂ ਕਦੇ ਮੁਗਲਾਂ, ਅਬਦਾਲੀਆਂ ,ਅੰਗਰੇਜ਼ਾਂ ਕੋਲੋਂ ਨਹੀਂ ਹਾਰੇ ਅਸੀਂ ਹਾਰੇ ਹਾਂ ਆਪਣੀਆਂ ਸ਼ਕਲਾ ਵਰਗੇ ਗਦਾਰਾਂ ਕਾਰਣ। ਜੇ ਬਿਨੋਦ ਸਿੰਘ ਦਾ ਧੜਾ ਮੁਗਲਾਂ ਨਾਲ ਨਾ ਖੜਾ ਹੁੰਦਾ ਲਾਹੌਰ ਤੇ ਦਿਲੀ ਮੁਗਲਾਂ ਦਾ ਨਹੀਂ ਸਾਡਾ ਹੋਣਾ ਸੀ। ਜੇ ਸੰਧੇਵਾਲੀਏ ਗਦਾਰੀ ਨਾ ਕਰਦੇ ਅੰਗਰੇਜ਼ਾਂ ਨਾਲ ਨਾ ਮਿਲਦੇ, ਤਾਂ ਖਾਲਸਾ ਰਾਜ ਉਪਰ ਗੋਰਿਆਂ ਦਾ ਕਬਜਾ ਨਹੀਂ ਹੋਣਾ ਸੀ। ਸੋ ਸਾਨੂੰ ਸਾਡੇ ਆਪਣਿਆ ਨੇ ਖਤਮ ਕੀਤਾ ਸਤਾ ਦੀ ਲਾਲਸਾ ਕਾਰਣ। ਅੱਜ ਵੀ ਉਹੀ ਦੌਰ ਹੈ।



# ਜਬਰ-ਜਨਾਹ ਅਤੇ ਮਰਦਾਵੀਂ ਸੋਚ



ਲੇਖਕ : ਡਾ. ਇਕਬਾਲ ਸਿੰਘ ਸਕਰੌਦੀ
ਸੰਪਰਕ: 84276-85020

ਕੁਦਰਤ ਨੇ ਔਰਤ ਤੇ ਮਰਦ, ਇੱਕ ਦੂਜੇ ਦੇ ਪੂਰਕ ਦੋ ਜਾਤੀਆਂ ਬਣਾਈਆਂ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਿਸ਼ੋਰ ਅਵਸਥਾ ਵਿੱਚ ਆਉਂਦੇ-ਆਉਂਦੇ ਦੋਵੇਂ ਵਰਗਾਂ ਦੀ ਇੱਕ ਦੂਜੇ ਪ੍ਰਤੀ ਖਿੱਚ ਸਹਿਜ ਸੁਭਾਅ ਵਧਦੀ ਹੈ ਪਰ ਸਮਾਜਿਕ ਪ੍ਰਬੰਧ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਸਾਡੇ ਵੱਡੇ ਵਡੇਰਿਆਂ ਅਤੇ ਸਮਾਜ ਸ਼ਾਸਤਰੀਆਂ ਨੇ ਵਿਆਹ ਪ੍ਰਣਾਲੀ ਦਾ ਸਿਲਸਿਲਾ ਕਾਇਮ ਕੀਤਾ ਹੈ ਜਿਸ ਨਾਲ ਸਮਾਜ ਵੀ ਅੱਗੇ ਚੱਲਦਾ ਰਹੇ। ਨੌਜਵਾਨਾਂ ਤੇ ਮੁਟਿਆਰਾਂ ਦੀ ਸਰੀਰਕ ਲੋੜ ਵੀ ਬਿਹਤਰ ਢੰਗ ਨਾਲ ਪੂਰੀ ਹੁੰਦੀ ਰਹੇ। ਉਂਝ, ਜਿਸ ਅਨੁਪਾਤ ਨਾਲ ਦੇਸ਼ ਵਿੱਚ ਬਾਲੜੀਆਂ, ਕਿਸੋਰੀਆਂ, ਮੁਟਿਆਰਾਂ, ਵਿਆਹੀਆਂ ਔਰਤਾਂ ਨਾਲ ਛੇੜਛਾੜ, ਅਸੱਭਿਆ ਤੇ ਗੰਦੇ ਇਸ਼ਾਰੇ ਕਰਨ, ਗਾਲ਼ੀ-ਗਲੋਚ, ਉਧਾਲੇ ਅਤੇ ਜਬਰ-ਜਨਾਹ ਦੀਆਂ ਅਤੀ ਦੁਖਦਾਈ ਘਟਨਾਵਾਂ ਦਿਨੋ-ਦਿਨ ਵਧ ਰਹੀਆਂ ਹਨ, ਸਾਡਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ।

ਅਜਿਹਾ ਵੀ ਨਹੀਂ ਹੈ ਕਿ ਅਜਿਹੀਆਂ ਘਟਨਾਵਾਂ ਦੀ ਗਿਣਤੀ ਪਿਛਲੇ ਪੱਚੀ ਤੀਹ ਸਾਲਾਂ ਤੋਂ ਹੀ ਵਧੀ ਹੈ, ਜਦੋਂ ਤੋਂ ਸੋਸ਼ਲ ਮੀਡੀਆ ਵਧੇਰੇ ਸਰਗਰਮ ਭੂਮਿਕਾ ਨਿਭਾਉਣ ਲੱਗਾ ਹੈ। ਮਰਦ ਪ੍ਰਧਾਨ ਸਮਾਜ ਵਿੱਚ ਪਿਛਲੇਰੇ ਲੰਮੇ ਸਮੇਂ ਤੋਂ ਔਰਤਾਂ ਨਾਲ ਵਹਿਸ਼ੀਪੁਣੇ ਅਤੇ ਦਰਿੰਦਗੀ ਵਾਲੀਆਂ ਘਟਨਾਵਾਂ ਵਾਪਰਦੀਆਂ ਰਹੀਆਂ ਹਨ; ਬੇਸ਼ੱਕ ਇਨ੍ਹਾਂ ਦੀ ਗਿਣਤੀ ਉਦੋਂ ਬਹੁਤ ਘੱਟ ਹੁੰਦੀ ਸੀ ਜਾਂ ਇਨ੍ਹਾਂ ਬਾਰੇ ਭਾਫ ਬਾਹਰ ਮੁਕਾਬਲਤਨ ਘੱਟ ਨਿੱਕਲਦੀ ਸੀ।

ਹੁਣ ਸਵਾਲ ਹੈ: ਕੀ ਮਾਂ ਦੇ ਗਰਭ ਵਿੱਚੋਂ ਹੀ ਅਪਰਾਧੀ ਪ੍ਰਵਿਰਤੀ ਵਾਲੇ ਬੱਚੇ ਜਨਮ ਲੈਂਦੇ ਹਨ? ਜਾਂ ਫਿਰ ਉਨ੍ਹਾਂ ਦੇ ਘਰ ਦਾ ਮਾਹੌਲ, ਆਲ਼ਾ-ਦੁਆਲਾ, ਗੁਆਂਢ, ਸੰਗਤ, ਮਨੋਵਿਗਿਆਨਕ ਕਾਰਨ ਜਾਂ ਸੋਸ਼ਲ ਮੀਡੀਆ ਬਲਾਤਕਾਰ ਜਿਹੇ ਅਪਰਾਧ ਲਈ ਜ਼ਿੰਮੇਵਾਰ ਹਨ?

ਇਹ ਅਕਸਰ ਦੇਖਣ ਸੁਣਨ ਵਿੱਚ ਆਉਂਦਾ ਹੈ ਕਿ ਸਾਡੇ ਬਹੁਤੇ ਘਰਾਂ ਵਿੱਚ ਧੀਆਂ ਤੇ ਪੁੱਤਾਂ ਨੂੰ ਪਾਲਣ ਪੋਸ਼ਣ ਲਈ ਵੱਖੋ-ਵੱਖਰੇ ਮਾਪਦੰਡ ਹਨ। ਕੁਝ ਸਰਦੇ ਪੁੱਜਦੇ ਘਰਾਂ ਨੂੰ ਛੱਡ ਕੇ ਬਹੁਤੇ ਘਰਾਂ ਵਿੱਚ ਕੁੜੀਆਂ ਉੱਤੇ ਖੁੱਲ੍ਹ ਕੇ ਹੱਸਣ, ਨੱਚਣ, ਕੁੱਦਣ, ਟੱਪਣ 'ਤੇ ਵੀ ਪਾਬੰਦੀ ਹੈ। ਉਨ੍ਹਾਂ ਨੂੰ ਸਕੂਲੋਂ ਛੁੱਟੀ ਹੋਣ ਮਗਰੋਂ ਸਿੱਧੇ ਘਰ ਪਹੁੰਚਣ ਦੀ ਸਖ਼ਤ ਹਦਾਇਤ ਕੀਤੀ ਜਾਂਦੀ ਹੈ। ਖਾਣ ਪੀਣ ਦੀਆਂ ਲੋੜਾਂ ਪੂਰੀਆਂ ਕਰਦੇ ਸਮੇਂ ਕੁੜੀਆਂ ਦੇ ਮੁਕਾਬਲੇ ਮੁੰਡਿਆਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਇੱਕੋ ਘਰ ਵਿੱਚ ਪੁੱਤਰ ਲਈ ਬਹੁਤ ਸਾਰੀਆਂ ਛੋਟਾਂ ਅਤੇ ਖੁੱਲ੍ਹਾਂ ਦਾ ਮਾਹੌਲ ਨਜ਼ਰੀਂ ਪੈਂਦਾ ਹੈ। ਮੁੰਡੇ ਜੇ ਰਾਤ ਨੂੰ ਦੇਰੀ ਨਾਲ ਵੀ ਘਰ ਆਉਂਦੇ ਹਨ, ਤਦ ਵੀ ਉਨ੍ਹਾਂ ਤੋਂ ਬਹੁਤੀ ਪੁੱਛ-ਪੜਤਾਲ ਨਹੀਂ ਕੀਤੀ ਜਾਂਦੀ। ਮੁੰਡਾ ਜੇ ਘਰੋਂ ਬਾਹਰ ਕੋਈ ਗ਼ਲਤੀ ਵੀ ਕਰ ਕੇ ਆਇਆ ਹੈ, ਕਿਸੇ ਦੀ ਧੀ ਦੀ ਇੱਜ਼ਤ ਮਿੱਟੀ ਵਿੱਚ ਰੋਲ ਕੇ ਆਇਆ ਹੈ, ਤਦ ਵੀ ਉਸ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ ਕਿ ਚਲੋ ਮੁੰਡਾ ਖੁੰਡਾ ਹੈ, ਹੌਲ਼ੀ-ਹੌਲ਼ੀ ਆਪੇ ਸੁਧਰ ਜਾਵੇਗਾ। ਜਦੋਂ ਪੁੱਤ ਦੀ ਕਿਸੇ ਗ਼ਲਤੀ 'ਤੇ ਉਸ ਨੂੰ ਕੋਈ ਸਜ਼ਾ ਨਹੀਂ ਦਿੱਤੀ ਜਾਂਦੀ, ਉਸ ਦੀ ਝਾੜ-ਝੰਬ ਨਹੀਂ ਕੀਤੀ ਜਾਂਦੀ, ਉਸ ਨੂੰ ਸਵਾਲ ਨਹੀਂ ਕੀਤੇ ਜਾਂਦੇ, ਤਦ ਆਉਣ ਵਾਲੇ ਸਮੇਂ ਵਿੱਚ ਉਹ ਹੋਰ ਵਧੇਰੇ ਗੰਭੀਰ ਅਤੇ ਵੱਡੀਆਂ ਗ਼ਲਤੀਆਂ ਕਰਨ ਤੋਂ ਗੁਰੇਜ਼ ਨਹੀਂ ਕਰੇਗਾ।

ਮਾਪਿਆਂ ਨੂੰ ਚਾਹੀਦਾ ਹੈ ਕਿ ਘਰ ਵਿੱਚ ਧੀ ਪੁੱਤ ਦੀ ਪਰਵਰਿਸ਼ ਸਮੇਂ ਇਹ ਸਮਝਾਉਣ ਕਿ ਕੁਦਰਤ ਨੇ ਕੁੜੀ ਤੇ ਮੁੰਡੇ ਵਿੱਚ ਕੀ ਅੰਤਰ ਰੱਖਿਆ ਹੈ? ਕਿਸ਼ੋਰ ਉਮਰ ਦੇ ਧੀ ਪੁੱਤ ਨੂੰ ਇਹ ਦੱਸਣ ਦੀ ਲੋੜ ਹੁੰਦੀ ਹੈ ਕਿ ਜੁਆਨ ਹੋਣ 'ਤੇ ਔਰਤ ਅਤੇ ਪੁਰਸ਼ ਦੇ ਸਰੀਰਕ ਮਿਲਣੀ ਤੋਂ ਬਆਦ ਨਵੇਂ ਜੀਵ ਦੀ ਸਿਰਜਣਾ ਹੁੰਦੀ ਹੈ।

ਇਹ ਸਾਡੇ ਦੇਸ਼ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ ਕਿ ਦੇਸ਼ ਨੂੰ ਚਲਾਉਣ ਵਾਲੇ ਰਾਜਸੀ ਆਗੂਆਂ ਵਿੱਚੋਂ ਪੰਜਾਹ ਪ੍ਰਤੀਸ਼ਤ ਤੋਂ ਵੱਧ ਅਪਰਾਧੀ ਪ੍ਰਵਿਰਤੀ ਵਾਲੇ ਹਨ। ਫਿਰ ਅਜਿਹੇ ਲੋਕ ਨੌਜਵਾਨਾਂ ਅਤੇ ਮੁਟਿਆਰਾਂ ਨੂੰ ਸਹੀ ਸੇਧ ਕੀ ਦੇਣਗੇ? ਵਿਧਾਨ ਸਭਾਵਾਂ ਅਤੇ ਲੋਕ ਸਭਾ ਦਾ ਗਿਣਨਯੋਗ ਹਿੱਸਾ ਅਜਿਹੇ ਨੇਤਾਵਾਂ ਨਾਲ ਭਰਿਆ ਪਿਆ ਹੈ। ਇਹ ਲੋਕ ਜਦੋਂ ਬਲਾਤਕਾਰ, ਕਤਲ ਆਦਿ ਅਪਰਾਧ ਕਰਦੇ ਹਨ ਤਾਂਗੋਦੀ ਮੀਡੀਆ, ਸੱਤਾਧਾਰੀ ਹਾਕਮ, ਪੁਲੀਸ ਤੰਤਰ ਇਨ੍ਹਾਂ ਨੂੰ ਬਚਾਉਣ ਦੇ ਆਹਰੇ ਲੱਗ ਜਾਂਦਾ ਹੈ। ਅਜਿਹੇ ਰਾਜਸੀ ਅਪਰਾਧੀਆਂ ਨੂੰ ਸਜ਼ਾ ਨਾ ਮਿਲਦੀ ਦੇਖ ਕੇ ਹੋਰਨਾਂ ਨੂੰ ਵੀ ਅਪਰਾਧ ਕਰਨ ਲਈ ਸ਼ਹਿ ਮਿਲਦੀ ਹੈ।

ਭਾਰਤੀ ਸੰਵਿਧਾਨ ਅਨੁਸਾਰ, ਬਲਾਤਕਾਰ ਦੇ ਦੋਸ਼ੀ ਨੂੰ ਕੇਵਲ ਸੱਤ ਸਾਲ ਦੀ ਸਜ਼ਾ ਹੀ ਨਿਰਧਾਰਤ ਕੀਤੀ ਗਈ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਬਲਾਤਕਾਰ ਦੇ ਬਹੁਤੇ ਮਾਮਲਿਆਂ ਵਿੱਚ ਕੇਸ ਰਫ਼ਾ-ਦਫ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਸਾਡੀਆਂ ਅਦਾਲਤਾਂ ਵਿੱਚ ਇਨਸਾਫ਼ ਦੀ ਰਫ਼ਤਾਰ ਇੰਨੀ ਧੀਮੀ ਹੈ ਕਿ ਪੀੜਤ ਧਿਰ ਦੁਖੀ ਹੋ ਕੇ ਅੱਕ ਥੱਕ ਜਾਂਦੀ ਹੈ। ਫਿਰ ਅਦਾਲਤਾਂ ਵਿੱਚ ਪੀੜਤ ਨੂੰ ਵਾਰ-ਵਾਰ ਉਹੀ ਸਵਾਲ ਦੁਹਰਾ ਕੇ ਵਾਰ-ਵਾਰ ਉਸ ਨੂੰ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਹੈ। ਜੇ ਪੀੜਤ ਧਿਰ ਦੀ ਪਿੱਠ 'ਤੇ ਮਜ਼ਬੂਤ ਸਹਾਰਾ ਹੋਵੇ, ਤਦ ਵੀ ਅਪਰਾਧੀ ਨੂੰ ਕੇਵਲ ਸੱਤ ਸਾਲ ਦੀ ਸਜ਼ਾ ਹੀ ਮਿਲਦੀ ਹੈ ਜੋ ਜਬਰ ਜਨਾਹ ਜਿਹੇ ਅਪਰਾਧ ਲਈ ਬਹੁਤ ਨਿਗੂਣੀ ਹੈ।

ਫਿਰ ਸਾਡਾ ਸਮਾਜ ਇੰਨਾ ਪਿਛਾਂਹਖਿੱਚੂ ਹੈ ਕਿ ਕੋਈ ਵੀ ਨੌਜਵਾਨ ਅਜਿਹੀ ਪੀੜਤ ਲੜਕੀ ਦਾ ਰਿਸ਼ਤਾ ਲੈਣ ਲਈ ਤਿਆਰ ਨਹੀਂ ਹੁੰਦਾ; ਹਾਲਾਂਕਿ ਜਿਹੜਾ ਸਿਤਮ ਉਸ ਲੜਕੀ ਉੱਤੇ ਢਾਹਿਆ ਹੁੰਦਾ ਹੈ, ਉਸ ਵਿੱਚ ਉਸ ਦਾ ਆਪਣਾ ਕੋਈ ਦੋਸ਼ ਨਹੀਂ ਹੁੰਦਾ। ਸੋ, ਜਬਰ-ਜਨਾਹ ਜਿਹੇ ਅਪਰਾਧਾਂ ਨੂੰ ਨੱਥ ਪਾਉਣ ਲਈ ਜ਼ਰੂਰੀ ਹੈ ਕਿ ਕਾਨੂੰਨੀ ਪ੍ਰਕਿਰਿਆ ਵਿੱਚ ਤਬਦੀਲੀ ਕੀਤੀ ਜਾਵੇ। ਬਲਾਤਕਾਰ ਜਿਹੇ ਕੁਕਰਮ ਦੀ ਸਜ਼ਾ ਵਿੱਚ ਵਾਧਾ ਕੀਤਾ ਜਾਵੇ। ਧੀਆਂ ਪੁੱਤਰਾਂ ਨੂੰ ਘਰਾਂ, ਸਕੂਲਾਂ, ਕਾਲਜਾਂ ਵਿੱਚ ਉਸਾਰੂ ਮਾਹੌਲ ਦੇ ਕੇ ਸੈਕਸ ਸਿੱਖਿਆ ਨੂੰ ਸਿਲੇਬਸ ਦਾ ਹਿੱਸਾ ਬਣਾਇਆ ਜਾਵੇ। ਇਸ ਪ੍ਰਸੰਗ ਵਿੱਚ ਸਿਲੇਬਸ ਵਿੱਚ ਤਬਦੀਲੀ ਲਾਜ਼ਮੀ ਹੈ। ਇਸ ਦੇ ਨਾਲ ਹੀ ਪ੍ਰਿੰਟ ਤੇ ਸੋਸ਼ਲ ਮੀਡੀਆ, ਟੈਲੀਵਿਜ਼ਨ, ਰੇਡੀਓ ਆਦਿ ਉੱਤੇ ਉਸਾਰੂ ਇਸ਼ਤਿਹਾਰਬਾਜ਼ੀ ਕਰ ਕੇ ਅਤੇ ਸਥਾਨਕ ਸਵੈ-ਸੇਵੀ ਸੰਗਠਨਾਂ ਦਾ ਸਹਿਯੋਗ ਲਿਆ ਜਾ ਸਕਦਾ ਹੈ ਤਾਂ ਕਿ ਸਮਾਜ ਵਿੱਚ ਅਜਿਹੇ ਮਸਲਿਆਂ ਬਾਰੇ ਵੱਧ ਤੋਂ ਵੱਧ ਚੇਤਨਾ ਫੈਲਾਈ ਜਾ ਸਕੇ।

# ਬਰਾਬਰ ਵੰਡ

ਲੇਖਕ : ਬਲਜਿੰਦਰ ਸਿੰਘ ਫਾਜ਼ਿਲਕਾ
ਸੰਪਰਕ: 94175-29797



ਪ੍ਰੋਫੈਸਰ ਗੁਪਤਾ ਅੱਜ ਬਹੁਤ ਪ੍ਰੇਸ਼ਾਨ ਸਨ। ਬੱਚਿਆਂ ਨੂੰ ਕਲਾਸ ਵਿੱਚ ਪੜ੍ਹਾਉਂਦੇ ਸਮੇ ਉਨ੍ਹਾਂ ਦਾ ਮਨ ਵਾਰ ਵਾਰ ਭਟਕ ਕੇ ਕੱਲ੍ਹ ਵਾਲੀ ਘਟਨਾ ਵੱਲ ਚੱਲਿਆ ਜਾਂਦਾ ਸੀ। ਘਟਨਾ ਕੋਈ ਵੱਡੀ ਵੀ ਨਹੀਂ ਸੀ, ਪਰ ਕਈ ਵਾਰ ਮਾਮੂਲੀ ਜਿਹੀ ਗੱਲ ਵੀ ਵਿਅਕਤੀ ਉੱਤੇ ਕਿੰਨਾ ਅਸਰ ਪਾਉਂਦੀ ਹੈ, ਇਹ ਸੋਚਦੇ ਸੋਚਦੇ ਪ੍ਰੋਫੈਸਰ ਗੁਪਤਾ ਹੋਰ ਪ੍ਰੇਸ਼ਾਨ ਹੋ ਰਹੇ ਸਨ। ਉਨ੍ਹਾਂ ਕਈ ਵਾਰ ਸਿਰ ਛੰਡਿਆ ਅਤੇ ਬੱਚਿਆਂ ਨੂੰ ਪੜ੍ਹਾਉਣ ਦੀ ਕੋਸ਼ਿਸ਼ ਕੀਤੀ, ਪਰ ਮਨ ਦੇ ਵਿਚਾਰਾਂ ਨੇ ਉਨ੍ਹਾਂ ਦਾ ਧਿਆਨ ਭਟਕਾਈ ਰੱਖਿਆ। ਅਸਲ ਵਿੱਚ ਪ੍ਰੋ. ਗੁਪਤਾ ਦਾ ਪੂਰਾ ਨਾਂ ਤਰੁਣ ਗੁਪਤਾ ਸੀ ਅਤੇ ਉਹ ਆਪਣਾ ਨਾਂ ਟੀ. ਗੁਪਤਾ ਲਿਖਦੇ ਸਨ। ਇਸ ਤੋਂ ਇਲਾਵਾ ਕਾਲਜ ਦੇ ਦੋ ਹੋਰ ਪ੍ਰੋਫੈਸਰ ਮਨਜੀਤ ਸਿੰਘ ਪੰਜਾਬੀ ਵਿਸ਼ਾ ਅਤੇ ਪ੍ਰੋ. ਆਰ.ਕੇ. ਸ਼ਰਮਾ ਇਤਿਹਾਸ ਪੜ੍ਹਾਉਂਦੇ ਸਨ। ਕਾਲਜ ਵਿੱਚ ਭਾਵੇਂ ਹੋਰ ਵੀ ਸਟਾਫ ਸੀ, ਪਰ ਇਹ ਤਿੰਨੇ ਗੂੜ੍ਹੇ ਦੋਸਤ ਸਨ। ਇਨ੍ਹਾਂ ਨੇ ਆਪਣੀ ਦੋਸਤੀ ਵਿੱਚ ਫ਼ੈਸਲਾ ਕੀਤਾ ਸੀ ਕਿ ਉਹ ਜਿੱਥੇ ਵੀ ਜਾਣਗੇ, ਖ਼ਰਚਣਗੇ ਉਸ ਦਾ ਪੂਰਾ ਹਿਸਾਬ ਰੱਖਣਗੇ ਅਤੇ ਖ਼ਰਚਾ ਸਾਰਿਆਂ ਵਿੱਚ ਬਰਾਬਰ ਵੰਡਿਆ ਜਾਵੇਗਾ। ਕੋਈ ਕਿਸੇ ਦਾ ਹੱਕ ਨਹੀਂ ਰੱਖੇਗਾ। ਪਰ ਕੱਲ੍ਹ ਬਾਅਦ ਦੁਪਹਿਰ ਖਾਲੀ ਸਮੇਂ ਵਿੱਚ ਪ੍ਰੋ. ਮਨਜੀਤ ਸਿੰਘ ਵੱਲੋਂ ਚਾਹ ਪੀਣ ਦੀ ਪ੍ਰਗਟ ਕੀਤੀ ਇੱਛਾ ਕਾਰਨ ਉਹ ਤਿੰਨੇ ਕਾਲਜ ਦੀ ਕੰਟੀਨ ਤੋਂ ਚਾਹ ਪੀਣ ਚਲੇ ਗਏ। ''ਤਿੰਨ ਕੱਪ ਚਾਹ, ਵਧੀਆ ਜਿਹੀ ਬਈ!'' ਪ੍ਰੋ. ਮਨਜੀਤ ਸਿੰਘ ਨੇ ਬੈਠਦਿਆਂ ਹੀ ਆਰਡਰ ਦਿੱਤਾ ਅਤੇ ਉਹ ਗੱਲੀਂ ਰੁੱਝ ਗਏ। ਕੁਝ ਸਮੇਂ ਬਾਅਦ ਕੰਟੀਨ ਦਾ ਲੜਕਾ ਤਿੰਨ ਕੱਪ ਚਾਹ ਅਤੇ ਇੱਕ ਪੈਕਟ ਬਿਸਕੁਟ ਰੱਖ ਗਿਆ। ''ਬਈ, ਬਿਸਕੁਟਾਂ ਦਾ ਤਾਂ ਅਸੀਂ ਆਰਡਰ ਦਿੱਤਾ ਹੀ ਨਹੀਂ,'' ਪ੍ਰੋ. ਸ਼ਰਮਾ ਨੇ ਕਿਹਾ। ''ਕੋਈ ਨਹੀਂ ਪ੍ਰੋਫੈਸਰ ਸਾਹਿਬ! ਖਾ ਲਉ, ਖੁੱਲ੍ਹੇ ਪੈਸਿਆਂ ਦਾ ਰੌਲਾ ਪੈਂਦਾ ਹੈ,'' ਕੰਟੀਨ ਵਾਲੇ ਨੇ ਉੱਚੀ ਦੇਣੀ ਕਿਹਾ। ਉਨ੍ਹਾਂ ਅਣਮੰਨੇ ਮਨ ਨਾਲ ਚਾਹ ਨਾਲ ਬਿਸਕੁਟ ਖਾ ਲਏ ਅਤੇ ਪ੍ਰੋ. ਮਨਜੀਤ ਸਿੰਘ ਨੇ ਬਿੱਲ ਪੁੱਛਿਆ ਅਤੇ ਕੰਟੀਨ ਵਾਲੇ ਦੇ ਕਹਿਣ 'ਤੇ ਪੰਜਾਹ ਰੁਪਏ ਦੇ ਦਿੱਤੇ। ਕੰਟੀਨ ਵਾਲੇ ਨੇ ਕਿਹਾ, ''ਪ੍ਰੋਫੈਸਰ ਸਾਹਿਬ, ਅੱਜਕੱਲ੍ਹ ਭਾਨ ਦੀ ਬੜੀ ਸਮੱਸਿਆ ਹੈ। ਖੁੱਲ੍ਹੇ ਪੈਸੇ ਦੇਣੇ ਮੁਸ਼ਕਲ ਹੁੰਦੇ ਹਨ, ਇਸ ਕਰਕੇ ਵਾਧਾ ਘਾਟਾ ਕਰ ਲਈਦਾ ਹੈ।'' ਹੁਣ ਇਹ ਹੀ ਪੰਜਾਹ ਰੁਪਏ ਪ੍ਰੋਫੈਸਰਾਂ ਦੇ ਅਸੂਲ ਅੱਗੇ ਮੁਸ਼ਕਲ ਬਣ ਗਏ ਕਿ ਹੁਣ ਇਹ ਪੰਜਾਹ ਰੁਪਏ ਕਿਵੇਂ ਵੰਡੇ ਜਾਣ? ਪ੍ਰੋ. ਗੁਪਤਾ ਨੇ ਆਪਣੀ ਜੇਬ੍ਹ ਵਿੱਚੋਂ ਸਤਾਰਾਂ ਰੁਪਏ ਪ੍ਰੋਫੈਸਰ ਮਨਜੀਤ ਸਿੰਘ ਨੂੰ ਦੇਣ ਲਈ ਕੱਢੇ ਅਤੇ ਪ੍ਰੋਫੈਸਰ ਮਨਜੀਤ ਸਿੰਘ ਨੇ ਨਾਂਹ ਨਾਂਹ ਕਰਦਿਆਂ ਰੁਪਏ ਫੜ ਲਏ। ਪ੍ਰੋ. ਸ਼ਰਮਾ ਨੇ ਵੀ ਇਸ ਤਰ੍ਹਾਂ ਸਤਾਰਾਂ ਰੁਪਏ ਦੇ ਦਿੱਤੇ ਅਤੇ ਇਹ ਗੱਲ ਹੀ ਕੱਲ੍ਹ ਦੀ ਪ੍ਰੋ. ਗੁਪਤਾ ਨੂੰ ਪ੍ਰੇਸ਼ਾਨ ਕਰ ਰਹੀ ਸੀ। ਹੁਣ ਇਹ ਗੱਲ ਯਕੀਨ ਨਾਲ ਨਹੀਂ ਕਹੀ ਜਾ ਸਕਦੀ ਸੀ ਕਿ ਪ੍ਰੋ. ਗੁਪਤਾ ਨੂੰ ਅੰਦਰੋਂ ਇੱਕ ਰੁਪਇਆ ਵੱਧ ਦੇਣ ਦਾ ਦੁੱਖ ਸੀ ਜਾਂ ਸੱਚਮੁੱਚ ਬਰਾਬਰ ਵੰਡ ਦਾ ਸਿਧਾਂਤ ਹੀ ਗੁਪਤਾ ਜੀ ਨੂੰ ਪ੍ਰੇਸ਼ਾਨ ਕਰ ਰਿਹਾ ਸੀ। ਉਹ ਪੂਰਾ ਜ਼ੋਰ ਲਗਾ ਕੇ ਇਸ ਵੰਡ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕਰਦੇ, ਪਰ ਅੰਦਰੋਂ ਉਨ੍ਹਾਂ ਦਾ ਮਨ ਮੰਨ ਨਹੀਂ ਰਿਹਾ ਸੀ। ਉਨ੍ਹਾਂ ਨੂੰ ਕਦੇ ਲੱਗਦਾ ਕਿ ਹੁਣ ਤੱਕ ਪ੍ਰਾਪਤ ਕੀਤਾ ਉਨ੍ਹਾਂ ਦਾ ਗਿਆਨ ਅਧੂਰਾ ਹੈ। ਉਹ ਸੋਚਦੇ, ਕਿਵੇਂ ਪ੍ਰੋ. ਮਨਜੀਤ ਸਿੰਘ ਨੇ ਬਰਾਬਰ ਵੰਡ ਵਿੱਚੋਂ ਇੱਕ ਰੁਪਇਆ ਵੱਧ ਮੁਨਾਫ਼ਾ ਖੱਟ ਲਿਆ। ਮੰਨ ਲਵੋ ਕਿ ਅਗਵਾਈ ਕਰਨ ਵਾਲੀ ਜਮਾਤ ਇਸ ਤਰ੍ਹਾਂ ਥੋੜ੍ਹਾ ਥੋੜ੍ਹਾ ਜਿਹਾ ਹੀ ਵੱਧ ਲੈ ਜਾਵੇ ਤਾਂ ਉਹ ਕਿੰਨਾ ਮੁਨਾਫ਼ਾ ਖੱਟ ਸਕਦੀ ਹੈ। ਕੀ ਇਹ ਅਗਵਾਈ ਉਹ ਨਹੀਂ ਕਰ ਸਕਦੇ ਸਨ? ਜੇਕਰ ਉਹ ਥੋੜ੍ਹੀ ਜਿਹੀ ਸਿਆਣਪ ਕਰਦੇ ਅਤੇ ਇਹ ਬਿੱਲ ਉਹ ਦੇ ਦਿੰਦੇ ਤਾਂ ਇਹ ਮੁਨਾਫ਼ਾ ਉਹ ਕਮਾ ਸਕਦੇ ਸਨ। ਪ੍ਰੋ. ਮਨਜੀਤ ਸਿੰਘ ਉਨ੍ਹਾਂ ਨੂੰ ਹਾਕਮ ਜਮਾਤ ਦਾ ਨੁਮਾਇੰਦਾ ਜਾਪਿਆ, ਪਰ ਅਗਲੇ ਪਲ ਹੀ ਉਸ ਦੇ ਦਿਮਾਗ਼ ਵਿੱਚ ਆਇਆ ਕਿ ਉਹ ਗ਼ਲਤ ਸੋਚ ਰਹੇ ਹਨ, ਪ੍ਰੋ. ਮਨਜੀਤ ਸਿੰਘ ਨੇ ਪੈਸੇ ਲੈਣ ਤੋਂ ਮਨ੍ਹਾਂ ਕੀਤਾ ਹੀ ਸੀ। ਉਨ੍ਹਾਂ ਦੇ ਦਿਮਾਗ਼ ਨੇ ਫਿਰ ਸੋਚਣਾ ਸ਼ੁਰੂ ਕੀਤਾ ਕਿ ਚੋਣਾਂ ਸਮੇਂ ਸਾਰੇ ਲੀਡਰ ਇਹ ਹੀ ਕਹਿੰਦੇ ਹਨ ਕਿ ਅਸੀਂ ਤੁਹਾਡੀ ਸੇਵਾ ਲਈ ਆਏ ਹਾਂ ਅਤੇ ਪ੍ਰੋ. ਮਨਜੀਤ ਸਿੰਘ ਦੀ ਤਰ੍ਹਾਂ ਅਗਵਾਈ ਸਾਂਭ ਲੈਂਦੇ ਹਨ। ਉਨ੍ਹਾਂ ਨੇ ਫਿਰ ਸੋਚਣਾ ਸ਼ੁਰੂ ਕਰ ਦਿੱਤਾ ਕਿ ਇੱਕ ਰੁਪਏ ਨੂੰ ਬਰਾਬਰ ਕਿਉਂ ਨਹੀਂ ਵੰਡਿਆ ਜਾ ਸਕਦਾ? ਉਨ੍ਹਾਂ ਦੇ ਧਿਆਨ ਵਿੱਚ ਆਇਆ ਕਿ ਹੁਣ ਇੱਕ ਰੁਪਏ ਤੋਂ ਘੱਟ ਦਾ ਸਿੱਕਾ ਤਾਂ ਉਪਲਬਧ ਹੀ ਨਹੀਂ ਹੈ ਕਿਉਂਕਿ ਸਰਕਾਰ ਨੇ ਬਾਕੀ ਸਿੱਕੇ ਬੰਦ ਕਰ ਦਿੱਤੇ ਹਨ। ਇਹ ਸੋਚਦੇ ਹੀ ਉਨ੍ਹਾਂ ਨੂੰ ਹਾਕਮ ਜਮਾਤਾਂ ਦੀ ਚਲਾਕੀ ਸਮਝ ਆਈ। ਉਨ੍ਹਾਂ ਦਾ ਧਿਆਨ ਪਿਛਲੇ ਸਮਿਆਂ ਵੱਲ ਚਲਿਆ ਗਿਆ ਜਦੋਂ ਇੱਕ ਪੈਸਾ, ਦੁੱਕੀ, ਤਿੱਕੀ, ਪੰਜੀ, ਦਸੀ, ਵੀਹ ਪੈਸੇ, ਚੁਆਨੀ, ਅਠਿਆਨੀ ਦੇ ਸਿੱਕੇ ਹੁੰਦੇ ਸਨ। ਉਨ੍ਹਾਂ ਦਾ ਧਿਆਨ ਆਪਣੇ ਇੱਕ ਜਾਣੂੰ ਦੇ ਵਿਚਾਰਾਂ ਵੱਲ ਗਿਆ ਜੋ ਪੁਰਾਣੇ ਯੁੱਗ ਵਿੱਚ ਲੋਕਾਂ ਦੀ ਬਰਾਬਰੀ ਅਤੇ ਲੁੱਟ-ਰਹਿਤ ਸਮਾਜ ਦੀ ਵਿਆਖਿਆ ਕਰਦਿਆਂ ਬਰਾਬਰੀ ਦੇ ਸਿਧਾਂਤ ਨੂੰ ਸਮਝਾਉਂਦਾ ਹੁੰਦਾ ਹੈ। ਹੁਣ ਉਸ ਦੇ ਦਿਮਾਗ਼ ਵਿੱਚ ਪਾਈ, ਆਨੇ ਦੇ ਸਿੱਕੇ ਵੀ ਘੁੰਮਣ ਲੱਗੇ। ਫਿਰ ਉਨ੍ਹਾਂ ਨੇ ਸੋਚਿਆ ਕਿ ਅੱਜ ਦੇ ਮੌਜੂਦਾ ਦੌਰ ਅੰਦਰ ਅਜਿਹੀ ਛੋਟੀ ਕਰੰਸੀ ਦੀ ਕੀ ਜ਼ਰੂਰਤ ਹੈ ਜਦੋਂਕਿ ਹਰ ਚੀਜ਼ ਨੂੰ ਅੱਗ ਲੱਗੀ ਪਈ ਹੈ, ਕੀਮਤਾਂ ਆਸਮਾਨ ਛੂਹ ਰਹੀਆਂ ਹਨ ਤਾਂ ਫਿਰ ਉਹ ਇੱਕ ਰੁਪਏ ਪਿੱਛੇ ਇੰਨਾ ਪ੍ਰੇਸ਼ਾਨ ਕਿਉਂ ਹੋ ਰਿਹਾ ਹੈ? ਮਨ ਵਿੱਚ ਵਿਚਾਰ ਅਇਆ ਕਿ ਸੁਆਲ ਤਾਂ ਬਰਾਬਰ ਵੰਡ 'ਤੇ ਹੀ ਖੜ੍ਹਾ ਹੈ। ਜੇਕਰ ਬਿਸਕੁਟ ਹੀ ਨਾ ਖਾਧੇ ਜਾਂਦੇ ਤਾਂ ਪੈਸੇ ਬਰਾਬਰ ਵੰਡੇ ਜਾ ਸਕਦੇ ਸਨ। ਕਿਵੇਂ ਕੰਟੀਨ ਵਾਲੇ ਨੇ ਹੁਸ਼ਿਆਰੀ ਨਾਲ ਆਪਣਾ ਸਾਮਾਨ ਉਨ੍ਹਾਂ ਨੂੰ ਵੇਚ ਦਿੱਤਾ। ਉਨ੍ਹਾਂ ਨੂੰ ਕੰਟੀਨ ਵਾਲਾ ਸਫਲ ਵਪਾਰੀ ਜਾਪਿਆ ਜੋ ਬੜੀ ਚਲਾਕੀ ਨਾਲ ਆਪਣਾ ਮਾਲ ਉਨ੍ਹਾਂ ਵਰਗੇ ਪ੍ਰੋਫੈਸਰਾਂ ਨੂੰ ਹੀ ਵੇਚ ਗਿਆ। ਅਗਲੇ ਪਲ ਹੀ ਉਨ੍ਹਾਂ ਇਹ ਵਿਚਾਰ ਤਿਆਗ ਦਿੱਤਾ ਕਿਉਂਕਿ ਉਨ੍ਹਾਂ ਨੂੰ ਕੰਟੀਨ ਵਾਲੇ ਦੀ ਗੱਲ ਸਹੀ ਜਾਪੀ ਸੀ। ਕਲਾਸ ਖ਼ਤਮ ਕਰਕੇ ਸਟਾਫ ਰੂਮ ਵੱਲ ਆਉਂਦਿਆਂ ਰਸਤੇ ਵਿੱਚ ਉਨ੍ਹਾਂ ਨੂੰ ਪ੍ਰੋ. ਸ਼ਰਮਾ ਮਿਲ ਗਏ। ਪ੍ਰੋ. ਸ਼ਰਮਾ ਨੇ ਗਰਮਜੋਸ਼ੀ ਨਾਲ ਪ੍ਰੋ. ਗੁਪਤਾ ਨੂੰ ਬੁਲਾਇਆ, ਪਰ ਉਨ੍ਹਾਂ ਦਾ ਠੰਢਾ ਹੁੰਗਾਰਾ ਵੇਖ ਕੇ ਪ੍ਰੋ. ਸ਼ਰਮਾ ਸਮਝ ਗਏ ਕਿ ਅੱਜ ਪ੍ਰੋ. ਗੁਪਤਾ ਨੂੰ ਕੋਈ ਗੱਲ ਪ੍ਰੇਸ਼ਾਨ ਕਰ ਰਹੀ ਹੈ। ''ਗੁਪਤਾ ਜੀ, ਕੀ ਸੋਚ ਰਹੇ ਹੋ?'' ਪ੍ਰੋ. ਸ਼ਰਮਾ ਨੇ ਸੁਆਲ ਕੀਤਾ। ''ਕੁਝ ਨਹੀਂ, ਸ਼ਰਮਾ ਜੀ,'' ਗੁਪਤਾ ਜੀ ਨੇ ਜੁਆਬ ਦਿੱਤਾ। ਪ੍ਰੋ. ਸ਼ਰਮਾ, ਗੁਪਤਾ ਜੀ ਦੇ ਸੁਭਾਅ ਤੋਂ ਜਾਣੂ ਸਨ। ਜ਼ੋਰ ਪਾਉਣ 'ਤੇ ਪ੍ਰੋ. ਗੁਪਤਾ ਨੇ ਬਰਾਬਰ ਵੰਡ ਦੇ ਸਿਧਾਂਤ ਦੀ ਵਿਆਖਿਆ ਕਰਦਿਆਂ ਕੱਲ੍ਹ ਦੇ ਬਿਲ ਦੀ ਗੱਲ ਦੱਸ ਦਿੱਤੀ। ਪਹਿਲਾਂ ਤਾਂ ਪ੍ਰੋ. ਸ਼ਰਮਾ ਜ਼ੋਰ ਦੀ ਹੱਸੇ, ਪਰ ਉਨ੍ਹਾਂ ਨੇ ਗੁਪਤਾ ਜੀ ਨੂੰ ਗੰਭੀਰ ਵੇਖ ਕੇ ਆਪਣੇ ਹਾਸੇ 'ਤੇ ਕਾਬੂ ਪਾ ਲਿਆ। ''ਗੁਪਤਾ ਜੀ, ਬਰਾਬਰ ਵੰਡ ਤਾਂ ਕਿਸੇ ਵੀ ਸਮਾਜ ਵਿੱਚ ਨਹੀਂ ਰਹੀ। ਮਾਤਰ-ਯੁੱਗ ਵਿੱਚ ਵੀ ਕਬੀਲੇ ਦੀ ਔਰਤ ਨਾਚ ਗਾਣੇ ਸਮੇਂ ਆਪਣੇ ਪਸੰਦ ਦੇ ਮਰਦ ਨੂੰ ਸ਼ਰਾਬ ਅਤੇ ਗੋਸ਼ਤ ਜ਼ਿਆਦਾ ਵਰਤਾਉਂਦੀ ਸੀ।'' ਪ੍ਰੋ. ਸ਼ਰਮਾ ਨੇ ਇਤਿਹਾਸਕ ਹਵਾਲਿਆਂ ਨਾਲ ਗੁਪਤਾ ਜੀ ਨੂੰ ਸੰਤੁਸ਼ਟ ਕਰਨਾ ਚਾਹਿਆ। ''ਫਿਰ ਅਸੀਂ ਜੋ ਬਰਾਬਰ ਵੰਡ ਦੇ ਸਿਧਾਂਤ ਦੀ ਗੱਲ ਕਰਦੇ ਹਾਂ, ਕੀ ਉਹ ਅਧੂਰੀ ਹੈ ਜਾਂ ਫਿਰ ਸਾਡੀ ਸਮਝ ਅਧੂਰੀ ਹੈ?'' ਪ੍ਰੋ. ਗੁਪਤਾ ਨੇ ਸੁਆਲ ਕੀਤਾ। ਪ੍ਰੋ. ਸ਼ਰਮਾ ਇੱਕ ਵਾਰ ਤਾਂ ਥੋੜ੍ਹਾ ਜਿਹਾ ਉੱਖੜ ਜਿਹੇ ਗਏ, ਪਰ ਛੇਤੀ ਆਪਣੇ 'ਤੇ ਕਾਬੂ ਪਾ ਕੇ ਬੋਲੇ, ''ਅੱਜ ਤੱਕ ਦੇ ਇਤਿਹਾਸ ਵਿੱਚ ਉਨ੍ਹਾਂ ਨੇ ਅਜਿਹਾ ਕੋਈ ਸਮਾਜ ਨਹੀਂ ਪੜ੍ਹਿਆ ਜਿਸ ਵਿੱਚ ਸਾਰੇ ਬਰਾਬਰ ਹੋਣ। ਤਕੜੇ-ਮਾੜੇ, ਯੋਗ-ਅਯੋਗ ਅਤੇ ਰਾਜਾ ਤੇ ਪਰਜਾ ਵਿੱਚ ਪਾੜਾ ਜ਼ਰੂਰ ਰਿਹਾ ਹੈ।'' ਪ੍ਰੋ. ਗੁਪਤਾ ਦੀਆਂ ਅੱਖਾਂ ਚਮਕੀਆਂ। ਉਨ੍ਹਾਂ ਨੂੰ ਲੱਗਿਆ ਕਿ ਉਹ ਠੀਕ ਸੋਚ ਰਹੇ ਹਨ। ਸਮਾਜਿਕ ਵੰਡ ਹਮੇਸ਼ਾ ਅਸਾਵੀਂ ਰਹੇਗੀ ਅਤੇ ਅਗਵਾਈ ਕਰਨ ਵਾਲੇ ਲੋਕ ਫ਼ਾਇਦੇ ਵਿੱਚ ਰਹਿਣਗੇ। ਉਨ੍ਹਾਂ ਫਿਰ ਦੁਬਾਰਾ ਕਿਹਾ, ''ਸ਼ਰਮਾ ਜੀ, ਸੱਚਮੁੱਚ ਇਤਿਹਾਸ ਵਿੱਚ ਅਜਿਹੀ ਕੋਈ ਵਿਵਸਥਾ ਨਹੀਂ ਰਹੀ?'' ''ਪ੍ਰੋਫੈਸਰ ਸਾਹਿਬ ਕਿਉਂ ਦਿਮਾਗ਼ 'ਤੇ ਬੋਝ ਪਾ ਰਹੇ ਹੋ!'' ਪ੍ਰੋ. ਸ਼ਰਮਾ ਨੇ ਮਜ਼ਾਕ ਕੀਤਾ, ''ਪ੍ਰੋ. ਮਨਜੀਤ ਸਿੰਘ ਤੋਂ ਤੁਹਾਡਾ ਰੁਪਈਆ ਵਾਪਸ ਕਰਵਾ ਦਿੰਦੇ ਹਾਂ।'' ''ਸ਼ਰਮਾ ਜੀ, ਤੁਸੀਂ ਤਾਂ ਮੌਜੂਦਾ ਮੀਡੀਆ ਦੀ ਪ੍ਰਤੀਨਿਧਤਾ ਕਰਦੇ ਹੋ ਜੋ ਘਟਨਾ ਦਾ ਅਸਲ ਕੰਟੈਂਟ ਛੱਡ ਕੇ ਸਨਸਨੀ ਫੈਲਾਉਂਦਾ ਹੈ।'' ਪ੍ਰੋ. ਗੁਪਤਾ ਨੇ ਥੋੜ੍ਹਾ ਨਾਰਾਜ਼ਗੀ ਨਾਲ ਕਿਹਾ। ''ਨਹੀਂ ਗੁਪਤਾ ਜੀ, ਮੈਂ ਤਾਂ ਮਜ਼ਾਕ ਕਰ ਰਿਹਾ ਸੀ। ਇਤਿਹਾਸ ਕਈ ਰਾਜਿਆਂ ਮਹਾਰਾਜਿਆਂ ਦੀ ਉਦਾਰਤਾ ਨਾਲ ਭਰਿਆ ਪਿਆ ਹੈ ਜੋ ਆਪਣੀ ਪਰਜਾ ਦੀ ਭਲਾਈ ਲਈ ਕੰਮ ਕਰਦੇ ਰਹੇ ਹਨ ਪਰ ਇਸ ਬਦਲੇ ਉਹ ਸੁਖ-ਸਹੂਲਤਾਂ ਵੀ ਮਾਣਦੇ ਰਹੇ ਹਨ।'' ਅਚਾਨਕ ਪ੍ਰੋ. ਗੁਪਤਾ ਦੀਆਂ ਅੱਖਾਂ ਚਮਕੀਆਂ। ਉਨ੍ਹਾਂ ਨੂੰ ਇਕਦਮ ਅਹਿਸਾਸ ਹੋਇਆ ਕਿ ਅਗਵਾਈ ਕਰਨ ਵਾਲੇ ਲੋਕ ਹਮੇਸ਼ਾ ਦੂਸਰਿਆਂ ਦੇ ਮੁਕਾਬਲੇ ਜ਼ਿਆਦਾ ਫ਼ਾਇਦੇ ਵਿੱਚ ਰਹਿਣਗੇ ਜਾਂ ਜ਼ਿਆਦਾ ਨੁਕਸਾਨ ਵਿੱਚ। ਉਨ੍ਹਾਂ ਦੁਆਰਾ ਅਗਵਾਈ ਕਰਦੇ ਸਮੇਂ ਵਰਤੀ ਸ਼ਕਤੀ ਉਨ੍ਹਾਂ ਦੀ ਯੋਗਤਾ ਅਤੇ ਕਿਰਤ ਦਾ ਮੁੱਲ ਹੁੰਦਾ ਹੈ। ਉਨ੍ਹਾਂ ਨੂੰ ਪ੍ਰੋ. ਮਨਜੀਤ ਸਿੰਘ ਵੱਲੋ ਉਨ੍ਹਾਂ ਨੂੰ ਚਾਹ ਪਿਆਉਣ ਲੈ ਜਾਣਾ ਪ੍ਰੋ. ਮਨਜੀਤ ਸਿੰਘ ਦੀ ਸੁੱਚੀ ਕਿਰਤ ਜਾਪਿਆ। ਉਸ ਨੇ ਸੋਚਿਆ ਕਿ ਚਾਹ ਪੀਣ ਨੂੰ ਤਾਂ ਉਸ ਦਾ ਵੀ ਮਨ ਕਰਦਾ ਸੀ।ਜੇਕਰ ਪ੍ਰੋ. ਮਨਜੀਤ ਸਿੰਘ ਉਸ ਨੂੰ ਨਾ ਕਹਿੰਦਾ ਤਾਂ ਉਸ ਨੇ ਘੇਸਲ ਵੱਟੀ ਰੱਖਣੀ ਸੀ। ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਬਰਾਬਰ ਵੰਡ ਦਾ ਅਰਥ ਤਰਕਸੰਗਤ ਵੰਡ ਹੀ ਸਹੀ ਵਿਚਾਰ ਹੈ ਅਤੇ ਇਹ ਹੀ ਕਿਸੇ ਸਮਾਜ ਦੀ ਸਿਰਜਣਾ ਦਾ ਆਧਾਰ ਹੈ। ਪ੍ਰੋ. ਗੁਪਤਾ ਦੇ ਮਨ ਤੋਂ ਮਣਾਂ-ਮੂੰਹੀਂ ਭਾਰ ਲਹਿ ਗਿਆ ਕਿਉਂਕਿ ਉਨ੍ਹਾਂ ਨੂੰ ਮਨ ਸਮਝਾਉਣ ਲਈ ਵਾਜਬ ਦਲੀਲ ਮਿਲ ਗਈ ਸੀ। ਉਨ੍ਹਾਂ ਦਾ ਦਿਲ ਕੀਤਾ ਕਿ ਪ੍ਰੋ. ਮਨਜੀਤ ਸਿੰਘ ਨੂੰ ਭੱਜ ਕੇ ਕਲਾਵੇ ਵਿੱਚ ਲੈ ਲੈਣ।

# ਸਿਹਤ ਸੰਸਾਰ



## ਕਈ ਰੋਗਾਂ ਨੂੰ ਖ਼ਤਮ ਕਰਨ ਦੀ ਤਾਕਤ ਰੱਖਦਾ ਹੈ ਪਾਣੀ

**ਲੇਖਕ : ਘਣਸ਼ਿਆਮ ਸਾਹੂ**

ਦੁਨੀਆ ਵਿਚ ਅਜਿਹਾ ਕੋਈ ਇਨਸਾਨ ਨਹੀਂ ਹੋਵੇਗਾ, ਜਿਸ ਨੂੰ ਪਾਣੀ ਦੀ ਲੋੜ ਨਾ ਪਈ ਹੋਵੇ। ਸ੍ਰਿਸ਼ਟੀ ਦੇ ਸ਼ੁਰੂ ਤੋਂ ਵਰਤਮਾਨ ਵਿਗਿਆਨਕ ਯੁੱਗ ਤੱਕ ਪਾਣੀ ਦੇ ਸਬੰਧ ਵਿਚ ਨਵੇਂ-ਨਵੇਂ ਤੱਥ ਉਜਾਗਰ ਹੋਏ ਹਨ ਅਤੇ ਇਸ ਦੇ ਵਿਵਿਧ ਗੁਣਾਂ ਤੋਂ ਸਾਰਾ ਸੰਸਾਰ ਜਾਣੂ ਹੋਇਆ ਹੈ।

ਵਾਤਾਵਰਨ ਨੂੰ ਪ੍ਰਾਣਵਾਨ ਬਣਾਈ ਰੱਖਣ ਲਈ ਗਰਮੀ ਵਿਚ ਨਦੀ ਅਤੇ ਸਾਗਰਾਂ ਦਾ ਪਾਣੀ ਵਾਸ਼ਪੀਕ੍ਰਿਤ ਹੋ ਕੇ ਬੱਦਲ ਬਣ ਕੇ ਦੁਬਾਰਾ ਵਰ੍ਹਦਾ ਹੈ। ਸਰਦੀ ਵਿਚ ਸਰੋਤ ਦਾ ਪਾਣੀ ਗਰਮ-ਗਰਮ ਨਿਕਲਣ ਲਗਦਾ ਹੈ। ਜਿਥੇ ਵਰਖਾ ਨਹੀਂ ਹੁੰਦੀ, ਉਥੇ ਤਾਂ ਬਰਫ਼ ਪੈਂਦੀ ਹੈ ਅਤੇ ਹੋਰ ਮਾਧਿਅਮ ਨਾਲ ਜਲ-ਧਾਰਾ ਪਹੁੰਚ ਜਾਂਦੀ ਹੈ। ਇਸ ਤਰ੍ਹਾਂ ਸੰਤੁਲਨ ਬਣਿਆ ਰਹਿੰਦਾ ਹੈ।

ਪਾਣੀ ਦੀ ਮਹੱਤਤਾ ਅਤੇ ਉਪਯੋਗਤਾ ਜਾਣ ਲੈਣ ਤੋਂ ਬਾਅਦ ਜ਼ਰੂਰੀ ਹੈ ਕਿ ਅਸੀਂ ਇਹ ਜਾਣ ਲਈਏ ਕਿ ਪਾਣੀ ਦੀ ਕਿਸ-ਕਿਸ ਤਰ੍ਹਾਂ ਵਰਤੋਂ ਕਰੀਏ ਤਾਂ ਕਿ ਜੀਵਨ ਖੁਸ਼ਹਾਲ ਰਹੇ। ਪਾਣੀ ਦੇ ਮੁੱਖ ਤਿੰਨ ਉਪਯੋਗ ਅਸੀਂ ਸਾਰੇ ਜਾਣਦੇ ਹਾਂ। ਪਹਿਲਾ-ਪੀਣ ਲਈ, ਦੂਜਾ ਨਹਾਉਣ-ਧੋਣ ਲਈ ਅਤੇ ਤੀਜਾ ਸਿੰਚਾਈ ਅਤੇ ਬਿਜਲੀ ਬਣਾਉਣ ਲਈ। ਪਰ ਬਹੁਤ ਘੱਟ ਲੋਕ ਜਾਣਦੇ ਹਨ ਕਿ ਪਾਣੀ ਵਿਚ ਦਵਾਈ ਦੇ ਵੀ ਗੁਣ ਹਨ। ਆਯੁਰਵੈਦ ਵਿਚ ਪਾਣੀ ਨੂੰ 'ਸਰਵਵਿਆਧਿਹਰ' (ਸਭ ਬਿਮਾਰੀਆਂ ਨੂੰ ਖ਼ਤਮ ਕਰਨ ਵਾਲਾ) ਦੇ ਨਾਂਅ ਨਾਲ ਵਰਨਣ ਕੀਤਾ ਗਿਆ ਹੈ।

ਸਰੀਰ ਵਿਚ ਲਗਪਗ 80 ਫੀਸਦੀ ਭਾਗ ਪਾਣੀ ਹੁੰਦਾ ਹੈ। ਪਾਣੀ ਜਿਸ ਪਦਾਰਥ ਦੇ ਨਾਲ ਮਿਲਾਇਆ ਜਾਵੇ, ਉਸ ਦੀ ਗਰਮੀ ਜਾਂ ਠੰਡਕ ਨੂੰ ਤੇਜ਼ੀ ਨਾਲ ਗ੍ਰਹਿਣ ਕਰਕੇ ਤੀਬਰਤਾ ਨਾਲ ਊਸ਼ਮਾ ਜਾਂ ਸ਼ੀਤਲਤਾ ਦਿੰਦਾ ਹੈ। ਕਿਉਂਕਿ ਇਹ ਤਰਲ ਹੈ ਅਤੇ ਇਸ ਵਿਚ ਘੁਲਣ ਸ਼ਕਤੀ ਹੈ, ਇਸ ਕਰਕੇ ਇਹ ਅਸਾਨੀ ਨਾਲ ਇਲਾਜ ਪ੍ਰਣਾਲੀ ਵਿਚ ਕੰਮ ਆ ਜਾਂਦਾ ਹੈ।

ਪਾਣੀ ਸਾਡੇ ਭੋਜਨ ਦਾ ਅੰਗ ਹੈ। ਰੋਟੀ ਦਾ ਬਦਲ ਚੌਲ ਜਾਂ ਸ਼ਾਕ ਹੋ ਸਕਦਾ ਹੈ ਪਰ ਪਾਣੀ ਦਾ ਕੋਈ ਬਦਲ ਨਹੀਂ। ਇਸ਼ਨਾਨ ਦੇ ਰੂਪ ਵਿਚ ਵੀ ਇਹ ਸਰੀਰ ਨੂੰ ਤੰਦਰੁਸਤ ਰੱਖਦਾ ਹੈ ਅਤੇ ਸੰਤੁਲਨ ਬਣਾਈ ਰੱਖਦਾ ਹੈ। ਮੂਤਰ ਅਤੇ ਪਸੀਨੇ ਦੇ ਰੂਪ ਵਿਚ ਇਹ ਸਰੀਰ ਦੀਆਂ ਜ਼ਹਿਰਾਂ ਨੂੰ ਬਾਹਰ ਕੱਢਣ ਵਿਚ ਮਦਦ ਕਰਦਾ ਹੈ।

ਪਾਣੀ ਦਾ ਪੂਰਾ ਲਾਭ ਲੈਣ ਲਈ ਹੇਠ ਲਿਖੀਆਂ ਗੱਲਾਂ ਦਾ ਖਿਆਲ ਰੱਖਣਾ ਚਾਹੀਦਾ ਹੈ-

* ਪਾਣੀ ਸ਼ੁੱਧ ਹੋਵੇ। ਪੀਣ ਵਾਲਾ ਪਾਣੀ ਪੁਣ ਕੇ, ਕਲੋਰੀਨ ਗੋਲੀ ਨਾਲ ਸ਼ੁੱਧ ਕਰਕੇ ਪੀਓ। ਜੇ ਉਬਾਲ ਕੇ ਪੀ ਸਕੋ ਤਾਂ ਬਹੁਤ ਵਧੀਆ।
* ਭੋਜਨ ਤੋਂ ਪਹਿਲਾਂ ਅਤੇ ਤੁਰੰਤ ਬਾਅਦ ਪਾਣੀ ਨਾ ਪੀਓ। ਇਕ ਵਾਰ ਵਿਚ ਜ਼ਿਆਦਾ ਪਾਣੀ ਨਾ ਪੀਓ, ਸਗੋਂ ਥੋੜ੍ਹਾ-ਥੋੜ੍ਹਾ ਕਰਕੇ ਵਾਰ-ਵਾਰ ਪੀਓ। ਬਿਹਤਰ ਹੋਵੇਗਾ ਜੇ ਮੂੰਹ ਦੀ ਲਾਰ ਨੂੰ ਪਾਣੀ ਦੇ ਨਾਲ ਘੁਲਾ-ਮਿਲਾ ਕੇ ਪੇਟ ਵਿਚ ਪਹੁੰਚਣ ਦਿਓ।
* ਨਹਾਉਂਦੇ ਸਮੇਂ ਸ਼ੁਰੂਆਤ ਪੈਰਾਂ ਤੋਂ ਨਾ ਕਰੋ, ਕਿਉਂਕਿ ਇਸ ਨਾਲ ਸਰੀਰ ਦੀ ਗਰਮੀ ਅੱਖਾਂ ਅਤੇ ਦਿਮਾਗ ਵਿਚ ਚਲੀ ਜਾਂਦੀ ਹੈ। ਵੈਦਿਕ ਪੱਦਤੀ ਨਾਲ ਸਭ ਤੋਂ ਪਹਿਲਾਂ ਸਿਰ ਵਿਚ ਪਾਣੀ ਪਾ ਕੇ ਨਹਾਉਣਾ ਲਾਭਦਾਇਕ ਹੈ।
* ਭੋਜਨ ਬਣਾਉਂਦੇ ਸਮੇਂ ਵੀ ਉਪਯੁਕਤ ਪਾਣੀ ਦੀ ਲੋੜੀਂਦੀ ਮਾਤਰਾ ਦਾ ਧਿਆਨ ਰੱਖੋ।
* ਜਲ ਚਿਕਿਤਸਾ ਇਕ ਬਹੁਤ ਲਾਭਦਾਇਕ ਵਿੱਦਿਆ ਹੈ। ਕਿਸੇ ਯੋਗ ਗੁਰੂ ਕੋਲੋਂ ਉਪਯੋਗ ਵਿਧੀ ਸਿੱਖੋ ਅਤੇ ਲਾਭ ਉਠਾਓ।
* ਬਦਹਜ਼ਮੀ ਦੀ ਹਾਲਤ ਵਿਚ ਪਾਣੀ ਵਾਰ-ਵਾਰ ਪੀਓ। ਭੋਜਨ ਵਿਚ ਵਿਰਾਮ ਲਗਾ ਦਿਓ।
* ਟੱਬ ਇਸ਼ਨਾਨ ਲਈ ਕਿਸੇ ਵੱਡੇ ਪਾਤਰ ਜਾਂ ਟੈਂਕੀ ਵਿਚ ਕੋਸਾ ਪਾਣੀ ਲੈ ਕੇ ਉਸ ਵਿਚ ਸਰੀਰ ਦਾ ਅੱਧਾ ਭਾਗ ਡੁਬੋਵੋ। ਇਸ ਨਾਲ ਖ਼ੂਨ ਪ੍ਰਵਾਹ ਤੀਵਰ ਅਤੇ ਸੰਤੁਲਤ ਹੋਵੇਗਾ।
* ਗਰਮੀਆਂ ਵਿਚ ਠੰਢੇ ਪਾਣੀ ਨਾਲ ਦੋ-ਤਿੰਨ ਵਾਰ ਅਤੇ ਸਰਦੀਆਂ ਵਿਚ ਗਰਮ ਪਾਣੀ ਨਾਲ ਨਹਾਓ।
* ਸੌਣ ਸਮੇਂ ਹੱਥ-ਪੈਰ ਅਤੇ ਸਿਰ ਧੋਵੋ। ਤੁਹਾਨੂੰ ਚੰਗੀ ਨੀਂਦ ਆਵੇਗੀ।
* ਸਵੇਰ ਵੇਲੇ ਬੇਹਾ ਪਾਣੀ ਪੀਣਾ ਫਾਇਦੇਮੰਦ ਹੈ।

ਇਸ ਤਰ੍ਹਾਂ ਪਾਣੀ ਦੀ ਸਹੀ ਵਰਤੋਂ ਕਰਕੇ ਤੰਦਰੁਸਤ ਅਤੇ ਸੁਖੀ ਰਹਿ ਸਕਦੇ ਹਾਂ। ਯਾਦ ਰੱਖੋ ਕਿ ਪਾਣੀ ਨੂੰ ਵਿਅਰਥ ਗਵਾਉਣਾ ਨਾ ਤਾਂ ਚੰਗੀ ਆਦਤ ਹੈ ਅਤੇ ਨਾ ਹੀ ਸਮਝਦਾਰੀ। ਪਾਣੀ ਦੀ ਓਨੀ ਹੀ ਵਰਤੋਂ ਕਰੋ, ਜਿੰਨੀ ਲੋੜ ਹੈ। ਪਾਣੀ ਦੀ

## ਕੰਮ ਦੇ ਨਾਲ ਰਹੋ ਚੁਸਤ-ਦਰੁਸਤ

**ਲੇਖਕ : ਨੀਤੂ ਗੁਪਤਾ**

- ਕੰਮ ਕਰਦੇ ਸਮੇਂ ਆਪਣੇ ਮੇਜ਼ ਜਾਂ ਡੈਸਕ ਨੂੰ ਦਰਵਾਜ਼ੇ ਦੇ ਸਾਹਮਣੇ ਰੱਖੋ।
- ਰੌਸ਼ਨੀ ਅਤੇ ਹਵਾ ਦੀ ਵਿਵਸਥਾ ਠੀਕ ਹੋਣੀ ਚਾਹੀਦੀ ਹੈ। ਉਚਿਤ ਰੌਸ਼ਨੀ ਕੰਮ ਕਰਨ ਲਈ ਬਹੁਤ ਜ਼ਰੂਰੀ ਹੁੰਦੀ ਹੈ।
- ਕੰਮ ਕਰਦੇ ਸਮੇਂ ਜਿਸ ਮੇਜ਼, ਕੁਰਸੀ ਦੀ ਵਰਤੋਂ ਕਰੋ, ਉਸ ਕੁਰਸੀ 'ਤੇ ਕਮਰ ਨੂੰ ਸਿੱਧਾ ਰੱਖ ਕੇ ਕੁਰਸੀ ਨਾਲ ਕਮਰ ਲਗਾ ਕੇ ਬੈਠੋ।
- ਪੈਰਾਂ ਨੂੰ ਮੇਜ਼ ਦੇ ਹੇਠਾਂ ਸਿੱਧੇ ਰੱਖੋ। ਇਕ ਪੈਰ 'ਤੇ ਦੂਜਾ ਪੈਰ ਨਾ ਰੱਖੋ, ਲੱਤਾਂ ਨੂੰ ਟੇਢਾ-ਮੇਢਾ ਅਤੇ ਮੋੜ ਕੇ ਕੁਰਸੀ 'ਤੇ ਨਾ ਰੱਖੋ।
- ਗਰਦਨ ਨੂੰ ਝਟਕੇ ਨਾਲ ਨਾ ਘੁਮਾਓ।
- ਹੇਠਾਂ ਝੁਕਦੇ ਸਮੇਂ ਝਟਕੇ ਨਾਲ ਹੇਠਾਂ ਝੁਕ ਕੇ ਸਾਮਾਨ ਨਾ ਚੁੱਕੋ।
- ਕੰਮ ਕਰਦੇ ਸਮੇਂ ਜ਼ਰੂਰੀ ਸਾਮਾਨ ਨਾਲ ਲੈ ਕੇ ਬੈਠੋ, ਜਿਵੇਂ ਫਾਈਲਾਂ, ਟ੍ਰੇਅ, ਪੈੱਨ, ਡਾਇਰੀ, ਪਿੰਨ, ਪੈਨਸਿਲ ਆਦਿ।
- ਲਗਾਤਾਰ ਪੜ੍ਹਦੇ-ਲਿਖਦੇ ਸਮੇਂ ਕੁਝ ਸਮੇਂ ਬਾਅਦ ਥੋੜ੍ਹਾ ਆਰਾਮ ਕਰ ਲਓ। ਹੱਥ, ਪੈਰ ਢਿੱਲੇ ਛੱਡ ਕੇ ਅੱਖਾਂ ਬੰਦ ਕਰ ਲਓ।
- ਜੇ ਪੜ੍ਹਦੇ ਸਮੇਂ ਚਸ਼ਮਾ ਲੱਗਾ ਹੋਵੇ ਤਾਂ ਚਸ਼ਮੇ ਦੀ ਵਰਤੋਂ ਜ਼ਰੂਰ ਕਰੋ, ਨਹੀਂ ਤਾਂ ਅੱਖਾਂ ਹੋਰ ਕਮਜ਼ੋਰ ਹੁੰਦੀਆਂ ਜਾਣਗੀਆਂ।
- ਕਿਸੇ ਸਾਮਾਨ ਦੀ ਲੋੜ ਪੈਣ 'ਤੇ ਵਿਚ-ਵਿਚ ਉੱਠ ਕੇ ਸਾਮਾਨ ਲੈ ਲਓ। ਇਸ ਨਾਲ ਆਰਾਮ ਵੀ ਮਿਲੇਗਾ ਅਤੇ ਸਰੀਰ ਨੂੰ ਇਕ ਮੁਦਰਾ ਤੋਂ ਛੁਟਕਾਰਾ ਵੀ।
- ਆਪਣੇ ਮਿਲਣ-ਜੁਲਣ ਵਾਲੇ ਲੋਕਾਂ ਲਈ ਬੈਠਣ ਦੀ ਉਚਿਤ ਵਿਵਸਥਾ ਜ਼ਰੂਰ ਕਰੋ।
- ਕੁਰਸੀ 'ਤੇ ਜਦੋਂ ਵੀ ਕੰਮ ਕਰਨ ਲਈ ਬੈਠੋ, ਆਪਣੇ

## ਆਪਣੇ ਪੇਟ ਕਿਵੇਂ ਘਟਾਈਏ

ਪੇਟ ਦਾ ਵਧਣਾ ਸ਼ਖ਼ਸੀਅਤ ਅਤੇ ਸਿਹਤ ਦੋਵਾਂ ਲਈ ਹੀ ਉਲਟ ਮੰਨਿਆ ਜਾਂਦਾ ਹੈ। ਪੇਟ ਦੇ ਵਧਣ ਦਾ ਭਾਵ ਹੈ ਕਿ ਕਿਤੇ ਨਾ ਕਿਤੇ ਸਿਹਤ ਅੰਸਤੁਲਿਤ ਜ਼ਰੂਰ ਹੈ। ਪੇਟ ਨਿਕਲਣ ਦੀ ਸਮੱਸਿਆ ਨਾ ਸਿਰਫ਼ ਮਰਦਾਂ ਦੀ ਹੀ ਹੈ ਬਲਕਿ ਇਹ ਸਮੱਸਿਆ ਔਰਤਾਂ ਵਿਚ ਵੀ ਪੈਦਾ ਹੁੰਦੀ ਹੈ। ਕੁਝ ਵਿਅਕਤੀ ਵਧੇ ਹੋਏ ਪੇਟ ਨੂੰ ਸਿਹਤ ਅਤੇ ਸੀਰਤ, ਦੋਵਾਂ ਲਈ ਹੀ ਹਾਨੀਕਾਰਕ ਮੰਨਦੇ ਹਨ।



ਪੇਟ ਨਿਕਲਣ ਦੇ ਬਾਅਦ ਕੁਝ ਵਿਅਕਤੀ ਉਸ ਨੂੰ ਘਟਾਉਣ ਦੀਆਂ ਅਨੇਕਾਂ ਕੋਸ਼ਿਸ਼ਾਂ ਕਰਦੇ ਹਨ ਪਰ ਨਿਰਾਸ਼ਾ ਹੀ ਹੱਥ ਲਗਦੀ ਹੈ। ਸਖ਼ਤ ਮਿਹਨਤ ਅਤੇ ਹੌਸਲੇ ਦੇ ਨਾਲ ਕੀਤੇ ਜਾਣ ਵਾਲੇ ਯਤਨ ਸਾਰਥਕ ਸਿੱਧ ਹੁੰਦੇ ਹਨ। ਪੇਟ ਦੀ ਚਰਬੀ, ਜਿਸ ਨੂੰ ਕਦੀ-ਕਦੀ 'ਸੇਬਤੁਲਿਆ ਵਸਾ' ਵੀ ਕਿਹਾ ਜਾਂਦਾ ਹੈ, ਦਾ ਸਬੰਧ ਦਿਲ ਦੇ ਦੌਰੇ ਨਾਲ ਵੀ ਹੁੰਦਾ ਹੈ। ਇਸ ਨਾਲ ਕੁਝ ਤਰ੍ਹਾਂ ਦੇ ਕੈਂਸਰਾਂ ਦੇ ਹੋਣ ਦਾ ਖ਼ਤਰਾ ਵੀ ਵਧ ਜਾਂਦਾ ਹੈ।

ਜਦੋਂ ਕਦੀ ਵੀ ਅਸੀਂ ਆਪਣੇ ਮੋਟਾਪੇ ਨੂੰ ਘਟਾਉਣ ਦਾ ਨਿਰਣਾ ਲੈਂਦੇ ਹਾਂ ਤਾਂ ਇਸ ਵਿਚੋਂ ਜ਼ਿਆਦਾਤਰ ਲੋਕ ਵੱਡੀਆਂ-ਵੱਡੀਆਂ ਪ੍ਰਤਿੱਗਿਆਵਾਂ ਕਰ ਬੈਠਦੇ ਹਨ, ਜਿਵੇਂ—'ਮੈਂ ਚਰਬੀ ਯੁਕਤ ਭੋਜਨ ਕੁਝ ਵੀ ਨਹੀਂ ਖਾਵਾਂਗਾ ਜਾਂ ਮੈਂ ਹਰ ਰੋਜ਼ ਨਿਯਮਤ ਰੂਪ ਨਾਲ ਕਸਰਤ ਕਰਾਂਗਾ ਆਦਿ' ਪਰ ਸੱਚ ਇਹ ਹੈ ਕਿ ਜਿੱਤ ਹਾਸਲ ਕਰਨ ਵਾਲੇ ਹਮੇਸ਼ਾ ਛੋਟੀਆਂ ਉਪਲਬਧੀਆਂ ਦੇ ਸਹਾਰੇ ਹੀ ਆਪਣੇ ਟੀਚੇ ਤੱਕ ਪਹੁੰਚ ਜਾਂਦੇ ਹਨ। ਇਸ ਤਰ੍ਹਾਂ ਦੇ ਲੋਕ ਕਸਰਤ ਦੀ ਸ਼ੁਰੂਆਤ ਸਵੇਰੇ-ਰਾਤ ਦੇ ਭੋਜਨ ਦੇ ਬਾਅਦ ਆਪਣੇ ਮੁਹੱਲੇ ਦਾ ਪੈਦਲ ਚੱਕਰ ਲਗਾਉਣ ਨਾਲ ਕਰਦੇ ਹਨ।

ਮੋਟਾਪਾ ਘੱਟ ਕਰਨ ਲਈ ਇਕ ਮਹੱਤਵਪੂਰਨ ਬਦਲਾਅ ਇਹ ਵੀ ਕਰੋ ਕਿ ਟੀ. ਵੀ. ਘੱਟ ਦੇਖੋ। ਜਦੋਂ ਤੁਸੀਂ ਟੈਲੀਵਿਜ਼ਨ ਦੇ ਸਾਹਮਣੇ ਬੇਫ਼ਿਕਰ ਹੋ ਕੇ ਬੈਠੇ ਰਹਿੰਦੇ ਹੋ ਤਾਂ ਤੁਹਾਡੀ ਪਾਚਣ ਕਿਰਿਆ ਦੀ ਦਰ ਘਟ ਜਾਂਦੀ ਹੈ।

ਹਮੇਸ਼ਾ ਇਹ ਵੀ ਦੇਖਣ ਵਿਚ ਆਉਂਦਾ ਹੈ ਕਿ ਜਿਹੜੇ ਲੋਕ ਜੰਮ ਕੇ ਖਾਂਦੇ ਹਨ, ਉਹ ਵੀ ਮੋਟੇ ਨਹੀਂ ਹੁੰਦੇ। ਦੂਜੇ ਪਾਸੇ ਘੱਟ ਖਾਣ ਜਾਂ ਵਰਤ ਕਰਦੇ ਰਹਿਣ ਦੇ ਬਾਅਦ ਵੀ ਮੋਟਾਪਾ ਆ ਜਾਂਦਾ ਹੈ। ਇਸ ਤੋਂ ਇਹੀ ਸਿੱਧ ਹੁੰਦਾ ਹੈ ਕਿ ਖਾਣ-ਪੀਣ ਦੇ ਨਾਲ ਮੋਟਾਪੇ ਦਾ ਕੋਈ ਸਬੰਧ ਨਹੀਂ ਹੈ। ਇਹ ਤਾਂ ਸਰੀਰ ਦੀ ਪ੍ਰਕਿਰਤੀ ਅਤੇ ਸੁਭਾਅ ਤੋਂ ਹੀ ਆਉਂਦਾ ਹੈ। 'ਪਰਫੈਕਟ ਫਿੱਗਰ' ਦੇ ਚੱਕਰ ਵਿਚ ਇਸ ਤਰ੍ਹਾਂ ਦੀ ਕੋਈ ਗ਼ਲਤ ਹਰਕਤ ਨਾ ਕਰੋ ਜੋ ਸਰੀਰ ਨੂੰ ਨਕਾਰਾ ਬਣਾ ਦੇਣ ਵਾਲੀ ਸਿੱਧ ਹੋਵੇ।

ਲੋਕਾਂ ਦਾ ਮੰਨਣਾ ਹੈ ਕਿ ਅੰਗੂਰ ਅਤੇ ਟਮਾਟਰ ਚਰਬੀ ਸਾੜਨ ਵਾਲੇ ਹੁੰਦੇ ਹਨ ਜੋ ਕੇਵਲ ਇਕ ਕਲਪਨਾ ਹੀ ਹੈ। ਸ਼ੂਗਰ ਦੇ ਹਾਜ਼ਮੇ ਲਈ ਵਾਧੂ ਕੈਲੋਰੀ ਦੀ ਜ਼ਰੂਰਤ ਹੁੰਦੀ ਹੈ। ਇਸ ਦਾ ਸਿੱਧਾ ਭਾਵ ਹੈ ਕਿ ਹਰੇਕ 100 ਕੈਲੋਰੀ ਖਾਣ 'ਤੇ ਉਸ ਵਿਚੋਂ ਸਿਰਫ਼ 10 ਕੈਲੋਰੀਆਂ ਹੀ ਨਸ਼ਟ ਹੁੰਦੀਆਂ ਹਨ। ਇਸ ਤਰ੍ਹਾਂ ਦੀ ਹਾਲਤ ਵਿਚ ਚਰਬੀ ਤੋਂ ਛੁਟਕਾਰਾ ਪਾਉਣ ਲਈ ਆਪਣੀ ਊਰਜਾ ਨੂੰ ਸਾੜਨ ਦੀ ਜ਼ਰੂਰਤ ਹੁੰਦੀ ਹੈ।

ਇਕ ਸਾਲ ਵਿਚ 30 ਪੌਂਡ ਤੱਕ ਵਜ਼ਨ ਘਟਾ ਲੈਣ ਲਈ ਹਰ ਰੋਜ਼ ਖਾਧੀ ਜਾਣ ਵਾਲੀ ਕੈਲੋਰੀ ਦੀ ਤੁਲਨਾ ਵਿਚ 300 ਕੈਲੋਰੀ ਜ਼ਿਆਦਾ ਸਾੜਨੀ ਹੁੰਦੀ ਹੈ। ਇਸ ਲਈ ਹੌਲੀ ਚਾਲ ਨਾਲ ਦੌੜ ਲਗਾਉਣ ਜਾਂ ਹੋਰ ਕਸਰਤ ਕਰਨਾ ਜ਼ਰੂਰੀ ਹੁੰਦਾ ਹੈ। ਸਾਈਕਲ ਚਲਾਉਣਾ ਜਾਂ ਤੈਰਨ ਵਰਗੀਆਂ ਕਸਰਤਾਂ ਨਾਲ ਚਰਬੀ ਜ਼ਿਆਦਾ ਤੇਜ਼ੀ ਨਾਲ ਸੜਦੀ ਹੈ ਪਰ ਮਾਸਪੇਸ਼ੀਆਂ ਨੂੰ ਮਜ਼ਬੂਤ ਬਣਾਉਣ ਵਾਲੀਆਂ ਭਾਰਤੋਲਕ ਵਰਗੀਆਂ ਕਸਰਤਾਂ ਪਾਚਨ ਭੱਠੀ ਨੂੰ ਭੜਕਾ ਦਿੰਦੀਆਂ ਹਨ।

ਪੇਟ ਨੂੰ ਮੋੜਨ ਵਾਲੇ ਜਾਂ ਉੱਠਣ-ਲੰਮੇ ਪੈਣ ਵਾਲੀਆਂ ਕਸਰਤਾਂ ਕਮਰ ਦੀ ਚਰਬੀ ਨੂੰ ਘਟਾਉਣ ਵਿਚ ਮਦਦ ਕਰਦੀਆਂ ਹਨ। ਚਿਕਨਾਈ ਘੱਟ ਕਰਕੇ ਵਜ਼ਨ ਘਟਾਉਣ ਵਿਚ ਕੁਝ ਸਮਾਂ ਲੱਗ ਸਕਦਾ ਹੈ। ਖੋਜਕਰਤਾਵਾਂ ਦਾ ਅਨੁਮਾਨ ਹੈ ਕਿ ਇਸ ਤਰ੍ਹਾਂ ਕਰਕੇ ਇਕ ਮਹੀਨੇ ਵਿਚ ਸਿਰਫ ਇਕ ਜਾਂ ਦੋ ਪੌਂਡ ਵਜ਼ਨ ਘਟਾਇਆ ਜਾ ਸਕਦਾ ਹੈ। ਨਾਲ ਹੀ ਇਹ ਸੰਭਾਵਨਾ ਵੀ ਰਹਿੰਦੀ ਹੈ ਕਿ ਘਟਿਆ ਹੋਇਆ ਵਜ਼ਨ ਆਸਾਨੀ ਨਾਲ ਦੁਬਾਰਾ ਵੀ ਵਧ ਸਕਦਾ ਹੈ। ਕੁਝ ਮਾਹਰਾਂ ਦਾ ਇਹ ਵੀ ਮੰਨਣਾ ਹੈ ਕਿ ਪੇਟ ਜਿਵੇਂ-ਜਿਵੇਂ ਵਧਦਾ ਹੈ, ਹੋ ਸਕਦਾ ਹੈ ਉਂਜ-ਉਂਜ ਚਿਕਨਾਈਦਾਰ ਭੋਜਨ ਖਾਣ ਦਾ ਜ਼ਾਇਕਾ ਵੀ ਖ਼ਤਮ ਹੁੰਦਾ ਚਲਾ ਜਾਵੇ।

## ਤੰਦਰੁਸਤੀ ਲਈ ਸ਼ਾਕਾਹਾਰ ਅਪਨਾਓ

**ਲੇਖਕ : ਅਨੋਖੀ ਲਾਲ ਕੋਠਾਰੀ**

ਇਹ ਬਿਲਕੁਲ ਸੱਚ ਹੈ, ਇਸ ਵਿਚ ਕੋਈ ਸ਼ੱਕ ਨਹੀਂ ਹੋ ਸਕਦਾ ਕਿ ਕੁਦਰਤੀ ਆਹਾਰ ਸ਼ਾਕਾਹਾਰ ਹੀ ਹੈ। ਵਰਤਮਾਨ ਸੰਦਰਭ ਵਿਚ ਹੀ ਨਹੀਂ, ਸਗੋਂ ਇਤਿਹਾਸਕ ਸਮੇਂ ਜਾਂ ਮਨੁੱਖੀ ਸੱਭਿਅਤਾ ਦੇ ਆਰੰਭ ਤੋਂ ਹੀ ਇਸ ਪਾਸੇ ਧਿਆਨ ਦਈਏ ਤਾਂ ਪਤਾ ਲਗਦਾ ਹੈ ਕਿ ਸ਼ਾਕਾਹਾਰੀ ਸ਼ੁੱਧ ਸਾਤਵਿਕ ਅਤੇ ਕੁਦਰਤੀ ਵਧੀਆ ਕਿਸਮ ਦਾ ਆਹਾਰ ਹੈ। ਵਿਗਿਆਨੀਆਂ ਨੇ ਇਹ ਸਿੱਧ ਕੀਤਾ ਹੈ ਕਿ ਸ਼ਾਕਾਹਾਰੀ ਭੋਜਨ ਵਿਚ ਭੋਜਨ ਤੰਤੂ ਜ਼ਿਆਦਾ ਪਾਏ ਜਾਂਦੇ ਹਨ। ਵਿਗਿਆਨੀਆਂ ਦਾ ਕਹਿਣਾ ਹੈ ਕਿ ਅੰਤੜੀਆਂ ਦੇ ਕੈਂਸਰ ਦਾ ਇਕ ਪ੍ਰਮੁੱਖ ਕਾਰਨ ਮਾਸਾਹਾਰ ਹੈ। ਜੇ ਸ਼ਾਕਾਹਾਰੀ ਭੋਜਨ ਕੀਤਾ ਜਾਵੇ ਤਾਂ ਕਬਜ਼, ਕੋਲੈਸਟ੍ਰੋਲ ਅਤੇ ਹਰਨੀਆਂ ਦੀ ਬਿਮਾਰੀ ਨਹੀਂ ਹੁੰਦੀ। ਬਵਾਸੀਰ ਦੀ ਬਿਮਾਰੀ ਵੀ ਭੋਜਨ ਤੰਤੂਆਂ ਦੀ ਪ੍ਰਚੁਰਤਾ ਨਾਲ ਨਹੀਂ ਹੁੰਦੀ। ਇਸ ਭੋਜਨ ਨਾਲ ਸਰੀਰ ਦੀ ਲੋੜ ਹੀ ਪੂਰੀ ਨਹੀਂ ਹੁੰਦੀ, ਸਗੋਂ ਮਨੁੱਖ ਦਾ ਤਨ ਸਿਹਤਮੰਦ, ਰਿਸ਼ਟ-ਪੁਸ਼ਟ ਅਤੇ ਤੰਦਰੁਸਤ ਹੁੰਦਾ ਹੈ। ਮਾਨਸਿਕ ਤੌਰ 'ਤੇ ਉਸ ਦੀ ਬੁੱਧੀ ਦਾ ਸਮੁੱਚਾ ਵਿਕਾਸ ਵੀ ਚੰਗੀ ਤਰ੍ਹਾਂ ਹੁੰਦਾ ਹੈ। ਕੁਦਰਤੀ ਆਹਾਰ ਨਾਲ ਸਿਰਫ ਮਨੁੱਖ ਨੂੰ ਹੀ ਲਾਭ ਨਹੀਂ ਹੁੰਦਾ, ਸਗੋਂ ਦੂਜੇ ਪ੍ਰਾਣੀ ਜਿਵੇਂ ਸ਼ਾਕਾਹਾਰ ਭੋਜਨ ਲੈਣ ਵਾਲੇ ਜਾਨਵਰਾਂ ਦਾ ਵੀ ਅਧਿਐਨ ਕਰੀਏ ਤਾਂ ਇਹ ਪਤਾ ਲਗਦਾ ਹੈ ਕਿ ਵਾਧੂ ਸ਼ਕਤੀ ਦਾ ਕਾਰਨ ਕੁਦਰਤੀ ਵਣ-ਉਪਜ ਅਤੇ ਸ਼ਾਕਾਹਾਰ ਹਨ। ਉਦਾਹਰਨ ਦੇ ਤੌਰ 'ਤੇ ਕਈ ਪੂਰਨ ਸ਼ਾਕਾਹਾਰੀ ਜੰਗਲੀ ਪਸ਼ੂ ਹਨ। ਸਾਡੇ ਦੇਸ਼ ਭਾਰਤ ਵਿਚ ਤਾਂ ਇਨ੍ਹਾਂ ਦੀ ਲੋੜ ਹੈ ਹੀ ਪਰ ਹੋਰ ਦੇਸ਼ਾਂ ਵਿਚ ਖਾਸ ਕਰਕੇ ਪੱਛਮ ਦੇ ਪੂਰਨ ਵਿਕਸਤ ਅਤੇ ਖੁਸ਼ਹਾਲ ਲੋਕਾਂ ਨੇ ਵੀ ਸ਼ਾਕਾਹਾਰ ਨੂੰ ਅਪਣਾ ਕੇ ਇਸ ਦੇ ਮਹੱਤਵ ਨੂੰ ਮੰਨਿਆ ਹੈ, ਕਿਉਂਕਿ ਸ਼ਾਕਾਹਾਰੀ ਭੋਜਨ ਦਵਾਈ ਅਤੇ ਸੰਤੁਲਤ ਆਹਾਰ ਦਾ ਵੀ ਕੰਮ ਕਰਦਾ ਹੈ। ਸ਼ਾਕਾਹਾਰ ਕੁਦਰਤੀ ਪਧਤੀ ਹੈ ਅਤੇ ਕੁਦਰਤ ਦੁਆਰਾ ਪ੍ਰਦਾਨ ਕੀਤੀ ਗਈ ਹਰੇਕ ਸੰਪਤੀ ਪ੍ਰਭਾਵਸ਼ਾਲੀ ਪ੍ਰਭਾਵ ਪ੍ਰਗਟ ਕਰਦੀ ਹੈ। ਸ਼ਾਕਾਹਾਰ ਵਿਚ ਸਾਰੇ ਰਸਾਇਣਿਕ ਅਤੇ ਭੌਤਿਕ ਤੱਤਾਂ ਦਾ ਸਮਾਵੇਸ਼ ਹੈ, ਜੋ ਮਨੁੱਖੀ ਜੀਵਨ ਲਈ ਬਹੁਤ ਜ਼ਰੂਰੀ ਹਨ। ਸ਼ਾਕਾਹਾਰੀ ਮਨੁੱਖ ਇਕ ਮਾਸਾਹਾਰੀ ਦੇ ਮੁਕਾਬਲੇ ਜ਼ਿਆਦਾ ਸਮੇਂ ਤੱਕ ਜਿਊਂਦਾ ਹੈ। ਸ਼ਾਕਾਹਾਰ ਨਾਲ ਤਨ, ਮਨ ਸਦਾ ਤੰਦਰੁਸਤ ਅਤੇ ਨਿਰੋਗ ਰਹਿੰਦਾ ਹੈ। ਸ਼ਾਕਾਹਾਰ ਨਾਲ ਮਨ, ਦਿਮਾਗ ਵਿਕਾਰਾਂ ਤੋਂ ਰਹਿਤ ਹੁੰਦਾ ਹੈ। ਸ਼ਾਕਾਹਾਰੀ ਕਦੇ ਵਿਘਟਨ ਦਾ ਰਾਹ ਨਹੀਂ ਅਪਣਾਉਂਦਾ ਹੈ। ਇਸ ਲਈ ਹਰੇਕ ਵਿਅਕਤੀ ਨੂੰ ਜੀਵਨ ਵਿਚ ਸਫ਼ਲ ਹੋਣ ਲਈ ਸ਼ਾਕਾਹਾਰ ਨੂੰ ਅਪਣਾਉਣਾ ਚਾਹੀਦਾ ਹੈ ਅਤੇ ਦੂਜੇ ਲੋਕਾਂ ਨੂੰ ਵੀ ਉਸ ਦੇ ਲਾਭਾਂ ਬਾਰੇ ਦੱਸਣਾ ਚਾਹੀਦਾ ਹੈ। ਸ਼ਾਕਾਹਾਰ ਨਾਲ ਦਿਲ ਦੇ ਰੋਗਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਬਹੁਤੇ ਵਿਅਕਤੀ ਜੋ ਦਿਲ ਦੇ ਰੋਗਾਂ ਦੀ ਰੋਕਥਾਮ ਕਰ ਸਕਦੇ ਹਨ, ਜੇ ਉਹ ਚਰਬੀ ਰਹਿਤ ਅਤੇ ਕੋਲੈਸਟ੍ਰੋਲ ਰਹਿਤ ਭੋਜਨ ਕਰਨ ਵੱਲ ਵਿਸ਼ੇਸ਼ ਧਿਆਨ ਦੇਣ। ਜੇ ਇਸ ਦਾ ਪਾਲਣ ਨਹੀਂ ਕੀਤਾ ਤਾਂ ਦਿਲ ਦੀਆਂ ਨਾੜੀਆਂ ਤੰਗ ਹੋ ਜਾਂਦੀਆਂ ਹਨ, ਜਿਸ ਨਾਲ ਖ਼ੂਨ ਦਾ ਪ੍ਰਵਾਹ ਬੰਦ ਹੋ ਜਾਂਦਾ ਹੈ। ਇਹੀ ਦਿਲ ਦੇ ਦੌਰੇ ਦਾ ਮੁੱਖ ਕਾਰਨ ਹੈ। ਤੰਦਰੁਸਤ ਅਤੇ ਚੁਸਤ ਰਹਿਣਾ ਹੈ ਤਾਂ ਮਾਸਾਹਾਰ ਤੋਂ ਦੂਰ ਰਹੋ, ਹਰੀਆਂ ਸਬਜ਼ੀਆਂ ਦਾ ਸੂਪ ਪੀਓ। ਜੇ ਅਸੀਂ ਕਈ ਸਾਲਾਂ ਤੱਕ ਜਿਊਣਾ ਹੈ ਤਾਂ ਸ਼ਾਕਾਹਾਰ ਅਤੇ ਕੁਦਰਤੀ ਆਹਾਰ ਨੂੰ ਅਪਣਾਉਣਾ ਚਾਹੀਦਾ ਹੈ।

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113

# ਰਾਸ਼ਨ ਕਾਰਡ






ਸੱਥ 'ਚ ਆਉਂਦਿਆਂ ਹੀ ਨਾਥਾ ਅਮਲੀ ਬਾਬੇ ਸੁਦਾਗਰ ਸਿਉਂ ਦਾ ਹਾਲ ਚਾਲ ਪੁੱਛਦਾ ਬਾਬੇ ਨੂੰ ਬੋਲਿਆ, ''ਕਿਉਂ ਬਾਬਾ! ਤੂੰ ਤਾਂ ਸੈਂਕੜੇ ਨੂੰ ਟੱਪ ਗਿਆ ਹੋਏਂਗਾ ਕੁ ਨਹੀਂ?''

ਅਮਲੀ ਦੀ ਗੱਲ ਸੁਣ ਕੇ ਬਾਬੇ ਦੇ ਕੋਲ ਬੈਠਾ ਦਿਆਲਾ ਬੁੜ੍ਹਾ ਅਮਲੀ ਨੂੰ ਟਿੱਚਰ 'ਚ ਕਹਿੰਦਾ, ''ਕੀ ਗੱਲਾਂ ਕਰਦੈਂ ਅਮਲੀਆ ਤੂੰ। ਹਜੇ ਕਿੱਥੇ ਹੋ ਗਿਆ ਸੈਂਕੜੇ ਦਾ ਇਹੇ। ਹਜੇ ਤਾਂ ਸੱਤਰਾਂ ਪੰਜੱਤਰਾਂ ਨੂੰ ਕਿਤੇ ਜਾ ਕੇ ਸੈਂਕੜੇ ਦਾ ਹੋਣੈ। ਤੂੰ ਹੁਣੇ ਹੀ ਸਦੀ ਨੂੰ ਹੱਥ ਲੁਆਈ ਜਾਨੈ ਇਹਦਾ। ਡੀਲ ਡੌਲ ਤਾਂ ਵੇਖ ਸਦਗਰ ਸਿਉਂ ਦੀ। ਸਰੀਰ ਦਾ ਪਿਆ ਨਾ ਆੜ੍ਹਤੀਆਂ ਦੇ ਗੋਲ ਜੇ ਸਰ੍ਹਾਣੇ ਅਰਗਾ।''

ਬਾਬੇ ਸੁਦਾਗਰ ਸਿਉਂ ਨੇ ਵੀ ਲਈ ਫਿਰ ਵਾਰੀ। ਅਮਲੀ ਨੂੰ ਕਹਿੰਦਾ, ''ਨਾਥਾ ਸਿਆਂ ਲੱਗ ਗਿਆ ਪਤਾ ਮੇਰੀ ਉਮਰ ਦਾ ਕੁ ਨਹੀਂ?''

ਤਾਸ਼ ਖੇਡੀ ਜਾਂਦਿਆਂ ਦੀ ਢਾਣੀ ਦੇ ਰੌਲ਼ੇ 'ਚੋਂ ਸੀਤਾ ਮਰਾਸੀ ਅਮਲੀ ਨੂੰ ਬੋਲਿਆ, ''ਅਮਲੀਆ ਸੌ ਨੰਬਰੀ ਸੀਫ ਅਰਗੈ ਬਾਬਾ ਸਦਾਗਰ ਸਿਉਂ। ਸਾਰੇ ਪਿੰਡ 'ਚੋਂ ਵੱਡਾ ਹੋਊ।''

ਨਾਥਾ ਅਮਲੀ ਸੀਤੇ ਮਰਾਸੀ ਦੀ ਗੱਲ ਸੁਣ ਕੇ ਕਹਿੰਦਾ, ''ਉਮਰ ਤਾਂ ਮੈਂ ਬਾਬੇ ਦੀ ਪੁੱਛੀ ਐ, ਪੁੱਛੀ ਵੀ ਬਾਬੇ ਤੋਂ ਐਂ। ਤੁਸੀਂ ਪਤੰਦਰੋ ਵਾਧੂ ਦੇ ਵਕੀਲ ਬਣੀ ਜਾਨੇ ਐਂ ਬਾਬੇ ਦੇ। ਆਹ ਤਾਇਆ ਦਿਆਲਾ ਹੋਰ ਈ ਗੋਰਖ ਧੰਦੇ ਜੇ 'ਚ ਉਮਰ ਦੱਸੀ ਜਾਂਦੈ। ਅਕੇ ਸੱਤਰੇ ਬਹੱਤਰੇ ਨੂੰ ਸੈਂਕੜੇ ਦਾ ਹੋਊਗਾ। ਤਾਏ ਦਿਆਲੇ ਦੀ ਇਹ ਪਾੜ੍ਹਤ ਤਾਂ ਮੈਨੂੰ ਇਉਂ ਲੱਗਦੈ ਬਈ ਕਿਸੇ ਵਕੀਲ ਤੋਂ ਪੁੱਛਣੀ ਪਊ। ਮਰਾਸੀ ਬਾਬੇ ਨੂੰ ਸਾਰੇ ਪਿੰਡ 'ਚੋਂ ਵੱਡਾ ਗਿਣੀ ਜਾਂਦੈ। ਕੀ ਪਤਾ ਲੱਗੇ ਬਾਬਾ ਕਿੱਡਾ ਕੁ ਹੋ ਗਿਆ। ਹਜੇ ਤਾਂ ਦੋ ਕੁ ਜਾਣੇ ਈਂ ਬੋਲੇ ਐ ਜੇ ਕਿਤੇ ਹੋਰ ਪੰਜ ਚਾਰ ਜਣੇ ਬਾਬੇ ਦੀ ਉਮਰ ਗਿਣਨ ਲੱਗ ਪੇ ਤਾਂ ਖਣੀ ਬਾਬੇ ਨੂੰ ਛਣਕਣੇ ਨਾਲ ਪੋਤੜਿਆਂ ਚੀ ਨਾ ਕਿਤੇ ਖੇਡਣ ਲਾ ਦੇਣ। ਹੱਦ ਈ ਹੋ ਗੀ ਯਾਰ।''

ਮਾਹਲਾ ਨੰਬਰਦਾਰ ਅਮਲੀ ਨੂੰ ਕਹਿੰਦਾ, ''ਅੱਜ ਤਾਂ ਅਮਲੀਆ ਤੇਰੇ ਨਾਲ ਉਹ ਗੱਲ ਹੋਈ ਜਾਂਦੀ ਐ ਜਿਮੇਂ ਕਹਿੰਦੇ ਹੁੰਦੇ ਐ ਬਈ ਸੌ ਦਿਨ ਚੋਰ ਦੇ ਇੱਕ ਦਿਨ ਸਾਧ ਦਾ। ਅੱਗੇ ਤਾਂ ਤੂੰ ਨ੍ਹੀ ਗੱਲ ਕਰਨ ਦਿੰਦਾ ਹੁੰਦਾ ਇਨ੍ਹਾਂ ਨੂੰ, ਅੱਜ ਸਾਰੀ ਸੱਥ ਈ ਤੇਰੇ 'ਤੇ ਢੇਰੀ ਹੋ ਗੀ ਜਿਮੇਂ ਮਰੀ ਵੀ ਕਾਟ੍ਹੋ 'ਤੇ ਫੁੱਲ ਢੇਰੀ ਹੋ ਗੇ ਸੀ। ਜਿੰਨਾਂ ਚਿਰ ਤਾਂ ਕਾਟ੍ਹੋ ਜਿਊਂਦੀ ਹੁੰਦੀ ਐ ਓਨਾਂ ਚਿਰ ਤਾਂ ਕਾਟ੍ਹੋ ਫੁੱਲਾਂ 'ਤੇ ਖੇਡਦੀ ਫਿਰੂ, ਜਦੋਂ ਚੱਲ ਵੱਸਦੀ ਐ, ਉਦੋਂ ਫਿਰ ਫੁੱਲ ਦੱਬ ਲੈਂਦੇ ਐ ਡੁੱਬੜੀ ਨੂੰ। ਉਹ ਗੱਲ ਤੇਰੇ ਨਾਲ ਹੋਈ ਜਾਂਦੀ ਐ ਅੱਜ। ਅੱਜ ਤਾਂ ਸਾਰੀ ਸੱਥ ਈ ਤੇਰੇ ਉੱਤੋਂ ਦੀ ਪਈ ਵੀ ਐ। ਕੋਈ ਨ੍ਹੀ ਹੌਂਸਲਾ ਰੱਖ ਕੱਲ੍ਹ ਨੂੰ ਵੀ ਦਿਨ ਚੜ੍ਹਨਾ ਈਂ ਐਂ। ਕੱਲ੍ਹ ਨੂੰ ਸਹੀ। ਭੋਰਾ ਕੰਡਾ ਵੱਧ ਛਕ ਕੇ ਆਈਂ। ਕੂੰਪ ਰਹੀੜੇ ਆਲੇ ਗੜਦੁੰਬੇ ਨਾਲ ਜੱਫਾ ਲਾਉਣੈ ਕੱਲ੍ਹ ਨੂੰ ਇਨ੍ਹਾਂ ਨਾਲ, ਪੂਰਾ ਕੈਮ ਹੋ ਕੇ ਆਈਂ।''

ਨਾਥਾ ਅਮਲੀ ਟਿੱਚਰਾਂ ਹੁੰਦੀਆਂ ਸੁਣ ਕੇ ਬਾਬੇ ਨੂੰ ਕਹਿੰਦਾ, ''ਮੈਂ ਕਹਿਨਾ ਤਾਈ ਪ੍ਰਤਾਪੀ ਦੀ ਉਮਰ ਵੀ ਬਾਬਾ ਸੈਂਕੜੇ ਨੂੰ ਢੁੱਕਣ ਆਲੀ ਹੋਊਗੀ ਕੁ ਨਹੀਂ। ਤੈਨੂੰ ਤਾਂ ਪਤਾ ਈ ਹੋਊ ਤੇਰੀ ਹਾਣ ਪ੍ਰਮਾਣ ਹੋਣੀ ਐਂ।''

ਬਾਬਾ ਅਮਲੀ ਨੂੰ ਕਹਿੰਦਾ, ''ਤੂੰ ਦੱਸ ਯਾਰ ਤੇਰੀ ਮਾਈ ਦੀ ਕਿੰਨੀ ਉਮਰ ਹੋ ਗੀ?''

ਬਾਬੇ ਨੇ ਅਮਲੀ ਨੂੰ ਇਹ ਗੱਲ ਤਾਂ ਕਰਕੇ ਪੁੱਛੀ ਸੀ ਕਿਉਂਕਿ ਨਾਥੇ ਅਮਲੀ ਦੀ ਬੇਬੇ ਮਕੰਦੋ ਬਾਬੇ ਸੁਦਾਗਰ ਸਿਉਂ ਦੀ ਸਕੇ ਸ਼ਰੀਕੇ ਕਬੀਲੇ 'ਚੋਂ ਭਰਜਾਈ ਲੱਗਦੀ ਸੀ। ਬਾਬੇ ਦੀ ਗੱਲ ਸੁਣ ਕੇ ਨਾਥਾ ਅਮਲੀ ਕਹਿੰਦਾ, ''ਬੇਬੇ ਦੀ ਉਮਰ ਤਾਂ ਬਾਬਾ ਬੇਬੇ ਨੂੰ ਪਤਾ ਹੋਊ ਪਰ ਮੇਰੀ ਉਮਰ ਨੂੰ ਫੁੱਲ ਪੈਣ ਲੱਗ ਗੇ।''

ਮਾਹਲਾ ਨੰਬਰਦਾਰ ਅਮਲੀ ਦੀ ਗੱਲ ਤੋਂ ਹੱਸ ਕੇ ਬੋਲਿਆ, ''ਹਾਹਾਹਾਹਾ, ਆਹ ਕੀ ਓਏ ਅਮਲੀਆ ਫੁੱਲ ਪੈਣ ਆਲੀ ਗੱਲ। ਤੂੰ ਤਾਂ ਪਤੰਦਰਾ ਹੋਰ ਹੀ ਕੱਛ 'ਚੋਂ ਮੂੰਗਲਾ ਕੱਢ ਮਾਰਿਆ।''

ਅਮਲੀ ਮਾਹਲੇ ਨੰਬਰਦਾਰ ਨੂੰ ਕਹਿੰਦਾ, ''ਜਾਹ ਓਏ ਲੂੰਬੜਦਾਰਾ, ਤੂੰ ਵੀ ਗਲੋਟਿਆਂ ਆਲਾ ਬੋਹਟਾ ਈ ਐਂ। ਫੁੱਲ ਪੈਣ ਦਾ ਨ੍ਹੀ ਪਤਾ ਤੈਨੂੰ।''

ਨੰਬਰਦਾਰ ਕਹਿੰਦਾ, ''ਮੈਂ ਕਿਹੜਾ ਗੱਜਣ ਮਾਲੀ ਆਂ ਬਈ ਮੈਨੂੰ ਫੁੱਲਾਂ ਬਾਰੇ ਬਹੁਤਾ ਪਤਾ।''

ਸੀਤਾ ਮਰਾਸੀ ਕਹਿੰਦਾ, ''ਅੱਧ ਪੱਕੜ ਜੀ ਉਮਰ ਨੂੰ ਕਹਿੰਦਾ ਅਮਲੀ ਬਈ ਫੁੱਲ ਪੈਣੇ ਸ਼ੁਰੂ ਹੋ ਗੇ। ਹੋਰ ਤੂੰ ਕਿਤੇ ਸਮਝਿਆ ਬਈ ਅਮਲੀ ਦੇ ਕੰਨਾਂ ਨੱਕ ਨੂੰ ਫੁੱਲ ਲੱਗ ਗੇ?''

ਬਾਬੇ ਸੁਦਾਗਰ ਸਿਉਂ ਨੇ ਅਮਲੀ ਨੂੰ ਪੁੱਛਿਆ, ''ਤੂੰ ਇਉਂ ਦੱਸ ਅਮਲੀਆ ਬਈ ਅੱਜ ਓਧਰਲੇ ਗੁਆੜ ਆਲੀ ਸਟੈਟੀ 'ਚ ਸੰਧੂਰੇ ਬੁੜ੍ਹੇ ਕੇ ਮਿੱਠੂ ਨਾਲ ਕਿਮੇਂ ਗਿਆ ਸੀ। ਰੇਹ ਰੂਹ ਲੈਣ ਗਿਆ ਸੀ ਕੁ ਹੋਰ ਕੰਮ ਸੀ?''

ਅਮਲੀ ਕਹਿੰਦਾ, ''ਸਟੈਟੀ 'ਚ ਕਾਹਦਾ ਜਾਣਾ ਸੀ ਬਾਬਾ, ਗੱਜਣ ਬੁੜ੍ਹੇ ਕੇ ਆਵਦੀ ਕੁੜੀ ਦੇ ਵਿਆਹ ਵੇਲੇ ਖੰਡ ਲੈਣ ਨੂੰ ਮਿੱਠੂ ਕਾ ਰਾਸ਼ਨ ਕਾਰਡ ਲੈ ਕੇ ਗਏ ਸੀ। ਜਦੋਂ ਮਿੱਠੂ ਕਾਰਡ ਲੈਣ ਗਿਆ ਤਾਂ ਕਹਿੰਦੇ ਗੁਆਚ ਗਿਆ। ਮਿੱਠੂ ਨੇ ਸੋਚਿਆ ਬਈ ਚੱਲ ਨਮਾਂ ਬਣਾ ਲੈਨੇ ਆਂ। ਮੈਨੂੰ ਮਿੱਠੂ ਨਾਲ ਲੈ ਗਿਆ ਕਹਿੰਦਾ 'ਆ ਜਾ ਮੁੜਿਆਮਾਂਗੇ। ਮੈਂਤਾਂ ਇਉਂ ਕਰਕੇ ਓਹਦੇ ਨਾਲ ਗਿਆ ਸੀ ਮੈਂ ਤਾਂ ਕੀ ਤਾਰਾ ਮੀਰਾ ਲੈਣਾ ਸੀ ਸਟੈਟੀ 'ਚੋਂ।''

ਸੀਤੇ ਮਰਾਸੀ ਨੇ ਪੁੱਛਿਆ, ''ਰਾਸ਼ਨ ਕਾਰਡ ਬਣਦੇ ਐ?''

ਨਾਥੇ ਅਮਲੀ ਨੇ ਮਰਾਸੀ ਨੂੰ ਪੁੱਛਿਆ, ''ਤੂੰ ਬਣਾਉਣੈ ਰਾਸ਼ਨ ਕਾਰਡ?''

ਬੁੱਘਰ ਦਖਾਣ ਕਹਿੰਦਾ, ''ਰਾਸ਼ਨ ਕਾਰਡ ਬਣਦੇ ਤਾਂ ਹੈ, ਪਰ ਟੈਮ ਲੱਗਦੈ।''

ਨਾਥਾ ਅਮਲੀ ਕਹਿੰਦਾ, ''ਆਹ ਇੱਕ ਨਮੀਂ ਜੀ ਪਾਲਟੀ ਉੱਠੀ ਐ, ਕਹਿੰਦੇ ਉਹ ਘਰੇ ਆ ਕੇ ਬਣਾ ਦਿੰਦੇ ਐ ਪਤਾ ਨ੍ਹੀ ਸੱਚੀ ਐ ਗੱਲ ਕੁ ਉਈਂ ਜਭਲੀਆਂ ਈ ਮਾਰੀ ਜਾਂਦੇ ਐ।''

ਬਾਬੇ ਸੁਦਾਗਰ ਸਿਉਂ ਨੂੰ ਇਸ ਗੱਲ ਦਾ ਪਤਾ ਸੀ ਜਿਹੜੀ ਨਾਥੇ ਅਮਲੀ ਨੇ ਰਾਸ਼ਨ ਕਾਰਡ ਵਾਲੀ ਕਹੀ ਸੀ। ਬਾਬੇ ਨੇ ਅਮਲੀ ਨੂੰ ਘੂਰਦਿਆਂ ਕਿਹਾ, ''ਚੁੱਪ ਕਰ ਓਏ ਅਮਲੀਆ, ਹੋਰ ਕੋਈ ਗੱਲ ਕਰੋ'।''

ਬਾਬੇ ਨੂੰ ਪਤਾ ਸੀ ਕਿ ਜੇ ਕਿਤੇ ਰਾਸ਼ਨ ਕਾਰਡ ਵਾਲੀ ਰੀਲ੍ਹ ਅਮਲੀ ਦੇ ਮੂੰਹ 'ਤੇ ਚੜ੍ਹ ਗਈ ਤਾਂ ਅਮਲੀ ਨੇ ਸਾਰੀ ਗੱਲ ਦਾ ਇਉ 'ਪ੍ਰੇਸ਼ਨ ਕਰ ਦੇਣਾ ਜਿਮੇਂ ਸਿਰ 'ਚੋਂ ਜੂੰਆਂ ਕੱਢਣ ਵਾਲੀ ਸਿਰ ਫਰੋਲ ਕੇ ਰੱਖ ਦਿੰਦੀ ਹੈ।

ਮਾਹਲਾ ਨੰਬਰਦਾਰ ਅਮਲੀ ਨੂੰ ਕਹਿੰਦਾ, ''ਅਮਲੀਆ ਤੂੰ ਰਾਸ਼ਨ ਕਾਰਡ ਨੂੰ ਛੱਡ ਪਰ੍ਹੇ, ਆਹ ਜਿਹੜਾ ਝਾੜੂ ਆਲਿਆਂ ਦਾ ਬਾਘੇ ਆਲੇ 'ਕੱਠ ਹੋਇਆ ਸੀ ਕਹਿੰਦੇ ਉੱਥੇ ਤਾਂ ਅੱਧੋਂ ਵੱਧ ਲੋਕਾਂ ਨੂੰ ਪਤਾ ਈ ਨ੍ਹੀ ਲੱਗਿਆ ਬਈ ਕਿਹੜਾ ਲੀਡਰ ਆਇਆ ਸੀ ਤੇ ਕੀ ਬੋਲ ਗਿਆ। ਤੂੰ ਵੀ ਗਿਆ ਸੀ ਉੱਥੇ ਕੁ ਨਹੀਂ?''

ਅਮਲੀ ਕਹਿੰਦਾ, ''ਗਿਆ ਤਾਂ ਮੈਂ ਵੀ ਸੀ, ਪਰ ਆਪਾਂ ਨੂੰ ਤਾਂ ਨਾ ਜਾਣ 'ਚ ਫਾਇਦਾ ਹੋਣਾ ਸੀ। ਉੱਥੇ ਜਾ ਕੇ ਤਾਂ ਭੁੱਖੇ ਈ ਮਰੇ।''

ਸੀਤਾ ਮਰਾਸੀ ਕਹਿੰਦਾ, ''ਜਿਹੜੇ ਨਹੀਂ ਗਏ ਸੀ ਉਨ੍ਹਾਂ ਦੇ ਕਿਹੜਾ ਸਿਰ 'ਤੇ ਕਿਸੇ ਨੇ ਕਲਗੀ ਲਾ 'ਤੀ।''

ਬਾਬਾ ਸੁਦਾਗਰ ਸਿਉਂ ਕਹਿੰਦਾ, ''ਜਿਹੜੇ ਗਏ ਸੀ ਉਹ ਵੀ ਪਛਤਾਉਂਦੇ ਐ ਜਿਹੜੇ ਨਹੀਂ ਗਏ ਉਹ ਵੀ। ਕੀ ਬੁੱਝੀਏ ਯਾਰ?''

ਨਾਥਾ ਅਮਲੀ ਕਹਿੰਦਾ, ''ਜਿਹੜੇ ਤਾਂ ਬਾਬਾ ਮੇਰੇ ਅਰਗੇ ਗਏ ਸੀ ਉਹ ਤਾਂ ਧੱਕੇ ਖਾ ਕੇ ਮੁੜਿਆਏ, ਦਿਸਿਆ ਦੁਸਿਆ ਉਨ੍ਹਾਂ ਨੂੰ ਕੁਸ ਨ੍ਹੀ। ਜਿਹੜੇ ਨਹੀਂ ਗਏ ਉਨ੍ਹਾਂ ਨੂੰ ਸ਼ਰਾਬ ਮਿਲੀ ਪੀਣ ਨੂੰ ਨਾਲੇ ਦੋ-ਦੋ ਚਾਰ-ਚਾਰ ਸੈ ਰਪੀਆ ਮਿਲਿਆ।''

ਬਾਬੇ ਸੁਦਾਗਰ ਸਿਉਂ ਨੇ ਹੈਰਾਨੀ ਨਾਲ ਪੁੱਛਿਆ, ''ਉਹ ਕਿਮੇਂ ਅਮਲੀਆ?''

ਨਾਥਾ ਅਮਲੀ ਕਹਿੰਦਾ, ''ਆਪਣੇ ਪਿੰਡ ਆਲੇ ਆਹ ਘੁੱਲੇ ਸਰਪੈਂਚ ਅਰਗਿਆਂ ਨੇ ਦੋਨਾਂ ਤਿੰਨਾਂ ਵਿਹੜਿਆਂ ਆਲਿਆਂ ਨੂੰ ਸ਼ਰਾਬ ਦੇ ਡੱਬੇ ਵੀ ਵੰਡੇ ਐ ਨਾਲ ਰਪੀਏ ਵੀ ਦਿੱਤੇ ਐ ਬਈ ਤੁਸੀਂ ਐਥੇ ਘਰੇ ਬਹਿ ਪੀਉ, ਉੱਥੇ ਨਾ ਜਾਇਉ। ਜਦੋਂ ਘੁੱਲਾ ਸਰਪੈਂਚ ਦੂਹੇ ਹਰੀਜਨ ਨੂੰ ਸ਼ਰਾਬ ਦੇਣ ਗਿਆ ਤਾਂ ਦੂਹੇ ਦੀ ਘਰ ਆਲੀ ਤੋਤੋ ਨੂੰ ਕਹਿੰਦਾ 'ਬੁੜ੍ਹੀਆਂ ਸ਼ਰਾਬ ਨ੍ਹੀ ਪੀਂਦੀਆਂ ਇਸ ਕਰਕੇ ਬੁੜ੍ਹੀਆਂ ਨੂੰ ਅਸੀਂ ਦੋ-ਦੋ ਸੈ ਰਪੀਏ ਦਿੰਨੇ ਆਂ। ਦੋ ਸੈ ਰਪੀਆ ਫੜ੍ਹ ਕੇ ਤੋਤੋ ਸਰਪੈਂਚ ਨੂੰ ਕਹਿੰਦੀ 'ਤੇ ਜਿਹੜੇ ਦੋ ਜੁਆਕ ਐ ਸਾਡੇ ਉਨ੍ਹਾਂ ਨੂੰ ਵੀ ਕੁਸ ਦਿਉ'। ਸਰਪੈਂਚ ਦੇ ਨਾਲ ਗਏ ਜੱਗੇ ਬਿੰਬਰ ਨੇ ਝੋਲੇ 'ਚੋਂ ਦੋ ਛਣਕਣੇ ਕੱਢ ਕੇ ਫੜਾ 'ਤੇ ਤੋਤੋ ਨੂੰ। ਕਹਿੰਦਾ 'ਲੈ ਜੁਆਕਾਂ ਨੂੰ ਆਹ ਦੇ ਦੀਂ'।''


ਬਾਬਾ ਅਮਲੀ ਤੋਂ ਛਣਕਣਿਆਂ ਬਾਰੇ ਸੁਣ ਕੇ ਹੱਸ ਕੇ ਕਹਿੰਦਾ, ''ਅਮਲੀਆ ਆਹ ਤਾਂ ਤੂੰ ਨਮੀਉਂ ਈ ਗੱਲ ਸਣਾ 'ਤੀ ਬਈ।''

ਅਮਲੀ ਕਹਿੰਦਾ, ''ਹੋਰ ਸੁਣ ਲਾ ਬਾਬਾ ਸਿਆਂ! ਗੱਲ ਤਾਂ ਇਉਂ ਕਰਦੇ ਆਂ ਬਈ ਜੀਹਨੇ ਵੋਟਾਂ ਲੈਣੀਆਂ ਹੁੰਦੀਆਂ ਉਹ ਤਾਂ ਸ਼ਰਾਬਾਂ ਪਿਆਉਂਦੇ, ਪੈਸੇ ਤੇ ਹੋਰ ਨਿੱਕਸੁੱਕ ਵੰਡਦੇ ਵੇਖੇ ਐ, ਆਹ ਹੁਣ ਇੱਕ ਦੂਜੇ ਦੀ ਰੈਲੀ 'ਚ ਜਾਣ ਤੋਂ ਰੋਕਣ ਲਈ ਵੀ ਐਹੋ ਜਾ ਕੁਸ ਕਰਨ ਲੱਗ ਪੇ। ਆਹ ਚੜ੍ਹਦੇ ਪਾਸੇ ਆਲੇ ਵਿਹੜੇ ਆਲਿਆਂ ਨੂੰ ਜਦੋਂ ਪਤਾ ਲੱਗਿਆ ਬਈ ਘੁੱਲਾ ਸਰਪੈਂਚ ਘਰੇ ਰਹਿਣ ਦਾ ਸਮਾਨ ਵੰਡਦਾ ਫਿਰਦਾ ਤਾਂ ਧੰਨ੍ਹੇ ਮਜ੍ਹਬੀ ਦੇ ਨਿੱਕੇ-ਨਿੱਕੇ ਛੀ ਸੱਤ ਜੁਆਕ ਐ, ਹੈ ਵੀ ਸਾਰੇ ਮੁੰਡੇ ਈ। ਧੰਨੇ ਦੀ ਘਰ ਆਲੀ ਫੰਭੀ ਨੇ ਸਰਪੈਂਚ ਦੇ ਆਉਂਦੇ ਨੂੰ ਜੁਆਕਾਂ ਦੀਆਂ ਨੀਕਰ ਲਾਹ ਕੇ ਜੁਆਕ ਦਰਾਂ 'ਚ ਇਉਂ ਖੜ੍ਹਾਅ 'ਤੇ ਜਿਮੇਂ ਕਿਸੇ ਲੀਡਰ ਦੀ ਆਉ ਭਗਤ ਵੇਲੇ ਲੋਕ ਖੜ੍ਹੇ ਹੁੰਦੇ ਐ। ਪੰਜ ਸੱਤ ਜੁਆਕ ਆਂਢ ਗੁਆਂਢ ਦੇ ਆ ਗੇ। ਬਾਰਾਂ ਤੇਰਾਂ ਜੁਆਕ ਨੰਗ ਧੜੰਗੇ ਦਰਾਂ ਮੂਹਰੇ ਬੀਹੀ ਇਉਂ ਰੋਕੀ ਖੜ੍ਹੇ ਜਿਮੇਂ ਜੰਨ ਰੋਕਣ ਨੂੰ ਕੁੜੀਆਂ ਬਾਰ ਰੋਕੀ ਖੜ੍ਹੀਆਂ ਹੁੰਦੀਐਂ। ਜਦੋਂ ਸਰਪੈਂਚ ਅਰਗੇ ਧੰਨ੍ਹੇ ਕਿਆਂ ਆਲੀ ਬੀਹੀ 'ਚ ਵੜ੍ਹੇ ਤਾਂ ਸਰਪੈਂਚ ਅਰਗੇ ਆਪ ਨ੍ਹੀ ਸੀ ਓਨੇ ਸਮਾਨ ਵੰਡਣ ਆਲੇ ਜਿੰਨੇ ਮੂਹਰੇ ਜੁਆਕ ਨੰਗ ਧੜੰਗੇ ਖੜ੍ਹੇ ਸੀ। ਜਦੋਂ ਸਰਪੈਂਚ ਨੇ ਨੇੜੇ ਆ ਕੇ ਪੁੱਛਿਆ ਬਈ ਤੁਸੀਂ ਕਿਮੇਂ ਖੜ੍ਹੇ ਐਂ ਓਏ। ਜੁਆਕ ਬਾਬਾ ਘਰਦਿਆਂ ਦੇ ਸਖਾਏ ਵੇ ਸੀ। ਜੁਆਕ ਕਹਿੰਦੇ 'ਸਾਨੂੰ ਨੀਕਰਾਂ ਝੱਗੇ ਦਿਉ, ਪੈਰਾਂ 'ਚ ਪਾਉਣ ਨੂੰ ਮੌਜੇ ਦਿਉ ਤਾਂ ਨੰਘਣ ਦੇਮਾਂਗੇ। ਜੁਆਕਾਂ ਨੂੰ ਬਾਬਾ ਵੀਹ-ਵੀਹ ਪੰਜਾਹ-ਪੰਜਾਹ ਰਪੀਏ ਦਿੱਤੇ। ਤਾਂ ਕਰਕੇ ਜੁਆਕ ਪਾਸੇ ਹੋਏ। ਆਂਏਂ ਤਾਂ ਬਾਬਾ ਕੱਲ੍ਹ ਹੋਈ ਸਰਪੈਂਚ ਅਰਗਿਆਂ ਨਾਲ। 'ਕੱਠ ਫੇਰ ਵੀ ਜਰਗ ਦੇ ਮੇਲੇ ਨਾਲੋਂ ਬਾਹ਼ਲਾ ਹੋ ਗਿਆ ਸੀ।''

ਸੀਤਾ ਮਰਾਸੀ ਮਖੌਲ 'ਚ ਕਹਿੰਦਾ, ''ਜੇ ਕਿਤੇ ਝਾੜੂ ਆਲਿਆ ਵੱਲੋਂ ਇੱਕ ਦੋ ਵਾਰ ਹੋਰ 'ਕੱਠ ਕਰਨ ਦੀ 'ਵਾਜ ਆ ਗੀ ਤਾਂ ਖਣੀ ਵੱਡੇ ਬੰਦੇ ਵੀ ਨਾ ਕਿਤੇ ਝੱਗੇ ਸੁੱਥੂ ਲਾਹ ਖੜ੍ਹ ਜਾਣ। ਫੇਰ ਸੰਭਲਣਾ ਔਖਾ ਹੋ ਜੂ।'' ਮਰਾਸੀ ਦੀ ਗੱਲ ਸੁਣ ਕੇ ਬਾਬਾ ਸੁਦਾਗਰ ਸਿਉਂ ਮਰਾਸੀ ਨੂੰ ਘੂਰ ਕੇ ਬੋਲਿਆ, ''ਚੁੱਪ ਨ੍ਹੀ ਕਰਦਾ ਮੀਰ ਓਏ। ਤੁਸੀਂ ਤਾਂ ਯਾਰ ਬਾਹ਼ਲਾ ਈ ਗਾਹਾਂ ਵਧਦੇ ਜਾਨੇਂ ਐ। ਚੱਲੋ ਉੱਠੋ ਘਰਾਂ ਨੂੰ ਚੱਲੋ। ਐਮੇਂ ਹੋਰ ਪੰਗਾ ਖੜ੍ਹਾ ਕਰੋਂਗੇ।''

ਬਾਬੇ ਦਾ ਦੱਬਕਾ ਸੁਣ ਕੇ ਸੱਥ ਵਾਲੇ ਸਾਰੇ ਸੱਥ 'ਚੋਂ ਉੱਠ ਕੇ ਆਪਣੇ ਘਰਾਂ ਨੂੰ ਇਉ ਚੱਲ ਪਏ ਜਿਮੇਂ ਉਹ ਵੀ ਕਿਸੇ 'ਕੱਠ 'ਚੋਂ ਆਏ ਹੋਣ।

JARNAIL SINGH



ART CLASSES
‣ 604-825-4659
‣ 604-724-6922
‣ 604-595-5885
#106- 12882-85 Ave. Surrey

# ਦੇਸੀ ਤੜਕਾ

## ਕਮਾਲ ਦੀ ਸਿਹਤਵਰਧਕ ਰੈਸਿਪੀ

# ਸਾਗ



**ਸਮੱਗਰੀ**

- ਸਰੋਂ ਦਾ ਸਾਗ - 500 ਗ੍ਰਾਮ,
- ਪਾਲਕ 150 ਗ੍ਰਾਮ,
- ਬਾਥੂ 100 ਗ੍ਰਾਮ,
- ਟਮਾਟਰ 250 ਗ੍ਰਾਮ,
- ਪਿਆਜ਼ 1 (ਬਰੀਕ ਕਟਿਆ),
- ਲੱਸਣ 5 ਕਲੀਆਂ (ਬਰੀਕ ਕਟਿਆ),
- ਹਰੀ ਮਿਰਚ 2,
- ਅਦਰਕ 1 ਵੱਡੇ ਟੁਕੜੇ,
- ਸਰੋਂ ਦਾ ਤੇਲ 2 ਵੱਡੇ ਚੱਮਚ,
- ਬਟਰ/ਘਿਓ 2 ਵੱਡੇ ਚੱਮਚ,
- ਹਿੰਗ 2 ਚੁਟਕੀ,
- ਜੀਰਾ 1/2 ਛੋਟਾ ਚਮਚ,
- ਹਲਦੀ ਪਾਊਡਰ 1/4 ਛੋਟਾ ਚਮਚ,
- ਮੱਕੀ ਦਾ ਆਟਾ 1/4 ਕਪ,
- ਲਾਲ ਮਿਰਚ 1/4 ਛੋਟਾ ਚਮਚ,
- ਲੂਣ ਸਵਾਦ ਅਨੁਸਾਰ।

ਸਰਦੀਆਂ 'ਚ ਸਰੌਂ ਦਾ ਸਾਗ ਅਤੇ ਮੱਕੀ ਦੀ ਰੋਟੀ ਹਰ ਕਿਸੇ ਨੂੰ ਚੰਗੀ ਲੱਗਦੀ ਹੈ। ਪਰ ਜਦੋਂ ਅਸੀਂ ਘਰ ਸਾਗ ਬਣਾਉਂਦੇ ਹਾਂ ਤਾਂ ਇਸ ਦਾ ਸੁਆਦ ਪੂਰੀ ਤਰ੍ਹਾਂ ਨਹੀਂ ਮਿਲ ਪਾਉਂਦਾ। ਆਓ ਜਾਣਦੇ ਹਾਂ ਸਾਗ ਨੂੰ ਹੋਰ ਵਧੀਆ ਤਰੀਕੇ ਨਾਲ ਬਣਾਉਣ ਦਾ ਤਰੀਕਾ। ਸਰੌਂ, ਪਾਲਕ ਅਤੇ ਬਾਥੂ ਦੇ ਪੱਤਿਆਂ ਨੂੰ ਸਾਫ ਕਰਕੇ ਛਾਨਣੀ 'ਚ ਟੇਡਾ ਕਰਕੇ ਰੱਖ ਦਿਓ, ਤਾਂ ਜੋ ਫਾਲਤੂ ਪਾਣੀ ਨਿਕਲ ਜਾਏ।

ਵਿਧੀ :- ਸਰੌਂ, ਪਾਲਕ ਅਤੇ ਬਾਥੂ ਦੇ ਜ਼ਿਆਦਾ ਮੋਟੇ ਡੰਡਲ ਦਾ ਇਸਤੇਮਾਲ ਨਾ ਕਰੋ। ਸਾਗ ਬਣਾਉਣ ਲਈ ਮੱਕੀ ਦੇ ਆਟੇ ਨੂੰ ਭੁਨਣ ਦੀ ਬਜਾਏ ਕੱਚਾ ਹੀ ਘੋਲ ਕੇ ਉਸ ਸਮੇਂ ਮਿਲਾ ਸਕਦੇ ਹੋ, ਜਦੋਂ ਪੱਤੇ ਚੰਗੀ ਤਰ੍ਹਾਂ ਉਬਲ ਕੇ ਤਿਆਰ ਹੋ ਜਾਣ। ਸਾਗ 'ਚ ਉਬਾਲ ਆਉਣ ਤੋਂ ਬਾਅਦ 20-25 ਮਿੰਟ ਤੱਕ ਪਕਾਓ ਅਤੇ ਥੋੜ੍ਹੀ-ਥੋੜ੍ਹੀ ਦੇਰ ਬਾਅਦ ਇਸ ਨੂੰ ਚਲਾਉਂਦੇ ਰਹੋ। ਮੋਟੇ ਭਾਰੇ ਚਮਚ ਦੇ ਨਾਲ ਇਸ ਨੂੰ ਘੋਟੋ। ਜਦੋਂ ਸਬਜ਼ੀ ਚੰਗੀ ਤਰ੍ਹਾਂ ਘੁਲ ਕੇ ਤਿਆਰ ਹੋ ਜਾਏ ਉਸ ਤੋਂ ਬਾਅਦ ਹੀ ਇਸ ਤੇ ਤੜਕਾ ਪਾਓ।

ਮੱਕੀ ਦੇ ਆਟੇ ਨੂੰ ਭੁੰਨ ਕੇ ਪਾਉਣ ਨਾਲ ਸਾਗ ਜਲਦੀ ਵੀ ਬਣਦਾ ਹੈ ਅਤੇ ਸੁਆਦ ਵੀ। ਜੇਕਰ ਤੁਸੀਂ ਲਸਣ ਅਤੇ ਪਿਆਜ਼ ਪਸੰਦ ਕਰਦੇ ਹੋ ਤਾਂ ਇਕ ਪਿਆਜ਼ ਅਤੇ 4-5 ਕਲੀਆਂ ਲਸਣ ਕੱਟ ਕੇ ਜ਼ੀਰਾ ਭੁੰਨਣ ਤੋਂ ਬਾਅਦ ਪਾਓ ਅਤੇ ਪਿਆਜ਼ ਹਲਕਾ ਗੁਲਾਬੀ ਹੋਣ ਤੱਕ ਹੀ ਭੁੰਨੋ। ਬਾਕੀ ਮਸਾਲੇ ਉਸੇ ਤਰ੍ਹਾਂ ਹੀ ਪਾਓ। ਜਿਸ ਤਰ੍ਹਾਂ ਪਾਏ ਜਾਂਦੇ ਹਨ। ਮਸਾਲਿਆਂ ਨੂੰ ਘਿਓ ਛੱਡਣ ਤੱਕ ਪਕਾਓਗੇ ਤਾਂ ਸੁਆਦ ਹੋਰ ਵੀ ਜ਼ਿਆਦਾ ਹੋਵੇਗਾ।

ਸਾਗ ਨੂੰ ਦੇਸੀ ਸੁਆਦ ਦੇਣ ਲਈ ਇਸ ਨੂੰ ਕੁੱਕਰ ਦੀ ਬਜਾਏ ਕੜਾਈ 'ਚ ਹੀ ਪਕਾਓ। ਇਸ ਨੂੰ ਮਿਕਸੀ 'ਚ ਪੀਸਣ ਦੀ ਬਜਾਏ ਕੜਾਈ 'ਚ ਹੀ ਕੜਛੀ ਜਾਂ ਮੈਸ਼ਰ ਦੇ ਨਾਲ ਮੈਸ਼ ਕਰਕੇ ਦਰਦਰਾ ਪੀਸ ਲਓ। ਜੇਕਰ ਸਾਗ ਹਰੇ ਰੰਗ ਦਾ ਚਾਹੁੰਦੇ ਹੋ ਤਾਂ ਇਸ ਨੂੰ ਢੱਕੇ ਬਗੈਰ ਹੀ ਪਕਾਓ।

ਕੁਝ ਲੋਕ ਸਾਗ 'ਚ ਰਾਈ ਦਾ ਇਸਤੇਮਾਲ ਕਰਦੇ ਹਨ ਜਦੋਂ ਕਿ ਸਾਗ 'ਚ ਰਾਈ ਦਾ ਤੜਕਾ ਨਹੀਂ ਲੱਗਦਾ। ਸਾਗ ਜੇਕਰ ਕਰਾਰਾ ਪਸੰਦ ਕਰਦੇ ਹੋ ਤਾਂ ਇਸ 'ਚ ਹਰੀ ਮਿਰਚ ਹੋਰ ਪਾ ਸਕਦੇ ਹੋ। ਸਾਗ 'ਚ ਜੇਕਰ ਘਿਓ ਦੀ ਜਗ੍ਹਾਂ 'ਤੇ ਦੇਸੀ ਮੱਖਣ ਪਾਓਗੇ ਤਾਂ ਇਸ ਦੇ ਨਾਲ ਸੁਆਦ ਵਧੇਗਾ ਹੀ ਨਹੀਂ ਸਗੋਂ ਦੋਗੁਣਾ ਹੋ ਜਾਵੇਗਾ।

ਸਾਗ ਵੀ ਕਮਾਲ ਦੀ ਸਿਹਤਵਰਧਕ ਰੈਸਿਪੀ ਹੈ। ਲੇਕਿਨ ਇ ਕੁੱਕਰ ਵਿੱਚ ਕਦੇ ਵੀ ਨਹੀਂ ਬਣਾਉਣਾ ਚਾਹੀਦਾ।

ਪਿੱਤਲ, ਤਾਂਬੇ, ਅਲੂਮੀਨੀਅਮ, ਗਿਲਟ, ਸਿਲਵਰ ਜਾਂ ਜਹਾਜ਼ ਲੋਹੇ ਦੇ ਕੁੱਕਰ ਵਿੱਚ ਤਾਂ ਕਿਸੇ ਦੁਸ਼ਮਣ ਨੂੰ ਵੀ ਸਾਗ ਬਣਾਕੇ ਨਹ ਖੁਆਉਣਾ ਚਾਹੀਦਾ ਹੈ। ਕਿਉਂਕਿ ਇਹ ਧਾਤੂਆਂ ਸਾਗ ਬਣਾਉ ਵਕਤ ਬਹੁਤ ਜ਼ਿਆਦਾ ਖੁਰਦੀਆਂ ਹਨ। ਸਦੀਆਂ ਤੋਂ ਹੀ ਦੇਸ ਪੰਜਾ ਦੇ ਲੋਕ ਸਾਗ ਖਾਂਦੇ ਆ ਰਹੇ ਹਨ। ਲੇਕਿਨ ਉਹ ਹਮੇਸ਼ਾ ਮਿੱਟੀ ਬਰਤਨ ਵਿੱਚ ਹੀ ਸਾਗ ਬਣਾਇਆ ਕਰਦੇ ਸੀ।= ਅਲੂਮਿਨੀਅ ਪਿੱਤਲ, ਤਾਂਬੇ ਆਦਿ ਧਾਤੂਆਂ ਦੇ ਬਰਤਨਾਂ ਚ ਖਾਣਾ ਬਣਾਉਣ ਇਹਨਾਂ ਦਾ ਅਸਰ ਗੁਰਦਿਆਂ, ਜਿਗਰ, ਤਿਲੀ, ਖ਼ੂਨ ਨਾੜੀਆਂ ਅ ਪਾਚਣ ਪ੍ਰਣਾਲੀ ਦੇ ਅੰਗਾਂ ਤੇ ਬਹੁਤ ਬੁਰਾ ਪੈਂਦਾ ਹੈ।

ਉਂਜ ਕਿਸੇ ਵੀ ਧਾਤੂ ਦੇ ਬਰਤਨ ਚ ਸਾਗ ਬਣਾਉਣ ਦੀ ਬਿਜਾ ਸਿਰਫ ਮਿੱਟੀ ਦੇ ਕੁੱਜੇ ਚ ਹੀ ਬਣਾਇਆ ਜਾਵੇ ਤਾਂ ਇਹ ਜ਼ਿਆਦ ਸੁਆਦੀ ਵੀ ਤੇ ਸਿਹਤਵਰਧਕ ਵੀ ਬਣਦਾ ਹੈ। ਗੈਸ ਚੁੱਲੇ ਦੀ ਬਿਜਾ ਮਿੱਟੀ ਦੇ ਚੁੱਲ੍ਹੇ ਤੇ ਖੁੱਲੇ ਅਸਮਾਨ ਥੱਲੇ ਜਾਂ ਛੱਤ ਤੇ ਲੱਕੜਾਂ ਪਾਥੀਅ ਦੀ ਘੱਟ ਅੱਗ ਤੇ ਸਾਰਾ ਪਰਿਵਾਰ ਅੱਗ ਸੇਕਦਿਆਂ, ਗੱਲਾਂ ਕਰਦਿਅ ਬਣਾਉਗੇ ਤਾਂ ਹੋਰ ਵੀ ਚੰਗਾ ਹੋਵੇਗਾ।

ਸੇਕ ਹਮੇਸ਼ਾ ਘੱਟ ਤੋਂ ਘੱਟ ਰੱਖੋ ਤੇ ਪਾਣੀ ਖਤਮ ਨਾ ਹੋਣ ਦਿਉ। ਸਾ ਵਿਚ ਕਦੇ ਵੀ ਨਮਕ ਮਿਰਚ ਜਾਂ ਕੋਈ ਵੀ ਹੋਰ ਮਸਾਲੇ ਜ਼ਿਆਦਾ ਨ ਪਾਉ। ਪ੍ਰੰਤੂ ਸਰੋਂ ਤੋਰੀਆ ਸਾਗ ਵਿੱਚ ਹਾਲੋਂ, ਹਰਾ ਧਣੀਆ, ਪਾਲਕ ਚੁਲਾਈ, ਤਾਰਾਮੀਰਾ, ਮੇਥੀ, ਮੇਥੇ, ਬਾਥੂ ਆਦਿ ਪਾ ਸਕਦੇ ਹੋ। ਮੂਲੀ ਸ਼ਲਗਮ, ਚੁਕੰਦਰ, ਗਾਜਰ ਪੱਤੇ ਵੀ ਥੋੜ੍ਹੇ ਥੋੜ੍ਹੇ ਪਾ ਸਕਦੇ ਹੋ। ਇਵ ਹੀ ਲਸਣ, ਅਜਵੈਣ, ਕੜੀ ਪੱਤਾ, ਅਦਰਕ, ਜੀਰਾ, ਤੁਲਸੀ, ਮਰੂਆ ਹਰੀ ਮਿਰਚ ਵੀ ਪਾ ਸਕਦੇ ਹੋ ਤਾਂ ਕਿ ਸਾਗ ਹਾਜ਼ਮੇਦਾਰ ਬਣ ਸਕੇ। ਚਿੱਭੜ, ਚੈਰੀ ਟਮਾਟਰ ਮਿਲ ਜਾਣ ਤਾਂ ਹੋਰ ਵੀ ਹਾਜ਼ਮੇਦਾਰ, ਸੁਆਦ ਤੇ ਸਿਹਤਵਰਧਕ ਸਾਗ ਬਣੇਗਾ। ਸਾਗ ਨਾਲ ਮਿਕਸ ਆਟੇ ਦੀ ਰੋਟੀ ਮੱਕੀ ਜਾਂ ਬਾਜਰੇ ਦੀ ਰੋਟੀ, ਲੱਸੀ, ਦਹੀਂ, ਮੱਖਣ ਆਦਿ ਖਾਧਾ ਜਾ ਤਾਂ ਬੇਹਦ ਪੌਸ਼ਟਿਕ ਬਣ ਜਾਂਦਾ ਹੈ। ਸਰਦੀਆਂ ਦੀ ਰੁੱਤੇ ਥੋੜ੍ਹੇ ਦਿਨ ਬਾਅਦ ਹੀ ਸਾਗ ਬਣਾਉਂਦੇ ਰਹੋ। ਇਹ ਸਰਦੀ ਦੀਆਂ ਅਨੇਕ ਬੀਮਾਰੀਆਂ ਤੋਂ ਬਚਾਅ ਕਰੇਗਾ। ਇਹ ਜੋੜਾਂ, ਹੱਡੀਆਂ, ਮਾਸਪੇਸ਼ੀਆ ਦਿਲ, ਜਿਗਰ, ਮਿਹਦੇ, ਅੱਖਾਂ, ਚਮੜੀ ਤੇ ਵਾਲਾਂ ਦੀ ਤੰਦਰੁਸ ਲਈ ਜ਼ਰੂਰੀ ਤੱਤਾਂ ਨਾਲ ਭਰਪੂਰ ਹੈ।

**ਡਾ ਬਲਰਾਜ ਬੈਂਸ ਡਾ ਕਰਮਜੀਤ ਕੌਰ ਬੈਂ**

# ਤਕਨਾਲੋਜੀ ਟਾਈਮਜ਼

## ਹੁਣ ਵੱਟਸਐਪ 'ਤੇ ਵੀ ਹੋ ਸਕੇਗੀ ਕਾਲ ਰਿਕਾਰਡਿੰਗ....

ਅੱਜਕਲ WhatsApp ਹਰ ਕਿਸੇ ਦੇ ਸਮਾਰਟਫੋਨ 'ਚ ਮੌਜੂਦ ਹੈ। ਇਹ ਨਾ ਸਿਰਫ਼ ਸੁਨੇਹੇ ਭੇਜਣ ਦਾ ਇੱਕ ਆਸਾਨ ਤਰੀਕਾ ਹੈ, ਸਗੋਂ ਇਹ ਲੋਕਾਂ ਨੂੰ ਆਡੀਓ ਅਤੇ ਵੀਡੀਓ ਕਾਲਾਂ ਰਾਹੀਂ ਵੀ ਜੋੜਕੇ ਰੱਖਦਾ ਹੈ। ਪਰ ਕੀ ਤੁਸੀਂ ਜਾਣਦੇ ਹੋ ਕਿ WhatsApp ਕਾਲਾਂ ਨੂੰ ਵੀ ਰਿਕਾਰਡ ਕੀਤਾ ਜਾ ਸਕਦਾ ਹੈ? ਜ਼ਿਆਦਾਤਰ ਲੋਕਾਂ ਨੂੰ ਇਸ ਬਾਰੇ ਨਹੀਂ ਪਤਾ ਹੋਣਾ, ਕਿਉਂਕਿ WhatsApp ਵਿੱਚ ਕਾਲ ਰਿਕਾਰਡਿੰਗ ਦਾ ਕੋਈ ਇਨ-ਬਿਲਟ ਫੀਚਰ ਨਹੀਂ ਹੈ। ਫਿਰ ਵੀ ਤੁਸੀਂ ਥਰਡ-ਪਾਰਟੀ ਐਪਸ ਦੀ ਮਦਦ ਨਾਲ WhatsApp ਕਾਲਾਂ ਨੂੰ ਰਿਕਾਰਡ ਕਰ ਸਕਦੇ ਹੋ। ਇਸ ਲੇਖ ਵਿਚ ਅਸੀਂ ਤੁਹਾਨੂੰ ਵਿਸਥਾਰ ਵਿਚ ਦੱਸਾਂਗੇ ਕਿ WhatsApp ਕਾਲ ਰਿਕਾਰਡਿੰਗ ਕਿਵੇਂ ਕਰਨੀ ਹੈ ਅਤੇ ਇਸ ਨਾਲ ਜੁੜੀ ਹੋਰ ਸਾਰੀ ਮਹੱਤਵਪੂਰਨ ਜਾਣਕਾਰੀ।

ਬਹੁਤ ਸਾਰੇ ਲੋਕ ਅਜਿਹੇ ਹਨ, ਜੋ ਆਪਣੀਆਂ WhatsApp ਕਾਲਾਂ ਨੂੰ ਰਿਕਾਰਡ ਕਰਨਾ ਚਾਹੁੰਦੇ ਹਨ ਤਾਂ ਜੋ ਉਹ ਉਹਨਾਂ ਨੂੰ ਬਾਅਦ ਵਿੱਚ ਸੁਣ ਸਕਣ। ਖ਼ਾਸ ਕਰਕੇ ਜੇਕਰ ਉਹ ਕਿਸੇ ਮਹੱਤਵਪੂਰਨ ਜਾਣਕਾਰੀ ਜਾਂ ਗੱਲਬਾਤ ਨਾਲ ਸਬੰਧਤ ਹੋਵੇ। ਉਦਾਹਰਨ ਲਈ ਪੇਸ਼ੇਵਰ ਕਾਲਾਂ, ਇੰਟਰਵਿਊਆਂ ਜਾਂ ਕਿਸੇ ਵੀ ਸੰਵੇਦਨਸ਼ੀਲ ਜਾਣਕਾਰੀ ਦੇ ਆਦਾਨ-ਪ੍ਰਦਾਨ ਨੂੰ ਰਿਕਾਰਡ ਕਰਨਾ ਉਪਯੋਗੀ ਹੋ ਸਕਦਾ ਹੈ।

WhatsApp ਵਿੱਚ ਕਾਲ ਰਿਕਾਰਡਿੰਗ ਦਾ ਕੋਈ ਵਿਕਲਪ ਨਹੀਂ ਹੈ ਪਰ ਇਸਦੇ ਲਈ ਕੁਝ ਥਰਡ-ਪਾਰਟੀ ਐਪਸ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਹ ਐਪ ਤੁਹਾਡੀਆਂ WhatsApp ਕਾਲਾਂ ਨੂੰ ਆਸਾਨੀ ਨਾਲ ਰਿਕਾਰਡ ਕਰ ਸਕਦੀਆਂ ਹਨ।

WhatsApp ਕਾਲਾਂ ਨੂੰ ਰਿਕਾਰਡ ਕਰਨ ਲਈ ਤੁਹਾਨੂੰ ਕੁਝ ਥਰਡ-ਪਾਰਟੀ ਐਪਸ ਦੀ ਲੋੜ ਪਵੇਗੀ, ਕਿਉਂਕਿ WhatsApp ਵਿੱਚ ਇਨ-ਬਿਲਟ ਰਿਕਾਰਡਿੰਗ ਵਿਸ਼ੇਸ਼ਤਾ ਨਹੀਂ ਹੈ। ਇੱਥੇ ਕੁਝ ਪ੍ਰਮੁੱਖ ਐਪਸ ਹਨ, ਜੋ WhatsApp ਕਾਲਾਂ ਨੂੰ ਰਿਕਾਰਡ ਕਰਨ ਵਿੱਚ ਮਦਦ ਕਰ ਸਕਦੀਆਂ ਹਨ:




### Cube ACR

Cube ACR ਇੱਕ ਪ੍ਰਸਿੱਧ ਕਾਲ ਰਿਕਾਰਡਿੰਗ ਐਪ ਹੈ, ਜੋ ਨਾ ਸਿਰਫ਼ ਵਟਸਐਪ, ਸਗੋਂ ਹੋਰ VoIP (ਵੌਇਸ ਓਵਰ ਇੰਟਰਨੈੱਟ ਪ੍ਰੋਟੋਕੋਲ) ਕਾਲਾਂ ਨੂੰ ਵੀ ਰਿਕਾਰਡ ਕਰ ਸਕਦੀ ਹੈ। ਇਹ ਐਪ ਆਪਣੇ ਆਪ ਕਾਲ ਰਿਕਾਰਡ ਕਰਨਾ ਸ਼ੁਰੂ ਕਰ ਦਿੰਦੀ ਹੈ ਅਤੇ ਉੱਚ ਗੁਣਵੱਤਾ ਵਿੱਚ ਰਿਕਾਰਡਿੰਗ ਪ੍ਰਦਾਨ ਕਰਦੀ ਹੈ।

### Salestrial

ਇਹ ਐਪ ਪੇਸ਼ੇਵਰਾਂ ਲਈ ਤਿਆਰ ਕੀਤੀ ਗਈ ਹੈ, ਖ਼ਾਸ ਤੌਰ 'ਤੇ ਉਨ੍ਹਾਂ ਲਈ ਜੋ ਕਾਰੋਬਾਰੀ ਕਾਲਾਂ ਨੂੰ ਰਿਕਾਰਡ ਕਰਨਾ ਚਾਹੁੰਦੇ ਹਨ। Salestrial ਐਪ ਆਸਾਨੀ ਨਾਲ WhatsApp ਕਾਲਾਂ ਨੂੰ ਰਿਕਾਰਡ ਕਰਦੀ ਹੈ ਅਤੇ ਕਲਾਊਡ ਬੈਕਅੱਪ ਅਤੇ ਹੋਰ ਪੇਸ਼ੇਵਰ ਵਿਸ਼ੇਸ਼ਤਾਵਾਂ ਵੀ ਪ੍ਰਾਪਤ ਕਰਦੀ ਹੈ।

### Another Call Recorder

ACR (Another Call Recorder) ਵੀ ਇੱਕ ਵਧੀਆ ਕਾਲ ਰਿਕਾਰਡਿੰਗ ਐਪ ਹੈ, ਜੋ WhatsApp ਕਾਲਾਂ ਨੂੰ ਰਿਕਾਰਡ ਕਰਨ ਦੇ ਸਮਰੱਥ ਹੈ। ਇਸ ਦਾ ਯੂਜ਼ਰ ਇੰਟਰਫੇਸ ਬਹੁਤ ਹੀ ਸਧਾਰਨ ਹੈ ਅਤੇ ਆਸਾਨੀ ਨਾਲ ਸੈੱਟਅੱਪ ਕੀਤਾ ਜਾ ਸਕਦਾ ਹੈ।

### ਐਪ ਡਾਊਨਲੋਡ ਕਰੋ:

ਗੂਗਲ ਪਲੇ ਸਟੋਰ ਤੋਂ Cube ACR, Salestrial ਜਾਂ ACR Call Recorder ਵਰਗੀ ਕੋਈ ਵੀ ਕਾਲ ਰਿਕਾਰਡਿੰਗ ਐਪ ਡਾਊਨਲੋਡ ਕਰੋ। ਇਹ ਐਪਸ ਮੁਫ਼ਤ ਵਿੱਚ ਉਪਲਬਧ ਹਨ ਅਤੇ ਇਹਨਾਂ ਦੀਆਂ ਸੈਟਿੰਗਾਂ ਵੀ ਕਾਫ਼ੀ ਸਧਾਰਨ ਹਨ।

### ਐਪ ਨੂੰ ਇੰਸਟਾਲ ਅਤੇ ਸੈੱਟਅੱਪ ਕਰੋ:

ਐਪ ਨੂੰ ਇੰਸਟਾਲ ਕਰਨ ਤੋਂ ਬਾਅਦ ਇਸਨੂੰ ਖੋਲ੍ਹੋ ਅਤੇ ਲੋੜੀਂਦੀਆਂ ਇਜਾਜ਼ਤਾਂ ਦਿਓ। ਤੁਹਾਨੂੰ ਐਪ ਨੂੰ ਮਾਈਕ੍ਰੋਫ਼ੋਨ ਅਤੇ ਸਟੋਰੇਜ ਪਹੁੰਚ ਦੇਣ ਦੀ ਇਜਾਜ਼ਤ ਦੇਣ ਦੀ ਲੋੜ ਹੈ ਤਾਂ ਜੋ ਇਹ ਕਾਲਾਂ ਨੂੰ ਰਿਕਾਰਡ ਕਰ ਸਕੇ ਅਤੇ ਰਿਕਾਰਡਿੰਗ ਨੂੰ ਸਟੋਰ ਕਰ ਸਕੇ।

### ਕਾਲ ਰਿਕਾਰਡਿੰਗ ਸੈਟਿੰਗਾਂ ਨੂੰ ਕੌਂਫਿਗਰ ਕਰੋ:

ਕਈ ਐਪਾਂ ਵਿੱਚ ਅਜਿਹੀ ਸੈਟਿੰਗ ਹੁੰਦੀ ਹੈ, ਜਿਸ ਨੂੰ ਤੁਸੀਂ WhatsApp ਕਾਲਾਂ ਨੂੰ ਰਿਕਾਰਡ ਕਰਨ ਲਈ ਚਾਲੂ ਕਰ ਸਕਦੇ ਹੋ। ਧਿਆਨ ਵਿੱਚ ਰੱਖੋ ਕਿ ਕੁਝ ਐਪਾਂ ਲਈ ਤੁਹਾਨੂੰ ਕਾਲ ਰਿਕਾਰਡਿੰਗ ਨੂੰ ਹੱਥੀਂ ਚਾਲੂ ਕਰਨ ਦੀ ਲੋੜ ਹੋ ਸਕਦੀ ਹੈ। ਕਿਊਬ ਏਸੀਆਰ ਵਿੱਚ ਇਹ ਸੈਟਿੰਗਾਂ ਪਹਿਲਾਂ ਤੋਂ ਹੀ ਐਕਟੀਵੇਟ ਹੁੰਦੀਆਂ ਹਨ, ਜਦੋਂ ਕਿ ਸੇਲਸਟ੍ਰੇਲ ਅਤੇ ਏਸੀਆਰ ਵਿੱਚ ਤੁਹਾਨੂੰ ਐਪ ਦੀਆਂ ਸੈਟਿੰਗਾਂ ਨੂੰ ਚੈੱਕ ਕਰਨਾ ਪੈਂਦਾ ਹੈ।

### ਕਾਲ ਰਿਕਾਰਡ ਕਰੋ:

ਜਦੋਂ ਤੁਸੀਂ ਜਾਂ ਤੁਹਾਡੀ ਕੋਈ ਹੋਰ ਧਿਰ WhatsApp ਕਾਲ ਕਰਦੀ ਹੈ, ਤਾਂ ਐਪ ਆਪਣੇ ਆਪ ਕਾਲ ਰਿਕਾਰਡ ਕਰਨਾ ਸ਼ੁਰੂ ਕਰ ਦੇਵੇਗੀ। ਕਾਲ ਦੇ ਅੰਤ ਵਿੱਚ, ਤੁਹਾਨੂੰ ਰਿਕਾਰਡਿੰਗ ਦੀ ਇੱਕ ਆਡੀਓ ਫਾਈਲ ਮਿਲੇਗੀ, ਜਿਸ ਨੂੰ ਤੁਸੀਂ ਬਾਅਦ ਵਿੱਚ ਸੁਣ ਸਕਦੇ ਹੋ।

### ਰਿਕਾਰਡਿੰਗ ਨੂੰ ਐਕਸੈਸ ਕਰੋ:

ਕਾਲ ਰਿਕਾਰਡ ਕਰਨ ਤੋਂ ਬਾਅਦ, ਤੁਸੀਂ ਐਪ ਰਾਹੀਂ ਰਿਕਾਰਡਿੰਗ ਨੂੰ ਆਸਾਨੀ ਨਾਲ ਐਕਸੈਸ ਕਰ ਸਕਦੇ ਹੋ। ਇਹਨਾਂ ਵਿੱਚੋਂ ਜ਼ਿਆਦਾਤਰ ਐਪਾਂ ਤੁਹਾਨੂੰ ਕਲਾਉਡ 'ਤੇ ਰਿਕਾਰਡਿੰਗਾਂ ਨੂੰ ਸੁਣਨ, ਡਾਊਨਲੋਡ ਕਰਨ ਜਾਂ ਬੈਕਅੱਪ ਕਰਨ ਦਿੰਦੀਆਂ ਹਨ।

# ਕਾਵਿ ਕਿਆਰੀ

## ਪੁੰਨਿਆਂ ਦੀ ਰਾਤ

ਚੰਨ ਉਤਰਿਆ ਅੰਬਰੋਂ,
ਪੁੰਨਿਆਂ ਦੀ ਰਾਤ।
ਉਹ ਲੈ ਆਇਆਂ ਧਰਤ ਤੇ,
ਸ਼ਾਇਰੀ ਸੌਗਾਤ।

ਓਹ ਨਾਨਕ ਸ਼ਾਹ ਫ਼ਕੀਰ ਸੀ,
ਬਿਰਹੋਂ ਦੀਵਾਨਾਂ।
ਉਸ ਸ਼ਾਇਰੀ ਰਚੀ ਕਮਾਲ ਦੀ,
ਝੁੱਕ ਗਿਆ ਜਮਾਨਾਂ।
ਉਸ ਸ਼ਾਇਰੀ ਦੀ ਧਰਤ ਤੇ,
ਕੀਤੀ ਬਰਸਾਤ।

ਉਹ ਨੂੰ ਰੂਹ ਦੇ ਹਾਣੀ ਮਿਲ ਗਏ,
ਬਾਲਾ ਮਰਦਾਨਾਂ।
ਸੁੱਚੀਆਂ ਨਜਮਾਂ ਨਾਲ ਫਿਰ,
ਵਜ ਪਿਆ ਤਰਾਨਾਂ।
ਫਿਰ ਨਜਮਾਂ ਅਤੇ ਸੰਗੀਤ ਮਿਲ,
ਕੀਤੀ ਕਰਮਾਤ।

ਤੜਪਿਆ ਉਹ ਮਹਿਬੂਬ ਲਈ,
ਅੱਗ ਬਿਰਹੋਂ ਲਾਈ।
ਉਸ ਪਾਣੀ ਪਾ ਪਾ ਕਾਵਿ ਦਾ,
ਸਭ ਤਪਤ ਬੁਝਾਈ।
ਉਹ ਹਰ ਵੇਲੇ ਮਹਿਬੂਬ ਦੀ,
ਕਰਦਾ ਗਲ ਬਾਤ।

ਕਵਿਤਾ ਰਾਹੀਂ ਮਹਿਬੂਬ ਦੀ,
ਓਹ ਸਿਫ਼ਤ ਸੁਣਾਉਂਦਾ।
ਮਰਦਾਨਾਂ ਸਾਜੀ ਤਾਰ ਦਾ,
ਸੁਰ ਸੁੱਚੇ ਲਾਉਂਦਾ।
ਸੁਣ ਮਿਟ ਗਈ ਧੁੰਦ ਜਹਾਨ ਤੋਂ,
ਚਮਕੀ ਪ੍ਰਭਾਤ।

ਉਸ ਦੀ ਸ਼ਾਇਰੀ ਜਗ ਜਿਤਿਆ,
ਉਹ ਨੂੰ ਮਿਲਣ ਵਧਾਈਆਂ।
ਕਵਿਤਾ ਉਸ ਦੀ ਗਾਉਣ ਲਈ,
ਫਿਰ ਪਰੀਆਂ ਆਈਆਂ।
ਉਸ ਦੀ ਕਵਿਤਾ ਨੇ ਮੋਹ ਲਈ,
ਪਰੀਆਂ ਦੀ ਜਾਤ।

ਕਾਵਿ ਦੀ ਸੁੱਚੀ ਜੋਤ ਫਿਰ,
ਉਸ ਬਾਲੀ ਅੱਗੇ।
ਚੰਨ ਆਪ ਤਾਂ ਮੁੜ
ਗਿਆ ਅੰਬਰੀਂ,
ਜੋਤੀ ਸਦ ਜਗੇ।
"ਸਰਾਂ" ਜੋਤੀ ਅਗੇ ਝੁਕ ਗਈ,
ਹਰ ਇਕ ਜਮਾਤ।
ਚੰਨ ਉਤਰਿਆ ਅੰਬਰੋਂ,
ਪੁੰਨਿਆਂ ਦੀ ਰਾਤ।

**ਬਲਵੰਤ ਸਰਾਂ (ਮੱਦੋਕੇ), 604-217-0177**

## ਹੇ ਨਾਨਕ

ਹੇ ਨਾਨਕ, ਮੈਂ ਆਇਆ ਤੇਰੇ ਦਰ ਤੇ ਰਹਿਮਤ ਲੱਭਣ,
ਮੇਰੀ ਝੋਲੀ ਇੱਕ ਉੱਜਲ, ਰਹਿਮਤ ਦੀ ਮਿਹਰ ਦਾ ਪਾ,
ਮੈਂ ਪੜ੍ਹਿਆ ਸੀ ਧੁਰੋਂ ਆਈ ਬਾਣੀ ਵਿੱਚ,
"ਜਾ ਤੂੰ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ"
ਮੈਂ ਪਾਪੀ ਅਕਿਰਤਘਣ ਪੰਜ ਚੋਰਾਂ ਦੇ ਘੇਰੇ ਵਿੱਚ ਹਾਂ,
ਧਿਆਨ ਲਾਉਂਦਾ ਹਾਂ, ਕੂੜ ਦੀ ਕੰਧ ਰਾਹ ਭੰਨਦੀ ਹੈ,
ਤਰਕੇ ਬਾਣੀ ਦੀਆਂ ਧੁਨਾਂ ਹਲੂਣਦੀਆਂ ਹਨ, ਪਰ ਮੈਂ ਬੇਵੱਸ।
ਮੈਂ ਪੜ੍ਹਿਆ ਸੀ ਧੁਰੋਂ ਆਈ ਬਾਣੀ ਵਿੱਚ,
"ਦੇਖੈ ਸੁਣੈ ਹਦੂਰਿ ਸਦ ਘਟਿ ਘਟਿ ਬ੍ਰਹਮ ਰਵਿੰਦੁ,
ਅਕਿਰਤਘਣਾ ਨੋ ਪਾਲਦਾ ਪ੍ਰਭ ਨਾਨਕ ਸਦ ਬਖਸਿੰਦੁ"
ਹੇ ਨਾਨਕ ਤੇਰੀ ਹੱਥ ਵਾਲੀ ਦਾਤ ਰੂਪੀ ਰੋਟੀ ਦੀ,
ਸਮਝ ਤਾਂ ਆਉਂਦੀ ਹੈ ਪਰ ਤਵੇ ਦੀ ਰੋਟੀ ਵੱਲ
ਧਿਆਨ ਜੁੜ ਜਾਂਦਾ ਹੈ ਹੱਥ ਦਾ ਖਿਆਲ ਨਹੀਂ ਰਹਿੰਦਾ,
ਸ਼ੁਕਰ ਨੂੰ ਨਾ-ਸ਼ੁਕਰਾਪਣ ਗੰਢ ਮਾਰ ਦਿੰਦਾ ਹੈ,
ਮੈਂ ਪੜ੍ਹਿਆ ਸੀ ਧੁਰੋਂ ਆਈ ਬਾਣੀ ਵਿੱਚ,
"ਦਦਾ ਦਾਤਾ ਏਕੁ ਹੈ, ਸਭ ਕਉ ਦੇਵਨਹਾਰ"
ਮੈਂ ਸੁਣਦਾ, ਪੜ੍ਹਦਾ ਤੇ ਵਿਚਾਰ ਕਰਦਾ ਹਾਂ,
ਗੁਰੂ ਨੂੰ ਸਨਮੁੱਖ ਵੀ ਰੱਖਦਾ ਹਾਂ, ਪਰ ਪੰਜ ਚੋਰਾਂ ਤੋਂ ਖਹਿੜਾ,
ਨਹੀਂ ਛੁੱਟਦਾ, ਰਹਿਮਤ ਲਈ ਹਾੜੇ ਕੱਢਦਾ ਹਾਂ,
ਮੈਂ ਪੜ੍ਹਿਆ ਸੀ ਧੁਰੋਂ ਆਈ ਬਾਣੀ ਵਿੱਚ,
"ਜੈਸਾ ਬਾਲਕੁ ਭਾਇ ਸੁਭਾਈ ਲੱਖ ਅਪਰਾਧ ਕਮਾਵੈ,
ਕਰਿ ਉਪਦੇਸ਼ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ"
ਹੇ ਨਾਨਕ ਆਪਣੀ ਮਿਹਰ ਦਾ ਇੱਕ ਉੱਜਲ ਮੇਰੀ ਝੋਲੀ ਪਾ,
ਮੈਂ ਪੜ੍ਹਿਆ ਸੀ ਧੁਰੋਂ ਆਈ ਬਾਣੀ ਵਿੱਚ,
"ਪਿਛਲੇ ਅਉਗਿਣ ਬਖਸਿ ਲਏ, ਪ੍ਰਭ ਆਗੈ ਮਾਰਗਿ ਪਾਵੈ"

**ਲੇਖਕ : ਸੁਖਪਾਲ ਸਿੰਘ ਗਿੱਲ, ਅਬਿਆਣਾ ਕਲਾਂ (9878111445)**

## ਸ਼੍ਰੀ ਗੁਰੂ ਨਾਨਕ ਦੇਵ ਜੀ

ਆਓ ਪਿਆਰੀ ਸੰਗਤੇ ਜਾਣੀਏ, ਸ਼੍ਰੀ ਗੁਰੂ ਨਾਨਕ ਦੇਵ ਜੀ ਬਾਰੇ।
ਕਿੱਥੇ ਉਨ੍ਹਾਂ ਅਵਤਾਰ ਧਾਰਿਆ, ਕਿਹੜੇ ਕੀਤੇ ਕੰਮ ਸੀ ਨਿਆਰੇ।
ਸੰਨ ਚੌਦਾਂ ਸੌ ਉਨ੍ਹੱਤਰ ਦੀ, ਤਾਰੀਕ ਸੀ ਓਦੋਂ ਪੰਦਰਾਂ ਅਪ੍ਰੈਲ।
ਰਾਇ-ਭੋਇ ਦੀ ਤਲਵੰਡੀ'ਚ, ਜਨਮ ਲੈਣ ਦੀ ਗੱਲ ਗਈ ਫੈਲ।
ਪਿਤਾ ਜੀ ਸਨ ਕਾਲੂ ਮਹਿਤਾ, ਬੀਬੀ ਤ੍ਰਿਪਤਾ ਜੀ ਸਨ ਮਾਤਾ।
ਐਸਾ ਲਾਲ ਜਨਮਿਆਂ ਉਹਨਾਂ, ਜੀਹਨੇ ਸਾਰਾ ਜਗ ਰੁਸ਼ਨਾਤਾ।
ਬੀਬੀ ਸੁਲੱਖਣੀ ਧਰਮ ਪਤਨੀ, ਜੀਹਨੇ ਸੁਹਣਾ ਸਾਥ ਨਿਭਾਇਆ।
ਸ਼੍ਰੀ ਚੰਦ ਤੇ ਲਖਮੀ ਦਾਸ ਨੇ, ਪੁੱਤਰ ਹੋਣ ਦਾ ਮਾਣ ਸੀ ਪਾਇਆ।
ਲੋਕਾਈ ਨੂੰ ਸਿੱਖਿਆ ਦੇਣ ਲਈ, ਇਹ ਸੀ ਘੁੰਮੇ ਦਿਸ਼ਾਵਾਂ ਚਾਰ।
ਦਸਾਂ ਨਹੁੰਆਂ ਦੀ ਕਿਰਤ ਦਾ ਇਨ੍ਹਾਂ, ਕਰਿਆ ਜ਼ੋਰਾਂ ਨਾਲ ਪ੍ਰਚਾਰ।
ਕਿਰਤ ਕਰਕੇ ਵੰਡ ਛਕਣ ਦਾ, ਗੁਰੂ ਜੀ ਕਰਿਆ ਸੀ ਫੁਰਮਾਨ।
ਸਾਂਝੀਵਾਲਤਾ ਦਾ ਸੁਨੇਹਾਂ ਦਿੱਤਾ, ਤਾਹੀਓਂ ਸਤਿਕਾਰ ਕਰੇ ਜਹਾਨ।
ਨਾਮ ਜਪਣ ਤੇ ਅਮਲ ਕਰਨ ਦਾ, ਸੰਗਤਾਂ ਨੂੰ ਸੰਦੇਸ਼ ਸੁਣਾਇਆ।
ਭੁੱਲੇ ਭਟਕਿਆਂ ਮਨੁੱਖਾਂ ਨੂੰ, ਸਫਲ ਜੀਵਨ ਦਾ ਰਾਜ ਸਮਝਾਇਆ।
ਹੱਕ ਸੱਚ ਇਨਸਾਫ ਦੇ ਲਈ, ਇਹਨਾਂ ਉੱਚੀ ਆਵਾਜ਼ ਸੀ ਕੀਤੀ।
ਕਹਿੰਦੇ ਕਹਾਉਂਦਿਆਂ ਰਾਜਿਆਂ ਦੀ, ਇਨ੍ਹਾਂ ਭੰਡੀ ਸੀ ਮਾੜੀ ਨੀਤੀ।
ਨੌਂ ਸੌ ਚੁਰੱਤਰ ਸ਼ਬਦ ਸੀ ਰੱਚ ਕੇ, ਜਗ ਤੇ ਕਰਿਆ ਪਰਉਪਕਾਰ।
ਜਾਤ -ਪਾਤ ਤੇ ਛੂਤ- ਛਾਤ ਤੋਂ, ਇਹਨਾਂ ਕਰਿਆ ਸੀ ਇਨਕਾਰ।
ਸਿੱਖ ਧਰਮ ਦੇ ਹੋਏ ਨੇ ਮੋਢੀ, ਪਹਿਲੇ ਗੁਰੂ ਦਾ ਪਾਇਆ ਸੀ ਮਾਣ।
ਵਹਿਮ ਭਰਮ ਨੇ ਸਭ ਮੁਕਾਉਣੇ, ਦਿਲ ਵਿੱਚ ਪੱਕੀ ਲਈ ਸੀ ਠਾਣ।
ਸੰਨ ਪੰਦਰਾਂ ਸੌ ਉਣਤਾਲੀ ਦੀ, ਤਾਰੀਕ ਸੀ ਸੰਗਤੇ ਸੱਤ ਸਤੰਬਰ।
ਜੋਤੀ ਜੋਤ ਸਮਾ ਗਏ 'ਤਲਵੰਡੀ' ਸੰਸਾਰ ਦੇ ਇਹ ਅਨੋਖੇ ਪੈਗੰਬਰ।

**ਅਮਰੀਕ ਸਿੰਘ ਤਲਵੰਡੀ ਕਲਾਂ, 9463542896**

## ਗੁਰੂ ਨਾਨਕ ਨਾਲੋਂ ਵੱਡਾ ਦੱਸੋ

ਚੜ੍ਹਿਆ ਸੋਧਣ ਧਰਤ ਲੋਕਾਈ,ਤੱਕੀ ਜਦੋਂ ਬਰਬਾਦੀ ਸੀ।
ਗੁਰੂ ਨਾਨਕ ਨਾਲੋਂ ਵੱਡਾ ਦੱਸੋ,ਕਿਹੜਾ ਇਨਕਲਾਬੀ ਸੀ।
ਸੰਨ ਚੌਦਾਂ ਸੌ ਉਨੱਤਰ ਦੀ,ਤਾਰੀਕ ਸੀ ਓਦੋਂ ਪੰਦਰਾਂ ਅਪ੍ਰੈਲ।
ਰਾਇ ਭੋਇ ਦੀ ਤਲਵੰਡੀ ਵਿਖੇ,ਜਨਮ ਲੈਣ ਦੀ ਗੱਲ ਗਈ ਫੈਲ।
ਪਿਤਾ ਜੀ ਸਨ ਕਾਲੂ ਮਹਿਤਾ,ਬੀਬੀ ਤ੍ਰਿਪਤਾ ਜੀ ਸਨ ਮਾਤਾ।
ਐਸਾ ਲਾਲ ਜਨਮਿਆਂ ਜਿਨ੍ਹਾਂ,ਜੀਹਨੇ ਸਾਰਾ ਜਗ ਰੁਸ਼ਨਾਤਾ।
ਬੀਬੀ ਸੁਲੱਖਣੀ ਸੰਗ ਸੀ ਹੋਈ,ਬਾਬੇ ਨਾਨਕ ਦੀ ਸ਼ਾਦੀ ਸੀ।
ਗੁਰੂ ਨਾਨਕ ਨਾਲੋਂ ਵੱਡਾ ਦੱਸੋ... ...
ਛੱਤੀ ਪ੍ਰਕਾਰ ਦੇ ਭੋਜਨ ਛੱਡਕੇ,ਕੋਧਰੇ ਦੀ ਰੋਟੀ ਖਾਈ ਸੀ।
ਲੋਟੂਆਂ ਦੇ ਖ਼ਿਲਾਫ ਉਨ੍ਹਾਂ ਨੇ,ਕਰੜੀ ਆਵਾਜ਼ ਉਠਾਈ ਸੀ।
ਬਾਬਰ ਨੇ ਜਦੋਂ ਜ਼ੁਲਮ ਕੀਤੇ,ਰੱਬ ਤੇ ਰੋਸ ਪ੍ਰਗਟਾਇਆ ਸੀ।
ਏਤੀ ਮਾਰ ਪਈ ਕੁਰਲਾਣੇ,ਤੈਂ ਕੀ ਦਰਦ ਨਾ ਆਇਆ ਸੀ।
ਸੱਜਣ ਵਰਗੇ ਸੋਧੇ ਸੀ ਠੱਗ,ਜੋ ਕਰਦੇ ਬਹੁਤ ਖ਼ਰਾਬੀ ਸੀ।
ਗੁਰੂ ਨਾਨਕ ਨਾਲੋਂ ਵੱਡਾ ਦੱਸੋ... ...
ਲੋਕਾਈ ਦੀ ਭਲਾਈ ਲਈ,ਚਾਰ ਉਦਾਸੀਆਂ ਕਰੀਆਂ ਸਨ।
ਲੋਕਾਂ ਦੀਆਂ ਸੁੰਨੀਆਂ ਝੋਲੀਆਂ,ਗਿਆਨ ਨਾਲ ਭਰੀਆਂ ਸਨ।
ਵਹਿਮਾਂ ਭਰਮਾਂ ਤੋਂ ਉਹ ਵੱਖ,ਨਵਾਂ ਸਮਾਜ ਕੋਈ ਚਾਹੁੰਦੇ ਸੀ।
ਰਿਧੀਆਂ ਸਿਧੀਆਂ ਵਾਲਿਆਂ ਨੂੰ,ਤਾਹੀਂ ਸਬਕ ਸਿਖਾਉਂਦੇ ਸੀ।
ਵਿਚਾਰ ਗੋਸ਼ਟੀ ਜਦੋਂ ਸੀ ਕਰਦੇ,ਕੋਈ ਨਹੀਓਂ ਜਵਾਬੀ ਸੀ।
ਗੁਰੂ ਨਾਨਕ ਨਾਲੋਂ ਵੱਡਾ ਦੱਸੋ... ...
ਕਿਰਤ ਕਰਨੀ ਤੇ ਵੰਡਕੇ ਛਕਣਾ,ਕਿੱਡਾ ਵਿਚਾਰ ਲਾਸਾਨੀ ਸੀ।
ਟੱਕਰ ਨਾਲ ਹਾਕਮਾਂ ਦੇ ਲੈਣੀ,ਇਹ ਵੀ ਨਾ ਕੋਈ ਅਸਾਨੀ ਸੀ।
ਸ਼ੁਭ ਅਮਲ ਕਰਨ ਦਾ ਪਾਠ,ਗੁਰੂ ਜੀ ਨੇ ਹੀ ਪੜ੍ਹਾਇਆ ਸੀ।
ਏਕ ਨੂਰ ਤੇ ਸਭ ਜਗ ਉਪਜਿਆ,ਉਹਨਾਂ ਹੀ ਫੁਰਮਾਇਆ ਸੀ।
ਛੂਤ-ਛਾਤ ਦੀਆਂ ਕੰਧਾਂ ਢਾਹੀਆਂ,ਉਹ ਕਿੰਨੇ ਸਮਾਜਵਾਦੀ ਸੀ।
ਗੁਰੂ ਨਾਨਕ ਨਾਲੋਂ ਵੱਡਾ ਦੱਸੋ... ...
ਸਿੱਖ ਧਰਮ ਦੇ ਹੋਏ ਨੇ ਮੋਢੀ,ਪਹਿਲੇ ਗੁਰੂ ਦਾ ਪਾਇਆ ਮਾਣ।
ਸਾਂਝੀਵਾਲਤਾ ਦਾ ਸੁਨੇਹਾਂ ਦਿੱਤਾ,ਤਾਹੀਂ ਕਰੇ ਸਤਿਕਾਰ ਜਹਾਨ।
ਸੰਨ ਪੰਦਰਾਂ ਸੌ ਉਨ੍ਹਤਾਲੀ ਦੀ,ਤਾਰੀਕ ਸੀ ਓਦੋਂ ਸੱਤ ਸਤੰਬਰ।
ਜੋਤੀ ਜੋਤ ਸਮਾ ਗਏ ਗੁਰੂ ਜੀ ,ਜਗ ਦੇ ਇਹ ਅਨੋਖੇ ਪੈਗੰਬਰ।
ਬਾਬੇ ਨਾਨਕ ਦੀ ਸਾਰੀ ਸਿੱਖਿਆ,ਸਫਲ ਜੀਵਨ ਦੀ ਚਾਬੀ ਸੀ।
ਗੁਰੂ ਨਾਨਕ ਨਾਲੋਂ ਵੱਡਾ ਦੱਸੋ... ...
ਉਨ੍ਹਾਂ ਦੀ ਜੋ ਅਨਮੋਲ ਸਿੱਖਿਆ,ਸੰਸਾਰ ਦੇ ਵਿੱਚ ਫੈਲਾ ਦਈਏ।
ਪ੍ਰਕਿਰਤੀ ਦੇ ਵੀ ਪ੍ਰੇਮੀ ਬਣਕੇ,ਧਰਤ ਨੂੰ ਸਵਰਗ ਬਣਾ ਦਈਏ।
'ਅਮਰੀਕ ਤਲਵੰਡੀ'ਜਿਹਾਂ ਨੂੰ ਵੀ,ਆਪਣੇ ਨਾਲ ਰਲਾ ਲਈਏ।
ਹੋਰ ਵੀ ਜਿੰਨੇ ਨੇ ਭੁੱਲੇ ਭਟਕੇ, ਸੱਚ ਦਾ ਮਾਰਗ ਵਿਖਾ ਦਈਏ।
ਸੰਗੀਤ ਨਾਲ ਸੀ ਪ੍ਰੇਮ ਉਹਨਾਂ ਦਾ,ਮਰਦਾਨਾ ਨਾਲ ਰਬਾਬੀ ਸੀ।
ਗੁਰੂ ਨਾਨਕ ਨਾਲੋਂ ਵੱਡਾ ਦੱਸੋ... ...

**ਅਮਰੀਕ ਸਿੰਘ ਤਲਵੰਡੀ ਕਲਾਂ,**
9463542896

## ਕਰਤਾਰਪੁਰ 'ਚ

ਘੁੰਮ ਚਾਰੇ ਚੱਕ ਜਹਾਨ ਦੇ
ਜਦ ਘਰ ਆਇਆ ਕਰਤਾਰ
ਕਰਤਾਰਪੁਰੇ ਦੀ ਨਗਰੀ
ਜਿਵੇਂ ਗਲ ਰਾਵੀ ਦਾ ਹਾਰ
ਜਿਵੇਂ ਝਮ ਝਮ ਪਾਣੀ ਲਿਸ਼ਕਦੇ
ਜਿਵੇਂ ਚਾਂਦੀ-ਵੰਨੀ ਧਾਰ
ਲਾਹ ਬਾਣਾ ਜੋਗ ਫ਼ਕੀਰ ਦਾ
ਮੁੜ ਮੱਲਿਆ ਆ ਸੰਸਾਰ
ਕਦੇ ਮੰਜੀ ਬਹਿ ਅਵਤਾਰੀਆ
ਕਰੇ ਦਸ ਨਹੁੰਆਂ ਦੀ ਕਾਰ
ਉਹਦੀ ਜੀਭ ਜਪੁਜੀ ਬੈਠਿਆ
ਤੇ ਅੱਖੀਂ ਨਾਮ-ਖ਼ੁਮਾਰ
ਸੁਣ ਸੋਹਬਾ ਰੱਬ ਦੇ ਜੀਵ ਦੀ
ਆ ਜੁੜਿਆ ਕੁੱਲ ਸੰਸਾਰ
ਤਦ ਕੁੱਲ ਜੱਗ ਚਾਨਣ ਹੋ ਗਿਆ
ਤੇ ਮਿਟੇ ਕੂੜ ਅੰਧਿਆਰ
ਚੌਹ ਕੂਟੀ ਸ਼ਬਦ ਇਹ ਗੂੰਜਿਆ
ਉਹ ਰੱਬ ਹੈ ਇਕ ਓਂਕਾਰ।

**ਸ਼ਿਵ ਕੁਮਾਰ ਬਟਾਲਵੀ**

## ਪਿਆਰਾ ਗੁਰੂ ਨਾਨਕ

ਤੇਰਾ ਰੂਪ ਹੈ ਰੱਬ ਦਾ ਰੂਪ ਨਾਨਕ,
ਤੇਰਾ ਦਿਲ ਹੈ ਸਦਾ ਨਿਰੰਕਾਰ ਅੰਦਰ।
ਕਾਗੋਂ ਹੰਸ ਹੋਵੇ ਉੱਚੀ ਵੰਸ ਵਾਲਾ,
ਇਹ ਹੈ ਪ੍ਰਭਤਾ ਤੇਰੇ ਦਰਬਾਰ ਅੰਦਰ।
ਬਣ ਕੇ ਵੈਦ ਜੇ ਦਏਂ ਹਰ-ਨਾਮ ਚੁਟਕੀ,
ਨਵੀਂ ਫੂਕ ਦਏਂ ਰੂਹ ਬੀਮਾਰ ਅੰਦਰ।
ਛੱਲ ਵੱਲ ਸਾਰੇ ਪੱਲ ਵਿੱਚ ਕੱਢੇਂ,
ਮੇਟੇਂ ਕੱਲ ਦੀ ਕੱਲ ਪਲਕਾਰ ਅੰਦਰ।

ਮਿੱਠਾ ਰਾਗ ਹੈ ਤੇਰੀ ਰਬਾਬ ਅੰਦਰ,
ਪ੍ਰੇਮ ਰੱਸ ਹੈ ਸਤ ਕਰਤਾਰ ਅੰਦਰ।
ਵਿੱਕ ਜਾਏਂ ਤੂੰ ਕਿਸੇ ਦੇ ਪਯਾਰ ਉੱਤੋਂ,
ਪਹੁੰਚੇਂ ਪਲ ਵਿੱਚ ਕਾਬਲ ਕੰਧਾਰ ਅੰਦਰ।
ਵਲੀ ਪੀਰ ਫ਼ਕੀਰ ਤੇ ਸਾਧ ਜੋਗੀ,
ਸਿਫ਼ਤ ਨਹੀਂ ਇਹ ਕਿਸੇ ਅਵਤਾਰ ਅੰਦਰ।
ਸਭਸ ਵਾਸਤੇ ਨੂਰ ਵਰਸਾਣ ਵਾਲਾ,
ਤੇਰਾ ਮੁਖੜਾ ਹੈ ਸੰਸਾਰ ਅੰਦਰ।

**ਵਿਧਾਤਾ ਸਿੰਘ ਤੀਰ**

## ਅਸੀਂ ਨਾਨਕ ਦੇ ਕੀ ਲੱਗਦੇ ਹਾਂ

ਨਾਨਕ ਤਾਂ ਪਹਿਲੇ ਦਿਨ ਹੀ
ਵਿਦਿਆਲੇ ਨੂੰ
ਵਿਦਿਆ ਦੀ ਵਲਗਣ ਨੂੰ
ਰੱਦ ਕੇ ਘਰ ਮੁੜੇ
ਘਰ ਮੁੜੇ ਘਰੋਂ ਜਾਣ ਲਈ
ਘਰੋਂ ਗਏ ਘਰ ਨੂੰ ਵਿਸਥਾਰਨ ਲਈ
ਵਿਸ਼ਾਲਣ ਲਈ

ਅਸੀਂ ਨਾਨਕ ਵਾਂਗ ਵਿਦਿਆਲੇ ਨੂੰ ਨਕਾਰ
ਨਹੀਂ ਸਕਦੇ
ਨਾਨਕ ਨਾਮ ਤੇ ਵਿਦਿਆਲੇ ਉਸਾਰ ਸਕਦੇ ਹਾਂ -
ਗੁਰੂ ਨਾਨਕ ਵਿਦਿਆਲਾ
ਗੁਰੂ ਨਾਨਕ ਮਹਾਂਵਿਦਿਆਲਾ
ਗੁਰੂ ਨਾਨਕ ਵਿਸ਼ਵਵਿਦਿਆਲਾ

ਵਿਦਿਆਲੇ ਦੇ ਸੋਧੇ ਪ੍ਰਬੋਧੇ ਅਸੀਂ
ਗਿਆਨੀ
ਵਿਦਿਆ ਦਾਨੀ
ਘਰਾਂ ਦੇ ਕੈਦੀ
ਪਤਵੰਤੇ ਸੱਜਣ
ਨਾਨਕ ਦੇ ਕੀ ਲੱਗਦੇ ਹਾਂ

**ਜਸਵੰਤ ਜ਼ਫ਼ਰ**

## ਬਾਬਾ ਨਾਨਕ


ਜਿਸ ਦੇ ਚਾਨਣ ਰਿਸ਼ਮਾਂ ਪਾਈਆਂ ਲਹਿਣੇ ਦੇ ਆਈਨੇ ਤੇ,
ਉਸ ਜੋਤ ਨੇ ਛਾਪ ਲਗਾਈ ਕੰਧਾਰੀ ਦੇ ਸੀਨੇ ਤੇ।
ਬਾਲਕ ਵਾਗੀ ਬੁਢਾ ਕੀਤਾ, ਬੇਰ ਬਣਾਇਆ ਰੇਠੇ ਦਾ,
ਰਾਇ ਬੁਲਾਰ ਮੁਰੀਦ ਕਰ ਲਿਆ, ਪਾ ਕੇ ਨੂਰ ਨਗੀਨੇ ਤੇ।
ਕਿਰਤੀ ਦਾ ਭੰਡਾਰ ਵਿਖਾਇਆ, ਅੰਨ੍ਹੇ ਮਾਇਆ ਧਾਰੀ ਨੂੰ,
ਸੱਜਣ ਠੱਗ ਨੂੰ ਝਾਤ ਪੁਆਈ, ਘਰ ਵਿਚ ਪਏ ਦਫ਼ੀਨੇ ਤੇ।
ਬ੍ਰਾਹਮਣ ਕਾਜ਼ੀ ਦੋਵੇਂ ਰਗੜੇ, ਨਿਯਤ ਦੀ ਘਸਵੱਟੀ ਤੇ,
ਉਹ ਅਛੂਤ ਬਰਾਬਰ ਤੋਲੇ, ਕਰਤਬ ਦੇ ਤਖ਼ਮੀਨੇ ਤੇ।
ਪ੍ਰੇਮ ਨਸ਼ੇ ਥੀਂ ਖੀਵਾ ਕੀਤਾ, ਅਮਲਾਂ ਦੇ ਦੀਵਾਨੇ ਨੂੰ।
ਮੱਕੇ ਵਾਲੇ ਨੂੰ ਭਰਮਾਇਆ, ਦਿਲ ਦੇ ਪਾਕ ਮਦੀਨੇ ਤੇ।
ਵਹਦਤ ਦਾ ਵਿਉਪਾਰੀ ਆਇਆ, ਹਾਦੀ ਹਿੰਦੂ ਮੁਸਲਿਮ ਦਾ,
ਮੰਦਰ ਮਸਜਿਦ ਸਾਂਝੇ ਕੀਤੇ, ਮਿਟੀ ਪਾਈ ਕੀਨੇ ਤੇ।
ਆ ਜਾ ਮਨ ਅਜ ਸ਼ੁਕਰਾਨੇ ਕਰੀਏ ਬਾਬੇ ਏਕੰਕਾਰੀ ਦੇ,
ਜਿਸ ਨੇ ਜੋਤ ਜਗਾਈ ਆਣ ਗੁਆਚੇ ਮਾਲ ਖਜੀਨੇ ਤੇ।
ਦੁਨੀਆਂ ਵਾਲਿਓ, ਕੁਝ ਨਾ ਪੁਛੋ ਮੇਰੇ ਐਬ ਸਵਾਬਾਂ ਦੀ,
ਚਾਤ੍ਰਿਕ ਦਾ ਹੈ ਤਕਵਾ ਆਪਣੇ ਰਹਬਰ ਦਾਨੇ ਬੀਨੇ ਤੇ।

**ਧਨੀ ਰਾਮ ਚਾਤ੍ਰਿਕ**

## ਨਾਨਕ

ਕੌਮ ਨੇ ਪੈਗ਼ਾਮੇ ਗੌਤਮ ਕੀ ਜ਼ਰਾ ਪਰਵਾਹ ਨ ਕੀ
ਕਦਰ ਪਹਚਾਨੀ ਨ ਅਪਨੇ ਗੌਹਰੇ ਯਕ ਦਾਨਾ ਕੀ
ਆਹ ! ਬਦਕਿਸਮਤ ਰਹੇ ਆਵਾਜ਼ੇ ਹਕ ਸੇ ਬੇਖ਼ਬਰ
ਗ਼ਾਫ਼ਿਲ ਅਪਨੇ ਫਲ ਕੀ ਸ਼ੀਰੀਨੀ ਸੇ ਹੋਤਾ ਹੈ ਸ਼ਜਰ
ਆਸ਼ਕਾਰ ਉਸਨੇ ਕੀਯਾ ਜੋ ਜ਼ਿੰਦਗੀ ਕਾ ਰਾਜ਼ ਥਾ
ਹਿੰਦ ਕੋ ਲੇਕਿਨ ਖ਼ਯਾਲੀ ਫ਼ਲਸਫ਼ੇ ਪਰ ਨਾਜ਼ ਥਾ
ਸ਼ਮਏਂ-ਹਕ ਸੇ ਜੋ ਮੁਨੱਵਰ ਹੋ ਯੇ ਵੋ ਮਹਫ਼ਿਲ ਨ ਥੀ
ਬਾਰਿਸ਼ੇ ਰਹਮਤ ਹੁਈ ਲੇਕਿਨ ਜ਼ਮੀਂ ਕਾਬਿਲ ਨ ਥੀ
ਆਹ ! ਸ਼ੂਦਰ ਕੇ ਲੀਏ ਹਿੰਦੁਸਤਾਨ ਗ਼ਮ ਖ਼ਾਨਾ ਹੈ
ਦਰਦੇ ਇਨਸਾਨੀ ਸੇ ਇਸ ਬਸਤੀ ਕਾ ਦਿਲ ਬੇਗਾਨਾ ਹੈ
ਬ੍ਰਹਮਨ ਸ਼ਰਸ਼ਾਰ ਹੈ ਅਬ ਤਕ ਮਯੇ ਪਿੰਦਾਰ ਮੇਂ
ਸ਼ਮਏਂ ਗੌਤਮ ਜਲ ਰਹੀ ਹੈ ਮਹਫ਼ਿਲੇ ਅਗ਼ਯਾਰ ਮੇਂ
ਬੁਤਕਦਾ ਫਿਰ ਬਾਦ ਮੁੱਦਤ ਕੇ ਰੌਸ਼ਨ ਹੁਆ
ਨੂਰੇ ਇਬਰਾਹੀਮ ਸੇ ਆਜ਼ਰ ਕਾ ਘਰ ਰੌਸ਼ਨ ਹੁਆ
ਫਿਰ ਉਠੀ ਆਖ਼ਿਰ ਸਦਾ ਤੌਹੀਦ ਕੀ ਪੰਜਾਬ ਸੇ
ਹਿੰਦ ਕੋ ਇਕ ਮਰਦੇ ਕਾਮਿਲ ਨੇ ਜਗਾਯਾ ਖ਼ਾਬ ਸੇ..

**ਡਾਕਟਰ ਮੁਹੰਮਦ ਇਕਬਾਲ**




## ਤੁਸੀਂ ਵੀ ਬਣ ਸਕਦੇ ਹੋ

# ਦੂਜਿਆਂ ਲਈ ਰਾਹ ਦਸੇਰੇ

ਅਕਸਰ ਅਸੀਂ ਬਾਹਰ ਦੀਆਂ ਚੁਣੌਤੀਆਂ ਤੋਂ ਨਹੀਂ, ਸਗੋਂ ਆਪਣੀਆਂ ਅੰਦਰਲੀਆਂਕਮਜ਼ੋਰੀਆਂ ਤੋਂ ਹਾਰਦੇ ਹਾਂ। ਇਸ ਗੱਲ ਦੀ ਵਿਆਖਿਆ ਕਰਨੀ ਬਹੁਤ ਆਸਾਨ ਹੈ ਕਿ ਅਸੀਂ ਕੀ ਹਾਂ ਪਰਇਸ ਗੱਲ ਨੂੰ ਜਾਣਨਾ ਬਹੁਤ ਮੁਸ਼ਕਿਲ ਹੈ ਕਿ ਅਸੀਂ ਕੀ ਬਣ ਸਕਦੇ ਹਾਂ। ਤੁਹਾਡੇ ਕੰਮ ਹੀ ਦੱਸਦੇ ਹਨਕਿ ਤੁਹਾਡੀ ਜ਼ਿੰਦਗੀ ਦਾ ਮਨੋਰਥ ਕੀ ਹੈ। ਭਵਿੱਖ ਵਿਚ ਤੈਅ ਕੀਤਾ ਮਨੋਰਥ ਤੁਹਾਡੇ ਅੱਜ ਦੇ ਯਤਨਾਂਨੂੰ ਤਾਕਤ ਦਿੰਦਾ ਹੈ। ਵਿਖਾਵੇ ਤੇ ਪਿਆਰ ਵਿਚ ਉਹ ਤਾਕਤ ਨਹੀਂ ਹੁੰਦੀ ਕਿ ਜਿਸ ਨਾਲ ਕਿਸੇ ਦਾਦਿਲ ਜਿੱਤਿਆ ਜਾ ਸਕੇ। ਉਸਾਰੂ ਸੋਚ, ਸਖ਼ਤ ਮਿਹਨਤ ਅਤੇ ਇਮਾਨਦਾਰ ਯਤਨਾਂ ਦੀ ਦੌਲਤ ਨਾਲ ਸਫਲਤਾਨੂੰ ਖਰੀਦਿਆ ਜਾ ਸਕਦਾ ਹੈ। ਕਿਸੇ ਦੇ ਕੰਮ ਆਉਣ ਦੀ ਖ਼ੁਸ਼ੀ ਹੀ ਤੁਹਾਡੇ ਲਈ ਖ਼ੁਸ਼ਹਾਲੀ ਬਣਦੀਹੈ। ਜਿਸ ਕੰਮ ਨੂੰ ਅਸੀਂ ਆਪਣੇ ਲਈ ਬੋਝ ਸਮਝਦੇ ਹਾਂ, ਉਹੀ ਕੰਮ ਔਖੇ ਹੁੰਦੇ ਹਨ, ਵਰਨਾ ਕੋਈਵੀ ਕੰਮ ਐਨਾ ਮੁਸ਼ਕਿਲ ਨਹੀਂ ਹੁੰਦਾ।ਤੁਸੀਂ ਦੂਜਿਆਂ ਦੀ ਜ਼ਿੰਦਗੀ ਲਈ ਰਾਹ ਦਸੇਰੇ ਬਣੋ, ਤੁਹਾਡੀ ਇਹ ਕੋਸ਼ਿਸ਼ਤੁਹਾਨੂੰ ਦੁਨੀਆ ਦੀ ਭੀੜ ਵਿਚ ਗੁਆਚਣ ਨਹੀਂ ਦੇਵੇਗੀ। ਇਹ ਜ਼ਰੂਰੀ ਨਹੀਂ ਕਿ ਜਿਸ ਰਸਤੇ 'ਤੇਲੋਕਾਂ ਦੀ ਬਹੁਗਿਣਤੀ ਜਾ ਰਹੀ ਹੋਵੇ, ਉਹ ਰਸਤਾ ਸਹੀ ਹੁੰਦਾ ਹੈ, ਬਲਕਿ ਤੁਸੀਂ ਸਹੀ ਰਸਤੇ ਦੀ ਚੋਣਕਰੋ। ਮੰਜ਼ਿਲ ਤੱਕ ਜਾਣ ਲਈ ਰਸਤੇ ਬਹੁਤ ਹੁੰਦੇ ਹਨ ਪਰ ਇਰਾਦਾ ਇਕ ਹੋਣਾ ਚਾਹੀਦਾ ਹੈ। ਜ਼ਿੰਦਗੀਦੀ ਕਿਸੇ ਉਚਾਈ ਨੂੰ ਸਬਰ ਨਾਲ ਸਰ ਕਰਨ ਵਾਲੇ ਲੋਕ ਕਦੇ ਵੀ ਇਕੱਲੇ ਨਹੀਂ ਹੁੰਦੇ, ਕਿਉਂਕਿਉਨ੍ਹਾਂ ਵਿਚ ਦੂਜਿਆਂ ਦਾ ਹੱਥ ਫੜ ਕੇ ਚੱਲਣ ਦਾ ਚਾਅ ਹੁੰਦਾ ਹੈ। ਉਨ੍ਹਾਂ ਕੋਲ ਜ਼ਿੰਦਗੀ ਜਿਉਣ ਦਾਹੁਨਰ ਅਤੇ ਸਲੀਕਾ ਹੁੰਦਾ ਹੈ। ਦਰਿਆ ਦਿਲ ਬੰਦੇ ਦੀ ਜ਼ਿੰਦਗੀ ਸਮੁੰਦਰ ਵਾਂਗ ਵਿਸ਼ਾਲ ਹੁੰਦੀ ਹੈ।ਆਪਣੀ ਜ਼ਿੰਦਗੀ ਨੂੰ ਐਨਾ ਸ਼ਾਨਦਾਰ ਬਣਾਓ ਕਿ ਤੁਹਾਨੂੰ ਯਾਦ ਕਰਦਿਆਂ ਹੀ ਕਿਸੇ ਦੀਆਂ ਅੱਖਾਂ ਵਿਚਚਮਕ ਆ ਜਾਵੇ। ਸੰਸਕਾਰਾਂ ਨਾਲ ਹੀ ਸੰਸਾਰ ਜਿੱਤਿਆ ਜਾ ਸਕਦਾ ਹੈ, ਵਰਨਾ ਹੰਕਾਰ ਨਾਲ ਤਾਂ ਬੰਦਾਆਪਣੇ-ਆਪ ਤੋਂ ਵੀ ਹਾਰ ਜਾਂਦਾ ਹੈ। ਹੁਸ਼ਿਆਰ ਹੋਣਾ ਚੰਗੀ ਗੱਲ ਹੈ ਪਰ ਹੁਸ਼ਿਆਰੀਆਂ ਕਰਨਾ ਬੁਰਾ।ਚੁਸਤ ਬਣੋ ਪਰ ਸੁਸਤ ਨਹੀਂ। ਚੰਗੇ ਸੁਭਾਅ ਦਾ ਕੱਦ ਖ਼ੂਬਸੂਰਤੀ ਦੇ ਕੱਦ ਨਾਲੋਂ ਉੱਚਾ ਹੁੰਦਾ ਹੈ।ਆਪਣੀ ਹਾਜ਼ਰੀ ਦਾ ਦਿਖਾਵਾ ਕਰਨ ਲਈ ਕਈ ਤਸਵੀਰਾਂ ਵਿਚ ਤੁਹਾਡੇ ਨਾਲ ਖੜ੍ਹਦੇ ਹਨ ਅਤੇ ਕਈ ਆਪਣੀਗ਼ੈਰ-ਹਾਜ਼ਰੀ ਵਿਚ ਤੁਹਾਡੀਆਂ ਤਕਲੀਫਾਂ ਵਿਚ ਤੁਹਾਡਾ ਸਾਥ ਦਿੰਦੇ ਹਨ। ਕੋਸ਼ਿਸ਼ ਹਮੇਸ਼ਾ ਕਰਦੇ ਰਹੋ,ਕਿਉਂਕਿ ਕੋਸ਼ਿਸ਼ ਕਰਨ ਨਾਲ ਜਿੱਤ ਭਾਵੇਂ ਨਾ ਹੋਵੇ ਪਰ ਸਿੱਖਣ ਨੂੰ ਬਹੁਤ ਕੁਝ ਮਿਲਦਾ ਹੈ। ਜਿੱਤਨਾਲ ਜਿੱਤਣਾ ਤੇ ਹਾਰ ਨਾਲ ਸਿੱਖਣਾ ਇਕ ਖ਼ੁਸ਼ੀ ਦਿੰਦਾ ਹੈ ਅਤੇ ਦੂਜਾ ਤਜਰਬਾ। ਅਮੀਰ ਤਜਰਬਾ ਦਿਲਾਂ'ਤੇ ਵੱਜੀਆਂ ਸੱਟਾਂ ਦਾ ਸੰਗ੍ਰਹਿ ਹੁੰਦਾ ਹੈ। ਇਹ ਸੱਚ ਹੈ ਕਿ ਜਿਥੇ ਤੁਹਾਡੀ ਗ਼ੈਰ-ਹਾਜ਼ਰੀ ਮਹਿਸੂਸਨਹੀਂ ਹੁੰਦੀ, ਉਥੇ ਤੁਹਾਡੀ ਹਾਜ਼ਰੀ ਦੀ ਵੀ ਕੀਮਤ ਨਹੀਂ ਹੁੰਦੀ। ਜੇਕਰ ਤੁਹਾਡੇ ਪੈਰ ਸਫਲਤਾ ਵੱਲਨਹੀਂ ਤੁਰਦੇ ਤਾਂ ਅਸਫਲਤਾ ਆਪਣੇ-ਆਪ ਚੱਲ ਕੇ ਤੁਹਾਡੇ ਕੋਲ ਆ ਜਾਂਦੀ ਹੈ। ਸਮੁੰਦਰ ਦੀਆਂ ਲਹਿਰਾਂਨੂੰ ਰੋਕਿਆ ਨਹੀਂ ਜਾ ਸਕਦਾ ਪਰ ਜੇਕਰ ਤੈਰਨ ਦਾ ਹੁਨਰ ਹੋਵੇ ਤਾਂ ਲਹਿਰਾਂ ਚਿੰਤਾ ਅਤੇ ਪ੍ਰੇਸ਼ਾਨੀ ਦਾਕਾਰਨ ਨਹੀਂ ਬਣਦੀਆਂ। ਚੰਗੇ ਬਣੋਗੇ ਤਾਂ ਚੰਗੇ ਨਜ਼ਰ ਆਉਣ ਦਾ ਵਿਖਾਵਾ ਨਹੀਂ ਕਰਨਾ ਪਵੇਗਾ।ਤੁਹਾਡੇ ਕੋਲ ਕੀ ਹੈ, ਇਸ ਨਾਲੋਂ ਇਹ ਜ਼ਿਆਦਾ ਮਹੱਤਵਪੂਰਨ ਹੈ ਕਿ ਤੁਸੀਂਖ਼ੁਦ ਕੀ ਹੋ। ਲੋਕ ਤੁਹਾਨੂੰ ਪਿਆਰ ਕਰਦੇ ਹਨ, ਇਸ ਤੋਂ ਵੱਡੀ ਤਸੱਲੀ ਕੋਈ ਨਹੀਂ। ਲੋਕ ਤੁਹਾਡੇ'ਤੇ ਯਕੀਨ ਕਰਦੇ ਹਨ, ਇਸ ਤੋਂ ਵੱਡੀ ਕੋਈ ਦੌਲਤ ਨਹੀਂ। ਲੋਕ ਤੁਹਾਡਾ ਸਾਥ ਦਿੰਦੇ ਹਨ, ਇਸ ਤੋਂਵੱਡੀ ਕੋਈ ਤਾਕਤ ਨਹੀਂ। ਲੋਕ ਤੁਹਾਨੂੰ ਯਾਦ ਕਰਦੇ ਹਨ, ਇਸ ਤੋਂ ਵੱਡਾ ਕੋਈ ਅਹਿਸਾਸ ਨਹੀਂ।ਲੋਕ ਤੁਹਾਡੇ ਤੋਂ ਪ੍ਰੇਰਿਤ ਹੁੰਦੇ ਹਨ, ਇਸ ਤੋਂ ਵੱਡੀ ਪ੍ਰਾਪਤੀ ਕੋਈ ਨਹੀਂ। ਲੋਕ ਤੁਹਾਡੇ ਬਾਰੇਚੰਗਾ ਸੋਚਦੇ ਹਨ, ਇਸ ਤੋਂ ਵੱਡੀ ਕੋਈ ਖ਼ੁਸ਼ੀ ਨਹੀਂ। ਇਹ ਦੌਲਤਾਂ, ਇੱਜ਼ਤਾਂ, ਪਿਆਰ, ਸਤਿਕਾਰ,ਦੁਆਵਾਂ, ਖ਼ੁਸ਼ੀਆਂ ਤੇ ਯਕੀਨ ਹੀ ਤੁਹਾਡੀ ਸਭ ਤੋਂ ਵੱਡੀ ਕਮਾਈ ਹੈ। ਇਕ ਚੰਗਾ ਮਨੋਰਥ ਤੁਹਾਨੂੰਕਦੇ ਆਲਸੀ ਨਹੀਂ ਹੋਣ ਦਿੰਦਾ। ਚੰਗੇ ਸੁਪਨੇ ਤੁਹਾਨੂੰ ਸਵੇਰੇ ਬਿਸਤਰੇ ਵਿਚੋਂ ਜਲਦੀ ਉੱਠਣ ਲਈਪ੍ਰੇਰਿਤ ਕਰਦੇ ਹਨ। ਹਰ ਚੀਜ਼ ਕਿਸਮਤ 'ਤੇ ਛੱਡੀ ਜਾਵੇ ਤਾਂ ਕਿਸਮਤ ਇਕ ਦਿਨ ਤੁਹਾਡੇ ਲਈ ਕੁਝ ਵੀਨਹੀਂ ਛੱਡਦੀ।ਬੱਚਿਆਂ ਲਈ ਮਾਪੇ ਉਨ੍ਹਾਂ ਦੀ ਜ਼ਿੰਦਗੀ ਦੇ ਪਹਿਲੇ ਰਾਹ ਦਸੇਰੇ ਹਨ। ਸਾਡੇਮਾਰਗ ਦਰਸ਼ਕ ਜਿੰਨੇ ਸੁੱਚੇ ਹੁੰਦੇ ਹਨ, ਅਸੀਂ ਓਨੇ ਹੀ ਉੱਚੇ ਹੁੰਦੇ ਹਾਂ। ਵਿਦਿਆਰਥੀਆਂ ਦੀਜ਼ਿੰਦਗੀ ਦੇ ਰਾਹ ਦਸੇਰੇ ਉਨ੍ਹਾਂ ਦੇ ਅਧਿਆਪਕ ਜਦੋਂ ਆਪਣੇ ਵਿਦਿਆਰਥੀਆਂ ਨੂੰ ਆਪਣੇ ਬੱਚੇ ਸਮਝਕੇ ਪੜ੍ਹਾਉਣਗੇ ਤਾਂ ਵਿਦਿਆਰਥੀਆਂ ਦੀ ਕਾਮਯਾਬੀ ਨੂੰ ਕੋਈ ਰੋਕ ਨਹੀਂ ਸਕਦਾ। ਨਿਰਸੰਦੇਹ, ਵਕਤਤੁਹਾਡੇ ਦਰਵਾਜ਼ੇ 'ਤੇ ਦਸਤਕ ਜ਼ਰੂਰ ਦੇਵੇਗਾ, ਮਿਹਨਤ ਦੇ ਹੱਥਾਂ ਨਾਲ ਜਦੋਂ ਦਰਵਾਜ਼ਾ ਖੋਲ੍ਹੋਗੇ ਤਾਂਵਕਤ ਦੇ ਨਾਲ ਕਿਸਮਤ ਵੀ ਅੰਦਰ ਲੰਘ ਆਵੇਗੀ। ਆਪਣੇ ਲਈ ਆਪਣੇ ਰਸਤੇ ਖ਼ੁਦ ਚੁਣੋ, ਕਿਉਂਕਿਆਪਣੀ ਜ਼ਿੰਦਗੀ ਦਾ ਸਫ਼ਰ ਤੁਸੀਂ ਆਪਣੇ ਪੈਰਾਂ ਨਾਲ ਤੈਅ ਕਰਨਾ ਹੈ। ਦੂਜਿਆਂ ਲਈ ਪ੍ਰੇਰਨਾਉਹੀ ਬਣਦੇ ਹਨ ਜੋ ਖ਼ੁਦ ਕਿਸੇ ਤੋਂ ਪ੍ਰੇਰਿਤ ਹੁੰਦੇ ਹਨ। ਚੰਗੀਆਂ ਪੁਸਤਕਾਂ, ਚੰਗੇ ਵਿਚਾਰ ਦਿੰਦੀਆਂਹਨ ਅਤੇ ਚੰਗੇ ਵਿਚਾਰ ਚੰਗੀ ਸੋਚ ਬਣਾਉਂਦੇ ਹਨ। ਤੁਸੀਂ ਜੋ ਸੋਚੋਗੇ, ਉਹੀ ਤੁਸੀਂ ਬਣੋਗੇ। ਇਕਚਰਿੱਤਰ ਹੈ ਜੋ ਤੁਹਾਨੂੰ ਆਪਣੇ-ਆਪ ਵਿਚ ਵੀ ਗੁੰਮ ਕਰ ਦਿੰਦਾ ਹੈ ਅਤੇ ਇਕ ਉਹ ਚਰਿੱਤਰ ਹੈ ਜੋਤੁਹਾਨੂੰ ਦੁਨੀਆ ਦੀ ਭੀੜ ਵਿਚ ਵੀ ਕਦੇ ਗੁਆਚਣ ਨਹੀਂ ਦਿੰਦਾ। ਚੰਗੇ ਅਤੇ ਖ਼ੁਸ਼ਹਾਲ ਸਮਾਜ ਚੰਗੀਆਂਮਾਵਾਂ ਦੀਆਂ ਚੰਗੀਆਂ ਸੋਚਾਂ ਦੇ ਚੰਗੇ ਸੰਕਲਪ ਹਨ, ਜਿਨ੍ਹਾਂ ਦੀਆਂ ਨੀਂਹਾਂ ਬਹੁਤ ਮਜ਼ਬੂਤ ਹਨ।



# ਪਹਿਰਾਵਾ ਸ਼ਖ਼ਸੀਅਤ ਮੁਤਾਬਿਕ

**ਲੇਖਕ : ਗੁਰਮਿੰਦਰ ਕੌਰ**

ਪਰਮਾਤਮਾ ਨੇ ਇਨਸਾਨ ਦੀ ਰਚਨਾ ਕਰਕੇ ਬੜਾ ਅਲੌਕਿਕ ਕੰਮ ਕੀਤਾ ਹੈ। ਇਨਸਾਨ ਸੋਚ ਸਕਦਾ ਹੈ, ਕਿਸੇ ਚੀਜ਼ ਦੀ ਸਿਰਜਣਾ ਕਰ ਸਕਦਾ ਹੈ। ਉਸ ਨੇ ਆਪਣੇ ਤਨ ਨੂੰ ਪੱਤਿਆਂ ਨਾਲ ਵੀ ਢਕਿਆ। ਅੱਜਕਲ੍ਹ ਬਹੁਤ ਔਖਾ ਕੰਮ ਹੋ ਗਿਆ ਹੈ ਕੱਪੜਿਆਂ ਦੀ ਚੋਣ ਕਰਨ ਦਾ। ਸਿਆਣੇ ਕਹਿੰਦੇ ਸਨ, 'ਖਾਓ ਮਨ ਭਾਉਂਦਾ ਤੇ ਪਾਓ ਜੱਗ ਭਾਉਂਦਾ।' ਜੇ ਇਸ ਵਿਚਾਰ ਨੂੰ ਵਿਚਾਰੀਏ ਤਾਂ ਜੋ ਰਿਵਾਜ ਦਾ ਕੱਪੜਾ ਚੱਲ ਰਿਹਾ ਹੈ, ਪਾ ਲਓ।

ਪਰ ਨਹੀਂ, ਜ਼ਰਾ ਸੋਚੋ ਉਸ ਪਰਮਾਤਮਾ ਨੇ ਤੁਹਾਡੀ ਰਚਨਾ ਕਿਵੇਂ ਦੀ ਕੀਤੀ ਹੈ। ਹਰੇਕ ਇਨਸਾਨ ਦੀ ਸਰੀਰਕ ਬਣਤਰ ਅਲੱਗ ਹੈ। ਸੋਚ ਅਲੱਗ ਹੈ। ਮਰਦ ਹੋਵੇ ਜਾਂ ਔਰਤ, ਹਰ ਇਕ ਦਾ ਫਰਜ਼ ਬਣਦਾ ਹੈ ਕਿ ਉਹ ਆਪਣੀ ਸ਼ਖ਼ਸੀਅਤ ਮੁਤਾਬਿਕ ਕੱਪੜਿਆਂ ਦੀ ਚੋਣ ਕਰਨ। ਰਿਵਾਜ ਛੱਡ ਕੇ ਇਹ ਦੇਖਣ ਕਿ ਉਨ੍ਹਾਂ ਨੂੰ ਕਿਹੜਾ ਪਹਿਰਾਵਾ ਜਚਦਾ ਹੈ। ਕਿਉਂਕਿ ਕਿਹਾ ਜਾਂਦਾ ਹੈ ਕਿ ਸੁਰਮਾ ਹਰ ਕੋਈ ਪਾ ਲੈਂਦਾ ਹੈ ਪਰ ਮਟਕਾਉਣਾ ਕਿਸੇ-ਕਿਸੇ ਨੂੰ ਆਉਂਦਾ ਹੈ। ਇਸ ਲਈ ਹੀ ਤਾਂ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਜਾਂ ਵੱਡੀਆਂ ਕੰਪਨੀਆਂ ਵਿਚ ਯੂਨੀਫਾਰਮ ਲਗਵਾਈ ਜਾਂਦੀ ਹੈ। ਇਸ ਨਾਲ ਅਮੀਰ-ਗਰੀਬ ਦਾ ਭੇਦ ਖ਼ਤਮ ਹੋ ਜਾਂਦਾ ਹੈ। ਜਿਸ ਖੇਤਰ ਵਿਚ ਯੂਨੀਫਾਰਮ ਨਹੀਂ ਹੈ, ਉਥੇ ਸਾਨੂੰ ਬੜੇ ਧਿਆਨ ਨਾਲ ਕੱਪੜਿਆਂ ਅਤੇ ਰੰਗਾਂ ਦੀ ਚੋਣ ਕਰਨੀ ਚਾਹੀਦੀ ਹੈ। ਅਧਿਆਪਕ ਜੋ ਸਮਾਜ ਦਾ ਸਿਰਜਣਹਾਰ ਹੈ, ਉਹ ਆਪਣੇ ਵਿਦਿਆਰਥੀਆਂ ਲਈ ਰੋਲ ਮਾਡਲ ਹੈ। ਉਸ ਨੂੰ ਚਾਹੀਦਾ ਹੈ ਕਿ ਉਹ ਹਮੇਸ਼ਾ ਸਾਫ਼-ਸੁਥਰੇ, ਸਾਦਾ ਤੇ ਟਿਕਾਊ ਕੱਪੜੇ ਪਾਵੇ। ਦਫ਼ਤਰ ਆਦਿ ਵਿਚ ਵੀ ਤੰਗ ਤੇ ਭੜਕੀਲੇ ਕੱਪੜਿਆਂ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ।

ਮਰਦ ਪ੍ਰਧਾਨ ਸਮਾਜ ਵਿਚ ਔਰਤ ਨੂੰ ਹੋਰ ਵੀ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ। ਫੈਸ਼ਨ ਦੀ ਅੰਨ੍ਹੀ ਦੌੜ ਵਿਚ ਕਦੇ ਵੀ ਸ਼ਾਮਿਲ ਨਹੀਂ ਹੋਣਾ ਚਾਹੀਦਾ। ਫੈਸ਼ਨ ਰਿਵਾਜ ਦੇ ਨਾਲ-ਨਾਲ ਜੇ ਅਸੀਂ ਆਪਣੀ ਸਰੀਰਕ ਬਣਤਰ, ਅਹੁਦੇ ਤੇ ਸ਼ਖ਼ਸੀਅਤ ਦਾ ਧਿਆਨ ਰੱਖ ਕੇ ਪਹਿਰਾਵਾ ਪਾਉਂਦੇ ਹਾਂ ਤਾਂ ਸਾਡੀ ਸ਼ਖ਼ਸੀਅਤ ਨੂੰ ਚਾਰ ਚੰਦ ਲੱਗ ਜਾਂਦੇ ਹਨ। ਜ਼ਰੂਰੀ ਨਹੀਂ ਕਿ ਕੱਪੜਾ ਮਹਿੰਗਾ ਤੇ ਭੜਕੀਲਾ ਹੋਵੇ ਤਾਂ ਹੀ ਚੰਗਾ ਲਗਦਾ ਹੈ। ਸਾਫ਼-ਸੁਥਰਾ, ਪ੍ਰੈੱਸ ਕੀਤਾ ਸਾਦਾ ਕੱਪੜਾ ਵੀ ਦੂਰੋਂ ਤੁਹਾਡੀ ਸ਼ਖ਼ਸੀਅਤ ਬਾਰੇ ਦੱਸ ਦਿੰਦਾ ਹੈ। ਪਰ ਅਫ਼ਸੋਸ ਕਿ ਪੱਛਮੀ ਸੱਭਿਅਤਾ ਦੀ ਅੰਨ੍ਹੀ ਦੌੜ ਦੇ ਪ੍ਰਭਾਵ ਥੱਲੇ ਅਸੀਂ ਆਪਣੇ ਪੂਰਵ ਦੇ ਸੰਸਕਾਰਾਂ ਨੂੰ ਭੁੱਲ ਕੇ ਅੱਧਨਗਨ ਕੱਪੜੇ ਪਾਉਣੇ ਸ਼ੁਰੂ ਕਰ ਦਿੱਤੇ ਹਨ। ਸੋ, ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਕੱਪੜਿਆਂ ਦੀ ਚੋਣ ਕਰਨ ਵੇਲੇ ਆਪਣੀ ਪਦਵੀ, ਹੈਸੀਅਤ ਅਤੇ ਸਰੀਰਕ ਬਣਤਰ ਦਾ ਖਿਆਲ ਜ਼ਰੂਰ ਰੱਖੀਏ। ਵਧੀਆ ਤੇ ਸਲੀਕੇ ਨਾਲ ਪਾਇਆ ਕੱਪੜਾ ਇਕ-ਚੌਥਾਈ ਸਾਡੇ ਸੁਹੱਪਣ ਨੂੰ ਵਧਾਉਂਦਾ ਹੈ ਤੇ ਜੇਕਰ ਅਸੀਂ ਨਿਮਰਤਾ ਨਾਲ ਤੇ ਮਿੱਠਾ ਬੋਲੀਏ ਤਾਂ ਸੋਨੇ 'ਤੇ ਸੁਹਾਗੇ ਵਾਲਾ ਕੰਮ ਹੋ ਜਾਂਦਾ ਹੈ।

# ਰਸੋਈ-ਘਰ ਵਿਚ ਜ਼ਰੂਰ ਵਰਤੋਂ ਇਹ ਸਾਵਧਾਨੀਆਂ

**ਲੇਖਕ : ਵਿਜੈ ਬਵੇਜਾ**



* ਰਸੋਈ-ਘਰ ਵਿਚ ਹਮੇਸ਼ਾ ਸੂਤੀ ਕੱਪੜੇ ਹੀ ਪਹਿਨੋ। ਟੇਰੇਲੀਨ, ਨਾਈਲੋਨ, ਰੇਸ਼ਮੀ ਕੱਪੜੇ ਤਾਪ ਦੇ ਸੁਚਾਲਕ ਹੁੰਦੇ ਹਨ ਅਤੇ ਅੱਗ ਨੂੰ ਛੇਤੀ ਫੜਦੇ ਹਨ। ਸਾੜ੍ਹੀ ਬੰਨ੍ਹ ਕੇ ਕੰਮ ਕਰ ਰਹੇ ਹੋ ਤਾਂ ਸਾੜ੍ਹੀ ਦਾ ਪੱਲੂ ਹੇਠਾਂ ਨਾ ਲਟਕੇ, ਇਹ ਵੀ ਧਿਆਨ ਰੱਖੋ। ਪਹਿਨੇ ਹੋਏ ਸੂਤੀ ਕੱਪੜੇ ਜ਼ਿਆਦਾ ਢਿੱਲੇ ਨਾ ਹੋਣ।
* ਗੈਸ ਚੁੱਲ੍ਹਾ ਜਲਾਉਣ ਤੋਂ ਪਹਿਲਾਂ ਮਾਚਿਸ ਜਾਂ ਲਾਈਟਰ ਅਤੇ ਹੋਰ ਸਮੱਗਰੀ ਆਪਣੇ ਕੋਲ ਇਕੱਠੀ ਜ਼ਰੂਰ ਕਰ ਲਓ।
* ਦਾਲ, ਚੌਲ ਆਦਿ ਨੂੰ ਚੁਗਣ ਦਾ ਕੰਮ ਭੋਜਨ ਪਕਾਉਂਦੇ ਸਮੇਂ ਨਾ ਕਰਕੇ ਭੋਜਨ ਪਕਾਉਣ ਤੋਂ ਪਹਿਲਾਂ ਹੀ ਕਰੋ।
* ਰਸੋਈ-ਘਰ ਵਿਚ ਹਮੇਸ਼ਾ ਪੈਰਾਂ ਵਿਚ ਤਿਲਕਣ ਵਾਲੀਆਂ ਚੱਪਲਾਂ ਜਾਂ ਉੱਚੀ ਅੱਡੀ ਵਾਲੇ ਸੈਂਡਲ ਨਾ ਪਹਿਨੋ।
* ਘੱਟ ਸਮੱਗਰੀ ਪਕਾਉਣ ਲਈ ਹਮੇਸ਼ਾ ਛੋਟੇ ਭਾਂਡਿਆਂ ਦੀ ਹੀ ਵਰਤੋਂ ਕਰੋ। ਇਸ ਨਾਲ ਗੈਸ ਦੀ ਵੀ ਬੱਚਤ ਹੁੰਦੀ ਹੈ।
* ਖਾਣ ਵਾਲੀਆਂ ਚੀਜ਼ਾਂ ਨੂੰ ਹਮੇਸ਼ਾ ਢਕ ਕੇ ਰੱਖੋ ਤਾਂ ਕਿ ਕੀੜੇ-ਪਤੰਗੇ ਜਾਂ ਕੋਈ ਜ਼ਹਿਰੀਲੀ ਚੀਜ਼ ਨਾ ਡਿਗ ਸਕੇ।
* ਰਸੋਈ ਦੇ ਮਸਾਲੇ ਅਤੇ ਹੋਰ ਸਾਮਾਨ ਹਮੇਸ਼ਾ ਪ੍ਰਮਾਣਿਤ ਕੰਪਨੀਆਂ ਜਾਂ ਇਗਮਾਰਕ ਦੇ ਹੀ ਵਰਤੋਂ ਕਰੋ।
* ਮਾਚਿਸ, ਮੋਮਬੱਤੀ ਜਾਂ ਲੈਂਪ ਨੂੰ ਹਮੇਸ਼ਾ ਇਕ ਹੀ ਜਗ੍ਹਾ 'ਤੇ ਰੱਖੋ ਤਾਂ ਕਿ ਹਨੇਰੇ ਵਿਚ ਵੀ ਉਨ੍ਹਾਂ ਨੂੰ ਲੱਭਿਆ ਜਾ ਸਕੇ।
* ਮਾਚਿਸ ਅਤੇ ਲਾਈਟਰ ਨੂੰ ਹਮੇਸ਼ਾ ਗੈਸ ਚੁੱਲ੍ਹੇ ਦੇ ਨੇੜੇ ਹੀ ਰੱਖੋ ਤਾਂ ਕਿ ਬਾਅਦ ਵਿਚ ਲੱਭਣਾ ਨਾ ਪਵੇ।
* ਰਸੋਈ-ਘਰ ਦੀਆਂ ਸਾਰੀਆਂ ਜ਼ਰੂਰੀ ਵਸਤੂਆਂ ਨੂੰ ਵਿਵਸਥਿਤ ਹੀ ਰੱਖੋ। ਇਸ ਨਾਲ ਰਸੋਈ-ਘਰ ਦੀ ਸੁੰਦਰਤਾ ਵਧੇਗੀ ਅਤੇ ਸਾਮਾਨ ਲੱਭਣ ਵਿਚ ਵੀ ਪ੍ਰੇਸ਼ਾਨੀ ਨਹੀਂ ਹੋਵੇਗੀ।
* ਰਸੋਈ-ਘਰ ਵਿਚ ਕਿਤੇ ਵੀ ਸਬਜ਼ੀ ਜਾਂ ਚਾਹ ਆਦਿ ਵਸਤੂ ਡਿਗਣ 'ਤੇ ਉਸ ਜਗ੍ਹਾ 'ਤੇ ਗਿੱਲੇ ਕੱਪੜੇ ਦਾ ਪੋਚਾ ਜ਼ਰੂਰ ਲਗਾ ਦਿਓ, ਤਾਂ ਕਿ ਉਥੇ ਕੋਈ ਦਾਗ-ਧੱਬਾ ਨਾ ਰਹਿ ਸਕੇ ਅਤੇ ਉਥੇ ਮੱਖੀਆਂ ਵੀ ਨਾ ਆ ਸਕਣ।
* ਰਸੋਈ-ਘਰ ਦੀਆਂ ਖਿੜਕੀਆਂ 'ਤੇ ਕਦੇ ਪਰਦੇ ਨਾ ਲਗਾਓ, ਕਿਉਂਕਿ ਬਾਹਰੋਂ ਹਵਾ ਤੇਜ਼ ਆਉਣ 'ਤੇ ਪਰਦੇ ਦੇ ਨੇੜੇ ਰੱਖੀਆਂ ਚੀਜ਼ਾਂ ਨੂੰ ਪਰਦੇ ਸੁੱਟ ਸਕਦੇ ਹਨ ਜਾਂ ਗੈਸ ਨਾਲ ਦੁਰਘਟਨਾ ਵੀ ਹੋ ਸਕਦੀ ਹੈ।
* ਰਸੋਈ-ਘਰ ਵਿਚ ਖੜ੍ਹੇ-ਖੜ੍ਹੇ ਜ਼ਿਆਦਾ ਕੰਮ ਕਰਨ ਨਾਲ ਤੁਸੀਂ ਥੱਕ ਵੀ ਸਕਦੇ ਹੋ। ਇਸ ਲਈ ਬੈਠ ਕੇ ਕੰਮ ਕਰਨ ਲਈ ਕੋਈ ਉੱਚਾ ਸਟੂਲ ਜਾਂ ਕੁਰਸੀ ਜ਼ਰੂਰ ਰੱਖੋ।
* ਸਿੰਕ (ਜੂਠੇ ਭਾਂਡੇ ਧੋਣ ਵਾਲੀ ਜਗ੍ਹਾ) ਵਿਚ ਜ਼ਿਆਦਾ ਦੇਰ ਤੱਕ ਜੂਠੇ ਭਾਂਡੇ ਨਾ ਰਹਿਣ ਦਿਓ। ਇਸ ਨਾਲ ਗੰਦਗੀ ਫੈਲੇਗੀ।
* ਸਿੰਕ ਵਿਚੋਂ ਪਾਣੀ ਬਾਹਰ ਕੱਢਣ ਦੀ ਸਹੀ ਵਿਵਸਥਾ ਹੋਣੀ ਚਾਹੀਦੀ ਹੈ।


ਕਿਰਤ ਕਰ
ਨਾਮ ਜਪੋ
ਵੰਡ ਛਕੋ
ੴ
ਸ੍ਰੀ ਗੁਰੂ ਨਾਨਕ ਦੇਵ ਜੀ ਦੇ
555ਵੇਂ ਪ੍ਰਕਾਸ਼ ਪੁਰਬ
ਦੀਆਂ ਆਪ ਨੂੰ
ਲੱਖ ਲੱਖ ਵਧਾਈਆਂ
SUKH
DHALIWAL MP
SURREY - NEWTON
#202 - 12992 76 Avenue
Surrey, British Columbia
V3W 2V6
Ph.: 604.598.2200
E-mail : sukh.dhaliwal@parl.gc.ca


ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ 555ਵੇਂ ਪ੍ਰਕਾਸ਼ ਪੁਰਬ ਦੀਆਂ ਲੱਖ ਲੱਖ ਵਧਾਈਆਂ
A F G
APICAL FINANCIAL GROUP
MORTGAGE
· RESIDENTIAL
· REFINANCE
· EQUITY MORTGAGE
COMMERCIAL
· CONSTRUCTION
· PRIVATE LENDING
· DEBT CONSOLIDATION
abw
A BETTER WAY MORTGAGE GROUP
MORTGAGE ARCHITECTS
NEETU BEDI
Mortgage Advisor
604.379.7212
nbedimortgages@gmail.com

# ਕੈਨੇਡਾ ਦੇ ਇਤਿਹਾਸ ਬਾਰੇ ਘੱਟ ਕੈਨੇਡੀਅਨ ਜਾਣਦੇ ਹਨ : ਸਰਵੇਖਣ

ਸਰੀ, (ਸਿਮਰਨਜੀਤ ਸਿੰਘ): ਹਿਸਟੋਰਿਕਾ ਕੈਨੇਡਾ ਵੱਲੋਂ ਇੱਕ ਤਾਜ਼ਾ ਕਰਵਾਏ ਗਏ ਸਰਵੇਖਣ 'ਚ ਇਹ ਖੁਲਾਸਾ ਕੀਤਾ ਹੈ ਕਿ ਬਹੁਤ ਸਾਰੇ ਕੈਨੇਡੀਅਨ ਆਪਣੇ ਦੇਸ਼ ਦੇ ਇਤਿਹਾਸ ਬਾਰੇ ਬਹੁਤ ਘੱਟ ਜਾਣਦੇ ਹਨ। ਇਸ ਸਰਵੇ ਨੇ ਇਤਿਹਾਸਕ ਜਾਣਕਾਰੀ ਦੀ ਘਾਟ ਦੀ ਚਿੰਤਾ ਨੂੰ ਸਾਫ਼ ਉਜਾਗਰ ਕੀਤਾ ਹੈ। ਇਹ ਨਤੀਜੇ ਦਰਸਾਉਂਦੇ ਹਨ ਕਿ ਕੈਨੇਡੀਅਨ ਇਤਿਹਾਸ, ਵਿਸ਼ੇਸ਼ ਤੌਰ 'ਤੇ ਉਨ੍ਹਾਂ ਮਹਾਨ ਵਿਅਕਤੀਆਂ ਅਤੇ ਘਟਨਾਵਾਂ ਬਾਰੇ, ਜੋ ਕੈਨੇਡੀਅਨ ਸਮਾਜ ਵਿੱਚ ਅਹਿਮ ਯੋਗਦਾਨ ਪਾਉਂਦੀਆਂ ਹਨ, ਕਈ ਲੋਕਾਂ ਨੂੰ ਉਨ੍ਹਾਂ ਦੀ ਵੀ ਜਾਣਕਾਰੀ ਨਹੀਂ ਹੈ।




ਇਸ ਸਰਵੇ ਵਿੱਚ ਕੁਲ 1,001 ਕੈਨੇਡੀਅਨਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ ਕੇਵਲ 18 ਪ੍ਰਤੀਸ਼ਤ ਨੇ ਹੀ 30 ਸਵਾਲਾਂ ਵਿੱਚੋਂ 15 ਜਾਂ ਵੱਧ ਸਹੀ ਜਵਾਬ ਦਿੱਤੇ। ਹਿਸਟੋਰਿਕਾ ਕੈਨੇਡਾ ਦੇ ਪ੍ਰਧਾਨ ਅਤੇ ਸੀਈਓ ਐਂਥਨੀ ਵਿਲਸਨ-ਸਮਿਥ ਨੇ ਨਤੀਜਿਆਂ 'ਤੇ ਆਪਣੀ ਚਿੰਤਾ ਪ੍ਰਗਟ ਕਰਦਿਆਂ ਕਿਹਾ, "ਸਾਡੇ ਉੱਤਰਦਾਤਾਵਾਂ ਨੇ ਬਹੁਤ ਬੁਰਾ ਪ੍ਰਦਰਸ਼ਨ ਕੀਤਾ।" ਉਹਨਾਂ ਦਾ ਮਤਲਬ ਸੀ ਕਿ ਕੈਨੇਡੀਅਨਾਂ ਨੂੰ ਆਪਣੇ ਇਤਿਹਾਸ ਬਾਰੇ ਵਧੇਰੇ ਜਾਣਕਾਰੀ ਹੋਣੀ ਚਾਹੀਦੀ ਹੈ, ਖ਼ਾਸਕਰ ਉਹਨਾਂ ਬਹੁਮੁੱਲੇ ਵਿਅਕਤੀਆਂ ਬਾਰੇ ਜਿਨ੍ਹਾਂ ਨੇ ਨਾਗਰਿਕ ਅਧਿਕਾਰਾਂ ਦੀ ਲੜਾਈ ਲੜੀ। ਵਿਓਲਾ ਡੇਸਮੰਡ, ਜੋ ਕਿ ਕੈਨੇਡੀਅਨ ਸਿਵਲ ਰਾਈਟਸ ਅੰਦੋਲਨ ਦੀ ਇੱਕ ਪ੍ਰਮੁੱਖ ਹਸਤੀ ਸਨ ਅਤੇ ਜਿਨ੍ਹਾਂ ਦੀ ਤਸਵੀਰ ਪਿਛਲੇ ਛੇ ਸਾਲਾਂ ਤੋਂ $10 ਦੇ ਨੋਟ 'ਤੇ ਹੈ, ਬਾਰੇ ਅੱਧੇ ਤੋਂ ਵੱਧ ਉੱਤਰਦਾਤਾਵਾਂ ਨੂੰ ਜਾਣਕਾਰੀ ਨਹੀਂ ਸੀ। ਇਹ ਹੈਰਾਨੀਜਨਕ ਗੱਲ ਹੈ ਕਿ ਇਸਦੇ ਬਾਵਜੂਦ ਵੀ ਉਨ੍ਹਾਂ ਬਾਰੇ ਜਾਣਕਾਰੀ ਦੀ ਘਾਟ ਹੈ। ਇਸ ਤੋਂ ਇਲਾਵਾ, ਮਸ਼ਹੂਰ ਲੇਖਕ ਲੂਸੀ ਮੌਡ ਮੌਂਟਗੋਮਰੀ ਬਾਰੇ ਵੀ 56 ਪ੍ਰਤੀਸ਼ਤ ਲੋਕਾਂ ਨੇ ਕਿਹਾ ਕਿ ਉਹਨਾਂ ਨੇ ਕਦੇ ਨਹੀਂ ਸੁਣਿਆ।

ਇਹ ਸਿਰਫ਼ ਵਿਓਲਾ ਡੇਸਮੰਡ ਤੱਕ ਹੀ ਸੀਮਤ ਨਹੀਂ ਹੈ। ਬਹੁਤ ਸਾਰੇ ਕੈਨੇਡੀਅਨ ਮਸ਼ਹੂਰ ਇਤਿਹਾਸਕਾਰ ਪਿਅਰ ਬਰਟਨ ਅਤੇ ਸਰਜਨ ਨੌਰਮਨ ਬੈਥੂਨ ਬਾਰੇ ਵੀ ਜਾਣਕਾਰੀ ਨਹੀਂ ਰੱਖਦੇ।

ਇਹ ਅੰਕੜੇ ਦਰਸਾਉਂਦੇ ਹਨ ਕਿ ਕੈਨੇਡੀਅਨ ਸਿੱਖਿਆ ਪ੍ਰਣਾਲੀ ਵਿੱਚ ਘਾਟ ਹੈ। ਕੁਝ ਮਾਹਰਾਂ ਦਾ ਕਹਿਣਾ ਹੈ ਕਿ ਅਜਿਹਾ ਇਸ ਵਜ੍ਹਾ ਕਰਕੇ ਹੈ ਕਿ ਬਹੁਤ ਸਾਰੇ ਸੂਬਿਆਂ ਅਤੇ ਪ੍ਰਦੇਸ਼ਾਂ ਵਿੱਚ ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਗ੍ਰੈਜੂਏਟ ਹੋਣ ਤੋਂ ਪਹਿਲਾਂ ਕੈਨੇਡੀਅਨ ਇਤਿਹਾਸ ਦੀ ਲਾਜ਼ਮੀ ਕਲਾਸ ਲੈਣ ਦੀ ਲੋੜ ਨਹੀਂ ਹੁੰਦੀ। ਮਾਈਕਲ ਜ਼ਵਾਗਸਟ੍ਰਾ, ਜੋ ਕਿ ਮੈਨੀਟੋਬਾ ਵਿੱਚ ਇਤਿਹਾਸ ਦੇ ਅਧਿਆਪਕ ਹਨ, ਦਾ ਕਹਿਣਾ ਹੈ, "ਕੁਝ ਨਵੇਂ ਕੈਨੇਡੀਅਨ, ਜੋ ਨਾਗਰਿਕਤਾ ਪ੍ਰਕਿਰਿਆ ਦੇ ਹਿੱਸੇ ਵਜੋਂ 'ਡਿਸਕਵਰ ਕੈਨੇਡਾ' ਗਾਈਡ ਦਾ ਅਧਿਐਨ ਕਰਦੇ ਹਨ ਅਤੇ ਇੱਕ ਟੈਸਟ ਪਾਸ ਕਰਦੇ ਹਨ, ਉਹ ਵੀ ਗ੍ਰੇਡ 12 ਦੇ ਵਿਦਿਆਰਥੀਆਂ ਨਾਲੋਂ ਵਧੇਰੇ ਜਾਣਕਾਰੀ ਰੱਖਦੇ ਹਨ।"

ਐਂਥਨੀ ਵਿਲਸਨ-ਸਮਿਥ ਦਾ ਕਹਿਣਾ ਹੈ ਕਿ "ਬਹੁਤ ਸਾਰੇ ਪ੍ਰੋਵਿੰਸ, ਕੈਨੇਡੀਅਨ ਇਤਿਹਾਸ ਨੂੰ ਪੜ੍ਹਾਉਣ ਲਈ ਜ਼ਿਆਦਾ ਸਮਾਂ ਨਹੀਂ ਲਗਾਉਂਦੇ।" ਇਹ ਗੱਲ ਯੂਐਸ ਦੇ ਮੁਕਾਬਲੇ ਵਿੱਚ ਸਪੱਸ਼ਟ ਹੋ ਜਾਂਦੀ ਹੈ, ਜਿੱਥੇ 50 ਵਿੱਚੋਂ 46 ਰਾਜਾਂ ਵਿੱਚ ਹਾਈ ਸਕੂਲ ਦੇ ਵਿਦਿਆਰਥੀਆਂ ਲਈ ਅਮਰੀਕੀ ਇਤਿਹਾਸ ਇੱਕ ਲਾਜ਼ਮੀ ਕੋਰਸ ਹੈ।

# ਕੈਨੇਡਾ ਦੀਆਂ ਬੰਦਰਗਾਹਾਂ ’ਤੇ ਚਲ ਰਹੇ ਲੇਬਰ ਵਿਵਾਦ ਨੂੰ ਜਲਦ ਹਲ ਕੀਤਾ ਜਾਵੇਗਾ: ਲੇਬਰ ਮੰਤਰੀ ਸਟੀਵਨ ਮੈਕਿਨਨ

ਸਰੀ, (ਸਿਮਰਨਜੀਤ ਸਿੰਘ): ਫ਼ੈਡਰਲ ਲੇਬਰ ਮੰਤਰੀ ਸਟੀਵਨ ਮੈਕਿਨਨ ਨੇ ਕੁਝ ਮਹੱਤਵਪੂਰਣ ਜਾਣਕਾਰੀ ਸਾਂਝੀ ਕੀਤੀ ਹੈ ਜਿਸ ਨਾਲ ਕੈਨੇਡਾ ਵਿੱਚ ਲੇਬਰ ਸੰਬੰਧੀ ਵਿਵਾਦ ਦੀ ਚਰਚਾ ਹੋ ਰਹੀ ਹੈ। ਮੈਕਿਨਨ ਨੇ ਕਿਊਬੈਕ ਅਤੇ ਬ੍ਰਿਟਿਸ਼ ਕੋਲੰਬੀਆ (ਬੀਸੀ) ਦੀਆਂ ਬੰਦਰਗਾਹਾਂ ’ਤੇ ਚੱਲ ਰਹੇ ਲੇਬਰ ਵਿਵਾਦ ਨੂੰ ਹੱਲ ਕਰਨ ਲਈ ਇੱਕ ਵਿਵਾਦਿਤ ਕਦਮ ਚੁੱਕਿਆ ਹੈ। ਇਹ ਵਿਵਾਦ ਹੁਣ ਕੈਨੇਡਾ ਇੰਡਸਟਰੀਅਲ ਰਿਲੇਸ਼ਨਜ਼ ਬੋਰਡ (ਛ੍ਰਿਭ) ਕੋਲ ਬਾਇਨਡਿੰਗ ਆਰਬਿਟ੍ਰੇਸ਼ਨ ਲਈ ਭੇਜ ਦਿੱਤਾ ਗਿਆ ਹੈ, ਜਿਸ ਦਾ ਮਤਲਬ ਹੈ ਕਿ ਇਸ ਤੋਂ ਹੁਣ ਅੰਤਮ ਫੈਸਲਾ ਬੋਰਡ ਦੁਆਰਾ ਲਿਆਂਦਾ ਜਾਵੇਗਾ ਅਤੇ ਧਿਰਾਂ ਨੂੰ ਇਹ ਮੰਨਣਾ ਹੀ ਪਵੇਗਾ।



ਮੰਤਰੀ ਮੈਕਿਨਨ ਨੇ ਆਪਣੇ ਬਿਆਨ ਵਿੱਚ ਇਸ ਮਾਮਲੇ ਦੀ ਗੰਭੀਰਤਾ ਉੱਤੇ ਰੌਸ਼ਨੀ ਪਾਈ ਅਤੇ ਦੱਸਿਆ ਕਿ ਮੌਜੂਦਾ ਲੇਬਰ ਵਿਵਾਦ ਅਜਿਹੀ ਸਥਿਤੀ ਵਿੱਚ ਪਹੁੰਚ ਚੁੱਕਾ ਹੈ ਜਿੱਥੇ ਧਿਰਾਂ ਵਿਚਕਾਰ ਕਿਸੇ ਤਰ੍ਹਾਂ ਦੀ ਸਹਿਮਤੀ ਬਣਦੀ ਨਹੀਂ ਦਿਸਦੀ। ਇਹ ਵਿਵਾਦ ਬੀਸੀ ਦੀਆਂ ਬੰਦਰਗਾਹਾਂ ਅਤੇ ਮੌਂਟਰੀਅਲ ਦੀ ਬੰਦਰਗਾਹ ’ਤੇ ਕੰਮ ਦੇ ਰੁਕਣ ਨਾਲ ਜੁੜਿਆ ਹੋਇਆ ਹੈ, ਜਿਸ ਨਾਲ ਕੈਨੇਡਾ ਦੀ ਸਪਲਾਈ ਚੇਨ, ਹਜ਼ਾਰਾਂ ਨੌਕਰੀਆਂ, ਅਤੇ ਦੇਸ਼ ਦੀ ਇੱਕ ਭਰੋਸੇਮੰਦ ਵਪਾਰਕ ਭਾਈਵਾਲ ਵਜੋਂ ਸਾਖ ’ਤੇ ਵੀ ਬੁਰਾ ਪ੍ਰਭਾਵ ਪੈ ਰਿਹਾ ਹੈ।

ਇਹ ਮਾਮਲਾ ਨਾ ਸਿਰਫ ਬੰਦਰਗਾਹਾਂ ਤੱਕ ਹੀ ਸੀਮਤ ਹੈ, ਸਗੋਂ ਇਸ ਦਾ ਅਸਰ ਪੂਰੇ ਦੇਸ਼ ਦੇ ਵਪਾਰਕ ਤੰਦਰੁਸਤੀ ਅਤੇ ਅਰਥਵਿਵਸਥਾ ’ਤੇ ਪੈ ਰਿਹਾ ਹੈ। ਸਪਲਾਈ ਚੇਨ ’ਚ ਰੁਕਾਵਟਾਂ ਕਾਰਨ ਬਹੁਤ ਸਾਰੇ ਵਪਾਰਕ ਸਮੂਹਾਂ ਨੇ ਆਪਣੀ ਚਿੰਤਾ ਪ੍ਰਗਟ ਕੀਤੀ ਹੈ ਅਤੇ ਸਰਕਾਰ ਤੋਂ ਮਦਦ ਲਈ ਅਪੀਲ ਕੀਤੀ ਹੈ ਤਾਂ ਜੋ ਸਮਾਨ ਦੇ ਪ੍ਰਵਾਹ ਨੂੰ ਬਹਾਲ ਕੀਤਾ ਜਾ ਸਕੇ।

ਕੈਨੇਡਾ ਦੇ ਵਪਾਰਕ ਸਮੂਹ, ਜੋ ਕਿ ਆਰਥਿਕਤਾ ਲਈ ਇੱਕ ਅਹਿਮ ਹਿੱਸਾ ਹੈ, ਨੇ ਸਰਕਾਰੀ ਦਖ਼ਲ ਦੀ ਪੁਰਜ਼ੋਰ ਮੰਗ ਕੀਤੀ ਹੈ। ਉਹਨਾਂ ਦਾ ਕਹਿਣਾ ਹੈ ਕਿ ਦੇਸ਼ ਦੀਆਂ ਬੰਦਰਗਾਹਾਂ ’ਤੇ ਕੰਮ ਦੇ ਰੁਕਣ ਨਾਲ ਉਨ੍ਹਾਂ ਦੇ ਕਾਰੋਬਾਰ ਨੂੰ ਨੁਕਸਾਨ ਹੋ ਰਿਹਾ ਹੈ ਅਤੇ ਇਸ ਨਾਲ ਕੁੱਲ ਆਰਥਿਕ ਪ੍ਰਗਤੀ ਵਿੱਚ ਵੀ ਰੁਕਾਵਟ ਆ ਰਹੀ ਹੈ। ਸਰਕਾਰ ਦਾ ਇਹ ਦਖਲ ਨਾ ਹੀ ਪਹਿਲੀ ਵਾਰ ਹੋ ਰਿਹਾ ਹੈ। ਅਗਸਤ ਵਿੱਚ, ਮੈਕਿਨਨ ਨੇ ਦੋ ਮੁੱਖ ਰੇਲ ਕੰਪਨੀਆਂ ਦੇ ਕੰਮਕਾਜ ਨੂੰ ਠੱਪ ਕਰਨ ਵਾਲੇ ਲੇਬਰ ਵਿਵਾਦ ਨੂੰ ਵੀ ਬਾਇਨਡਿੰਗ ਆਰਬਿਟ੍ਰੇਸ਼ਨ ਲਈ ਭੇਜਿਆ ਸੀ। ਉਹਨਾਂ ਨੇ ਕਿਹਾ, "ਇਸ ਤਰ੍ਹਾਂ ਦੇ ਵਿਵਾਦਾਂ ਦਾ ਹੱਲ ਲੱਭਣਾ ਕੈਨੇਡਾ ਦੀ ਸਥਿਰਤਾ ਲਈ ਬਹੁਤ ਜ਼ਰੂਰੀ ਹੈ, ਖ਼ਾਸ ਕਰਕੇ ਜਦੋਂ ਇਹ ਅਰਥਵਿਵਸਥਾ ਦੇ ਅਹਿਮ ਹਿੱਸਿਆਂ ਨੂੰ ਪ੍ਰਭਾਵਿਤ ਕਰਦੇ ਹਨ।

ਮੈਕਿਨਨ ਨੇ ਇਸ ਸੰਕਟ ਦੇ ਹੱਲ ’ਤੇ ਆਪਣੀ ਉਮੀਦ ਵੀ ਜਤਾਈ ਹੈ। ਉਹਨਾਂ ਨੇ ਕਿਹਾ, "ਮੈਂ ਉਮੀਦ ਕਰਦਾ ਹਾਂ ਕਿ ਕੁਝ ਦਿਨਾਂ ਵਿੱਚ ਹੀ ਕੰਮਕਾਜ ਦੁਬਾਰਾ ਚਾਲੂ ਹੋ ਜਾਵੇਗਾ ਅਤੇ ਸਪਲਾਈ ਚੇਨ ਮੁੜ ਸਥਿਰ ਹੋਵੇਗੀ।" ਇਸ ਦੇ ਨਾਲ ਹੀ, ਇਹ ਸਪੱਸ਼ਟ ਹੈ ਕਿ ਇਹ ਬਾਇਨਡਿੰਗ ਆਰਬਿਟ੍ਰੇਸ਼ਨ ਧਿਰਾਂ ਲਈ ਇੱਕ ਅੰਤਮ ਮੌਕਾ ਹੈ ਜਿਸ ਨਾਲ ਉਹ ਆਪਣੇ ਵਿਵਾਦਾਂ ਨੂੰ ਹੱਲ ਕਰ ਸਕਣ ਅਤੇ ਕੈਨੇਡੀਅਨ ਉਪਭੋਗਤਾਵਾਂ ਅਤੇ ਕਾਰੋਬਾਰਾਂ ਨੂੰ ਹੋ ਰਹੇ ਨੁਕਸਾਨ ਤੋਂ ਬਚ ਸਕਣ।

ਸਾਹ ਦੀ ਬਿਮਾਰੀ ਦੇ ਮੌਸਮ ਲਈ ਸਿਹਤਮੰਦ ਆਦਤਾਂ

ਇਹ ਸਹੀ ਸਮਾਂ ਹੈ। ਫਲੂ ਅਤੇ ਅੱਪਡੇਟ ਕੀਤੇ ਕੋਵਿਡ ਸ਼ਾਟ ਲਗਵਾਓ।


ਅਤੇ ਇਹਨਾਂ ਵਾਧੂ ਸਿਹਤਮੰਦ ਆਦਤਾਂ ਦੀ ਪਾਲਣਾ ਕਰਨਾ ਯਾਦ ਰੱਖੋ।

ਖੰਘਦੇ ਅਤੇ ਛਿੱਕਦੇ ਸਮੇਂ ਮੂੰਹ ਢਕੋ।

ਆਪਣੇ ਹੱਥਾਂ ਨੂੰ ਵਾਰ-ਵਾਰ ਸਾਫ਼ ਕਰੋ ਜਾਂ ਸੈਨੇਟਾਈਜ਼ ਕਰੋ।

ਜੇਕਰ ਤੁਸੀਂ ਬਿਮਾਰ ਹੋ ਤਾਂ ਘਰ ਰਹੋ।

ਆਪਣੀ ਅਤੇ ਦੂਜਿਆਂ ਦੀ ਸੁਰੱਖਿਆ ਵਿੱਚ ਮਦਦ ਕਰੋ।



BRITISH COLUMBIA

HealthyHabitsBC.ca

ਗੁਰੂ ਨਾਨਕ ਸਾਹਿਬ ਜੀ ਦੇ 555ਵੇਂ ਪ੍ਰਕਾਸ਼ ਦਿਹਾੜੇ
ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ

# PINE LIGHTING

## WE CARRY ALL MAJOR BRANDS

## YOU WILL SAVE MONEY

**Gurpreet Dhillon**
gurpreet@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Christine Dear**
christine@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Michelle Trafford**
michelle@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Jass Sidhu**
Jaskaran@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Erin McNab**
erin@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

# 604-591-8895

ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।

**6878 King Gorge Blvd Same Building, Different Unit**

**6878 King Gorge Blvd. Surrey**





# BC BOTTLE DEPOT

## ALL MILK CONTAINERS ARE REFUNDABLE

**SCOTT ROAD SURREY**
Bottle Return Depot
12111 86th Ave, Surrey BC
604-543-0606
Open 9.00 A M— 6.00 PM
DROP OFF : Electronics, Paint, Solvent, Pesticide and Gasoline

**SOUTH VANCOUVER**
Bottle Return Depot
34E 69th Ave, Vancouver BC
604-325-3370
Open 8.30 A M— 5.30 PM
DROP OFF : Paint, Solvent, Pesticide Electronics and Gasoline

**GUILDFORD, SURREY**
Bottle Return Depot
100 14727 108 A Avenue, Surrey BC
604-588-4489
Open 9.00 A M— 6.00 PM
Electronics & Paint Drop Off Only

**WALNUT GROVE LANGLEY**
Bottle Return Depot
#8-20280 97th Ave, Walnut Grove BC
604-513-0420
Open 9.00 A M— 6.00 PM
DROP OFF
Paint & Electronics Only

**LANGLEY**
Bottle Return Depot
20137 Industrial Ave, Langley,
604-534-0171
Open 8.30 AM — 5.30 PM
DROP OFF
Paint & Electronics Only

**MAPLE RIDGE**
Bottle Return Depot
15 20475 Lougheed Hwy
Maple Ridge BC
604-465-8900
Open 9.00 A M— 6.00 PM
Electronics Drop Off

**EXPRESS SERVICES AVAILABLE ON ALL LOCATIONS**

Please go to the nearest bottle depot in your area . We are open 7 days a week (except holidays)

# KULBIR RANA
# 604-916-3737

BC Bottle Depot exclusives
- FULL DEPOSIT on most pop & Beverage containers.
- NO LIMIT to the numbers you can return.
- FULL DEPOSIT beer cans & bottles - 10 cents each.
- FULL DEPOSIT on wine & Spirit containers.
- Bottle drive specialist

For general inquiries, please contact Kulbir Rana | krana@bcbottledepot.com


ੴ
ਸ੍ਰੀ ਗੁਰੂ ਨਾਨਕ ਦੇਵ ਜੀ ਦੇ
555ਵੇਂ ਪ੍ਰਕਾਸ਼ ਪੁਰਬ
ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ
ਕਿਰਤ ਕਰੋ
ਨਾਮ ਜਪੋ
ਵੰਡ ਛਕੋ
ਕਿਰਤ ਕਰੋ
ਨਾਮ ਜਪੋ
ਵੰਡ ਛਕੋ
ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ
Celebrate with savings!
MR. LUBE
SAVE $20 OFF INVOICE
ਬੱਚਤਾਂ ਨਾਲ ਜਸ਼ਨ ਮਨਾਓ!
WARRANTY-APPROVED OIL CHANGES.
NO APPOINTMENT NEEDED.
OPEN EVERY DAY
NOW HIRING APPLY ON SITE ANY TIME
Visit one of our locations:
Vancouver
520 SE Marine Dr, V5X 2T4
604 216 5823
North Vancouver
1790 Marine Dr, V7P 1V2
604 987 8006
Surrey
2299 King George Blvd V4A 5A4
604 560 6100
Langley
20112 Fraser Hwy BC, V3A 4E5
604-532-5990
Langley
9228 200 Street BC, V1M 3A3
778-705-9299
Or visit any other of our Greater Vancouver locations.
ਹੁਣ ਖੁੱਲ੍ਹਾ ਹੈ। ਅਸੀਂ ਤੁਹਾਡੀ ਬੋਲੀ ਵਿਚ ਗੱਲ ਕਰਦੇ ਹਾਂ।
ਹਫਤੇ ਵਿਚ 7 ਦਿਨ ਖੁੱਲ੍ਹਦਾ ਹੈ। ਕੋਈ ਅਪੌਇੰਟਮੈਂਟ ਬਣਾਉਣ ਦੀ ਲੋੜ ਨਹੀਂ। ਵਾਰੰਟੀ ਵਲੋਂ ਮਨਜ਼ੂਰਸ਼ੁਦਾ ਤੇਲ ਬਦਲੀਆਂ।



SABZI MANDI SUPERMARKET
Serving our Community since 2003
KELOWNA LOCATION NOW OPEN!!!
VISIT UP FOR OPENING SPECIALS AND THE BEST PRICES IN ALL OF KELOWNA
HOT PRICE FRESH FENUGREEK METHI ਮੇਥੀ Bunch 1.69 ea
HOT PRICE FRESH TOMATOES ਟਮਾਟਰ 99¢ /lb
HOT PRICE JUMBO CAULIFLOWER ਗੋਭੀ 2.99 ea
HOT PRICE FRESH CILANTRO ਧਨੀਆਂ Bunch 2 for 99¢
ALOKOZAY CANOLA OIL ਐਲੋਕੋਜ਼ੇ ਕਨੋਲਾ ਤੇਲ 3L 9.99 ea
UNBEATABLE DEAL
LEHAR GACHAK ਲੇਹਰ ਗੱਚਕ 400g 2.99 ea
LEHAR Peanut GACHAK
US #1 POTATOES ਆਲੂ 10lb 3.99 ea
ROSHNI BASMATI RICE ਰੋਸ਼ਨੀ ਬਾਸਮਤੀ ਚਾਵਲ 8lb 8.99 ea
EXTRA FANCY RED ONIONS ਲਾਲ ਗੰਢੇ 25lb 18.99 ea
TATA AGNI TEA ਟਾਟਾ ਅੱਗਣੀ ਚਾਹ 1kg 9.99 ea
ROYAL 6-COMPARTMENT PARTY TRAYS ਰੋਯਲ ਪਾਰਟੀ ਪਲੇਟ 40 pack 6.99 ea
MERI CHAI TEA ਮੇਰੀ ਚਾਹ 216's 5.99 ea
BROWN SUGAR ਭੂਰੀ ਖੰਡ 8lb 6.99 ea
BC GREEN CABBAGE ਪੱਤ ਗੋਭੀ 69¢ /lb
AAP KI PASAND COOKIES ਆਪ ਕੀ ਪਸੰਦ ਕੁਕੀਆਂ 2.2lb 5.99 ea
ALMOND OIL ਬਦਾਮ ਤੇਲ 1L 12.99 ea
AASHIRVAAD MULTIGRAIN FLOUR ਆਸ਼ਿਰਵਾਦ ਮੱਲਟੀਗਰੇਨ ਆਟਾ 10lb 9.99 ea
AASHIRVAAD ATTA ਆਸ਼ਿਰਵਾਦ ਆਟਾ 20lb 14.99 ea
FRESH OPO ਲੌਕੀ 1.29 /lb
PUNJABI BY NATURE SUJI RUSK ਪੰਜਾਬੀ ਬਾਈ ਨੇਚਰ ਸੂਜੀ ਰੱਸਕ 600g 4.99 ea
PEELED GARLIC ਲਸਣ 5lb Jar 11.99 ea
AMBROSIA APPLES ਐਮਬਰੋਜ਼ਾ ਸੇਬ 99¢ /lb
BC GALA APPLES ਬੀ.ਸੀ. ਗੈਲਾ ਸੇਬ 88¢ /lb
LONG ENGLISH CUCUMBERS ਖੀਰੇ 1.29 ea
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. November 15, 2024 - Wed. November 20, 2024
MasterCard VISA AMERICAN EXPRESS Interac
American Express accepted at three locations.
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
You can also visit us online at www.sabzimandicanada.com